




PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611
18 ਅਪ੍ਰੈਲ ਤੋਂ 24 ਅਪ੍ਰੈਲ, 2024
Email :- editor@punjabstar.com, Vo. 20. Issue:1131


## ਮਹਾਰਾਸ਼ਟਰ 'ਚ ਵੱਡਾ ਹਾਦਸਾ, ਜਲਗਾਓਂ ਦੀ ਕੈਮੀਕਲ ਫੈਕਟਰੀ 'ਚ ਲੱਗੀ ਭਿਆਨਕ ਅੱਗ, 17 ਮਜ਼ਦੂਰ ਝੁਲਸੇ



ਪੰਜਾਬ ਸਟਾਰ ਬਿਊਰੋ

ਮਹਾਰਾਸ਼ਟਰ ਦੇ ਜਲਗਾਓਂ 'ਚ ਸਥਿਤ ਇਕ ਕੈਮੀਕਲ ਫੈਕਟਰੀ 'ਚ ਅੱਗ ਲੱਗਣ ਕਾਰਨ 17 ਤੋਂ ਵੱਧ ਮਜ਼ਦੂਰ ਝੁਲਸ ਗਏ ਹਨ। ਉੱਥੇ ਇੱਕ ਦੀ ਮੌਤ ਹੋ ਗਈ। ਜਾਣਕਾਰੀ ਮੁਤਾਬਕ ਫੈਕਟਰੀ 'ਚ ਅਜੇ ਵੀ ਕਈ ਮਜ਼ਦੂਰ ਫਸੇ ਹੋਏ ਹਨ। ਜਲਗਾਓਂ ਜ਼ਿਲ੍ਹੇ ਦੇ ਐੱਮ.ਆਈ.ਡੀ.ਸੀ. ਇਲਾਕੇ 'ਚ ਸਥਿਤ ਮੋਰਿਆ ਕੈਮੀਕਲ ਕੰਪਨੀ 'ਚ ਅਚਾਨਕ ਅੱਗ ਲੱਗਣ ਤੋਂ ਬਾਅਦ ਜ਼ਬਰਦਸਤ ਕੈਮੀਕਲ ਧਮਾਕੇ ਹੋਏ , ਜਿਸ ਕਾਰਨ ਲੋਕਾਂ 'ਚ ਡਰ ਦਾ ਮਾਹੌਲ ਹੈ।

ਇਸ ਘਟਨਾ ਸਮੇਂ ਕੰਪਨੀ 'ਚ ਕਰਮਚਾਰੀ ਕੰਮ ਕਰ ਰਹੇ ਸਨ ਪਰ ਜਿਵੇਂ ਹੀ ਉਨ੍ਹਾਂ ਨੂੰ ਅੱਗ ਦੀ ਘਟਨਾ ਬਾਰੇ ਪਤਾ ਲੱਗਿਆ ਤਾਂ ਕਈ ਮਜ਼ਦੂਰ ਸੁਰੱਖਿਅਤ ਬਾਹਰ ਆ ਗਏ, ਜਦਕਿ ਕਈ ਮਜ਼ਦੂਰਾਂ ਦੇ ਮੌਕੇ 'ਤੇ ਹੀ ਫਸੇ ਹੋਣ ਦਾ ਖਦਸ਼ਾ ਹੈ। ਫਾਇਰ ਬ੍ਰਿਗੇਡ ਦੀਆਂ 40 ਗੱਡੀਆਂ ਅੱਗ ਬੁਝਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ।

ਫਾਇਰ ਬ੍ਰਿਗੇਡ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਕੈਮੀਕਲ ਕੰਪਨੀ ਵਿੱਚ ਅੱਗ ਵਧਦੀ ਜਾ ਰਹੀ ਹੈ ,ਜਿਸ ਕਾਰਨ ਅੱਗ ਬੁਝਾਉਣ ਵਿੱਚ ਮੁਸ਼ਕਲ ਆ ਰਹੀ ਹੈ। ਫਾਇਰ ਅਫਸਰ ਨੇ ਦੱਸਿਆ ਕਿ ਅੱਗ ਦਾ ਘੇਰਾ ਘੱਟ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਆਸ-ਪਾਸ ਦੀਆਂ ਕੰਪਨੀਆਂ ਨੂੰ ਖਾਲੀ ਕਰਵਾ ਲਿਆ ਗਿਆ ਹੈ। ਅੱਗ ਲੱਗਣ ਦੇ ਕਾਰਨਾਂ ਦਾ ਅਜੇ ਤੱਕ ਪਤਾ ਨਹੀ ਲੱਗ ਸਕਿਆ ਹੈ। ਕੰਪਨੀ 'ਚ ਅੱਗ ਦੀਆਂ ਲਪਟਾਂ ਦੂਰੋਂ ਦੇਖੀਆਂ ਜਾ ਸਕਦੀਆਂ ਹਨ ਅਤੇ ਇਲਾਕੇ 'ਚ ਕੈਮੀਕਲ ਦਾ ਧੂੰਆਂ ਫੈਲ ਗਿਆ ਹੈ, ਜਿਸ ਕਾਰਨ ਲੋਕਾਂ ਨੂੰ ਸਾਹ ਲੈਣ 'ਚ ਦਿੱਕਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

## ਅਹਿਮਦਾਬਾਦ-ਵਡੋਦਰਾ ਐਕਸਪ੍ਰੈਸ ਵੇਅ 'ਤੇ ਵੱਡਾ ਹਾਦਸਾ, ਕਾਰ 'ਚ ਸਵਾਰ 10 ਲੋਕਾਂ ਦੀ ਮੌਤ

ਪੰਜਾਬ ਸਟਾਰ ਬਿਊਰੋ

ਗੁਜਰਾਤ 'ਚ ਅਹਿਮਦਾਬਾਦ-ਵਡੋਦਰਾ ਐਕਸਪ੍ਰੈਸ ਵੇਅ 'ਤੇ ਨਡਿਆਦ ਨੇੜੇ ਇਕ ਭਿਆਨਕ ਸੜਕ ਹਾਦਸਾ ਵਾਪਰਿਆ ਹੈ। ਇਸ 'ਚ 10 ਲੋਕਾਂ ਦੀ ਮੌਤ ਹੋ ਗਈ ਹੈ। ਇਸ ਦੇ ਨਾਲ ਹੀ ਇੱਕ ਵਿਅਕਤੀ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ।



ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਪਿੱਛੇ ਤੋਂ ਆ ਰਹੀ ਇੱਕ ਤੇਜ਼ ਰਫ਼ਤਾਰ ਕਾਰ ਟਰਾਲੇ ਨਾਲ ਟਕਰਾ ਗਈ। ਕਾਰ ਵਡੋਦਰਾ ਤੋਂ ਅਹਿਮਦਾਬਾਦ ਜਾ ਰਹੀ ਸੀ। ਪੁਲਸ ਨੇ ਦੱਸਿਆ ਕਿ ਕਾਰ 'ਚ ਸਵਾਰ ਸਾਰੇ 10 ਲੋਕਾਂ ਦੀ ਮੌਤ ਹੋ ਗਈ। ਇਨ੍ਹਾਂ 'ਚੋ 8 ਲੋਕਾਂ ਦੀ ਹਾਦਸੇ ਤੋਂ ਬਾਅਦ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ 2 ਲੋਕਾਂ ਦੀ ਹਸਪਤਾਲ ਲਿਜਾਂਦੇ ਸਮੇਂ ਮੌਤ ਹੋ ਗਈ। ਇਸ ਹਾਦਸੇ ਦੀ ਸੂਚਨਾ ਮਿਲਦੇ ਹੀ 108 ਦੀਆਂ ਦੋ ਐਂਬੂਲੈਂਸਾਂ ਮੌਕੇ 'ਤੇ ਪਹੁੰਚ ਗਈਆਂ। ਇਸ ਤੋਂ ਇਲਾਵਾ ਐਕਸਪ੍ਰੈਸ ਹਾਈਵੇਅ ਪੈਟਰੋਲਿੰਗ ਟੀਮ ਵੀ ਰਾਹਤ ਅਤੇ ਬਚਾਅ ਕਾਰਜਾਂ ਲਈ ਮੌਕੇ 'ਤੇ ਪਹੁੰਚ ਗਈ ਸੀ। ਇਸ ਹਾਦਸੇ ਕਾਰਨ ਐਕਸਪ੍ਰੈਸ ਵੇਅ 'ਤੇ ਜਾਮ ਲੱਗ ਗਿਆ।

## ਅਮਰੀਕਾ 'ਚ ਗੋਲੀਬਾਰੀ ਦੌਰਾਨ 2 ਪੁਲਿਸ ਅਫਸਰਾਂ ਦੀ ਮੌਤ

### -ਮੁਕਾਬਲੇ 'ਚ ਇਕ ਸ਼ੱਕੀ ਹਮਲਾਵਰ ਵੀ ਮਾਰਿਆ ਗਿਆ



ਸੈਕਰਾਮੈਂਟੋ (ਪੰਜਾਬ ਸਟਾਰ ਬਿਊਰੋ) : ਸਿਰਾਕੁਜ, ਨਿਊਯਾਰਕ ਨੇੜੇ ਪੁਲਿਸ ਤੇ ਸ਼ੱਕੀਆਂ ਵਿਚਾਲੇ ਹੋਏ ਮੁਕਾਬਲੇ ਵਿਚ 2 ਲਾਅ ਇਨਫੋਰਸਮੈਂਟ ਅਫਸਰਾਂ ਦੀ ਮੌਤ ਹੋਣ ਦੀ ਖਬਰ ਹੈ। ਇਕ ਟਰੈਫਿਕ ਸਟਾਪ ਤੋਂ ਸ਼ੁਰੂ ਹੋਏ ਇਸ ਮੁਕਾਬਲੇ ਵਿਚ ਇਕ ਸ਼ੱਕੀ ਹਮਲਾਵਰ ਦੀ ਵੀ ਮੌਤ ਹੋ ਗਈ। ਚੀਫ ਜੋਸਫ ਸੀਸਿਲੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਹੈ ਕਿ ਸਿਰਕੁਜ ਪੁਲਿਸ ਵਿਭਾਗ ਦੇ 2 ਅਫਸਰਾਂ ਨੇ ਇਕ ਸ਼ੱਕੀ ਵਾਹਣ ਨੂੰ ਰੋਕਣ ਦਾ ਯਤਨ ਕੀਤਾ ਪਰੰਤੂ ਡਰਾਈਵਰ ਵਾਹਣ ਭਜਾ ਕੇ ਲੈ ਗਿਆ। ਬਾਅਦ ਵਿਚ ਵਾਹਣ ਦੀ ਲਾਇਸੰਸ ਪਲੇਟ ਤੋਂ ਉਸ ਨੂੰ ਲਿਵਰਪੂਲ ਨੇੜੇ ਇਕ ਘਰ ਵਿਚ ਲੱਭ ਲਿਆ ਗਿਆ। ਜਦੋਂ ਪੁਲਿਸ ਅਫਸਰ ਘਰ ਦੇ ਬਾਹਰ ਖੜ੍ਹੇ ਵਾਹਣ ਦੀ ਜਾਂਚ ਕਰ ਰਹੇ ਸਨ, ਤਾਂ ਘਰ ਦੇ ਅੰਦਰੋਂ ਚੱਲੀਆਂ ਗੋਲੀਆਂ ਨਾਲ ਦੋ ਪੁਲਿਸ ਅਫਸਰ ਮਾਰੇ ਗਏ। ਘੱਟੋ-ਘੱਟ ਇਕ ਸ਼ੱਕੀ ਵੀ ਮੁਕਾਬਲੇ ਦੌਰਾਨ ਢੇਰ ਹੋ ਗਿਆ। ਮੇਅਰ ਬੇਨ ਵਾਲਸ਼ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ "ਸਿਰਾਕੁਜ ਦੇ ਇਤਿਹਾਸ ਵਿਚ ਇਹ ਕਾਲਾ ਦਿਨ ਹੈ। ਸਾਡੀ ਹਮਦਰਦੀ ਮਾਰੇ ਗਏ 2 ਅਫਸਰਾਂ ਦੇ ਪਰਿਵਾਰਾਂ ਨਾਲ ਹੈ, ਜੋ ਸਾਡੇ ਹੀਰੋ ਸਨ।" ਇਸ ਘਟਨਾ ਵਿਚ ਮਰਨ ਵਾਲੇ ਪੁਲਿਸ ਅਫ਼ਸਰਾਂ ਵਿਚੋਂ ਇੱਕ ਨੇ ਸਿਰਫ਼ ਤਿੰਨ ਸਾਲ ਪਹਿਲਾਂ ਹੀ ਪੁਲਿਸ ਸੇਵਾ ਜੁਆਇਨ ਕੀਤੀ ਸੀ। ਸਿਰਾਕੁਜ ਦੇ ਮੇਅਰ ਬੇਨ ਵਾਲਸ਼ ਨੇ ਇਸ ਘਟਨਾ 'ਤੇ ਅਫਸੋਸ ਪ੍ਰਗਟ ਕੀਤਾ, ਇਸ ਨੂੰ ਸ਼ਹਿਰ ਦੀ ਹੁਣ ਤੱਕ ਦੀ ਸਭ ਤੋਂ ਮੰਦਭਾਗੀ ਘਟਨਾ ਵੀ ਦੱਸਿਆ। ਅਮਰੀਕਾ ਵਿਚ ਹਰ ਵਾਰ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ ਅਤੇ ਬੰਦੂਕ ਸੱਭਿਆਚਾਰ 'ਤੇ ਸਵਾਲ ਵੀ ਉਠਾਏ ਜਾਂਦੇ ਹਨ ਪਰ ਅਜੇ ਤੱਕ ਕੋਈ ਵੀ ਸਰਕਾਰ ਇਸ ਨੂੰ ਰੋਕਣ ਲਈ ਠੋਸ ਕਦਮ ਨਹੀਂ ਚੁੱਕ ਸਕੀ। ਬੰਦੂਕ ਅਪਰਾਧਾਂ ਵਿਚ ਹਰ ਸਾਲ ਕਿੰਨੇ ਹੀ ਲੋਕ ਮਰਦੇ ਹਨ। ਅੰਕੜਿਆਂ ਅਨੁਸਾਰ, ਸਾਲ 2021 'ਚ ਅਮਰੀਕਾ ਵਿਚ 81 ਫੀਸਦੀ ਕਤਲ ਬੰਦੂਕ ਅਪਰਾਧ ਨਾਲ ਸਬੰਧਤ ਸਨ ਅਤੇ ਇਹ ਗਿਣਤੀ 26,031 ਸੀ। ਹਾਲਾਂਕਿ 2023 'ਚ ਇਹ ਅੰਕੜਾ 40 ਹਜ਼ਾਰ ਨੂੰ ਪਾਰ ਕਰ ਗਿਆ ਸੀ। ਇੱਕ ਰਿਪੋਰਟ ਅਨੁਸਾਰ 01 ਜਨਵਰੀ, 2023 ਤੋਂ 07 ਦਸੰਬਰ 2023 ਤੱਕ ਅਮਰੀਕਾ ਵਿਚ ਬੰਦੂਕ ਹਿੰਸਾ ਵਿਚ 40,000 ਲੋਕਾਂ ਦੀ ਜਾਨ ਚਲੀ ਗਈ, ਜਿਸ ਦਾ ਮਤਲਬ ਹੈ ਕਿ ਸਾਲ 2023 'ਚ ਅਮਰੀਕਾ ਵਿਚ ਹਰ ਰੋਜ਼ 118 ਲੋਕਾਂ ਦੀ ਗੋਲੀਆਂ ਲੱਗਣ ਕਾਰਨ ਮੌਤ ਹੋਈ।

## ਟੋਰਾਂਟੋ ਤੋਂ 400 ਕਿਲੋ ਸੋਨਾ ਲੁੱਟਣ ਦੇ ਮਾਮਲੇ ਵਿੱਚ ਗ੍ਰਿਫ਼ਤਾਰੀਆਂ

### ਪੀਲ ਰੀਜਨਲ ਪੁਲਿਸ ਨੇ ਇਕ ਸਾਲ ਪੁਰਾਣਾ ਮਾਮਲਾ ਸੁਲਝਾਇਆ




ਮਿਸੀਸਾਗਾ, (ਬਲਜਿੰਦਰ ਸੇਖਾ): ਟੋਰਾਂਟੋ ਦੇ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਤੋਂ 400 ਕਿਲੋ ਸੋਨਾ ਲੁੱਟਣ ਦੇ ਮਾਮਲੇ ਵਿਚ ਪੀਲ ਰੀਜਨਲ ਪੁਲਿਸ ਨੇ ਨੇ ਗ੍ਰਿਫ਼ਤਾਰੀਆਂ ਕਰਨ ਦਾ ਐਲਾਨ ਕੀਤਾ ਹੈ। ਦੋ ਕਰੋੜ ਡਾਲਰ ਤੋਂ ਵੱਧ ਮੁੱਲ ਦਾ ਸੋਨਾ ਪਿਛਲੇ ਸਾਲ 17 ਅਪ੍ਰੈਲ ਨੂੰ ਹਵਾਈ ਅੱਡੇ 'ਤੇ ਪੁੱਜੇ ਇਕ ਕੰਟੇਨਰ ਵਿਚੋਂ ਚੋਰੀ ਕੀਤਾ ਗਿਆ ਸੀ। ਪੀਲ ਰੀਜਨਲ ਪੁਲਿਸ ਨੇ ਦੱਸਿਆ ਕਿ ਬੁੱਧਵਾਰ ਸਵੇਰੇ 8.30 ਵਜੇ 'ਪ੍ਰੋਜੈਕਟ 24-ਕੇ' ਦੇ ਨਤੀਜਿਆਂ ਦਾ ਐਲਾਨ ਕੀਤਾ ਜਾਵੇਗਾ।

ਪੀਅਰਸਨ ਇੰਟਰਨੈਸ਼ਨਲ ਏਅਰਪੋਰਟ 'ਤੇ ਅਕਸਰ ਹੀ ਵਿਦੇਸ਼ਾਂ ਤੋਂ ਆਉਣ ਵਾਲਾ ਅਤੇ ਕੈਨੇਡਾ ਤੋਂ ਵੱਖ ਵੱਖ ਮੁਲਕਾਂ ਵਿਚ ਭੇਜਿਆ ਜਾਣ ਵਾਲਾ ਸੋਨਾ ਪਹੁੰਚਦਾ ਹੈ। 17 ਅਪ੍ਰੈਲ 2023 ਦੀ ਵਾਰਦਾਤ ਹੈਰਾਨਕੁੰਨ ਰਹੀ ਕਿਉਂਕਿ ਕਿਸੇ ਨੂੰ ਕੰਨੋ ਕੰਨ ਖਬਰ ਨਾ ਹੋ ਸਕੀ ਕਿ ਐਨਾ ਸੋਨਾ ਲੁੱਟਿਆ ਜਾ ਚੁੱਕਾ ਹੈ। ਸੋਨੇ ਦੀ ਲੁੱਟ ਏਅਰ ਕੈਨੇਡਾ ਦੇ ਕਾਰਗੋ ਰੱਖਣ ਵਾਲੇ ਇਲਾਕੇ ਵਿਚੋਂ ਹੋਈ ਜਿਸ ਦੇ ਮੱਦੇਨਜ਼ਰ ਬ੍ਰਿੰਕਸ ਇੰਟਰਨੈਸ਼ਨਲ ਵੱਲੋਂ ਏਅਰ ਕੈਨੇਡਾ ਵਿਰੁੱਧ ਮੁਕੱਦਮਾ ਦਾਇਰ ਕੀਤਾ ਗਿਆ ਕਿ ਜਾਲੀ ਦਸਤਾਵੇਜ਼ਾਂ ਦੇ ਆਧਾਰ 'ਤੇ ਸੋਨਾ ਲੁਟੇਰਿਆਂ ਨੂੰ ਦੇ ਦਿਤਾ ਗਿਆ। ਏਅਰ ਕੈਨੇਡਾ ਇਨ੍ਹਾਂ ਦੋਸ਼ਾਂ ਨੂੰ ਸਰਾਸਰ ਖਾਰਜ ਕਰ ਚੁੱਕੀ ਹੈ।

## ਯੂਕਰੇਨ ਦੇ ਚੇਰਨੀਹਿਵ 'ਚ ਰੂਸੀ ਮਿਜ਼ਾਈਲ ਹਮਲੇ 'ਚ 14 ਲੋਕਾਂ ਦੀ ਮੌਤ

ਪੰਜਾਬ ਸਟਾਰ ਬਿਊਰੋ

ਕੀਵ: ਉੱਤਰੀ ਯੂਕਰੇਨ ਦੇ ਚੇਰਨੀਹਿਵ 'ਚ ਬੁਧਵਾਰ ਨੂੰ ਰੂਸ ਦੀਆਂ ਤਿੰਨ ਮਿਜ਼ਾਈਲਾਂ ਨੇ ਇਕ ਅੱਠ ਮੰਜ਼ਿਲਾ ਇਮਾਰਤ ਨੂੰ ਨਿਸ਼ਾਨਾ ਬਣਾਇਆ, ਜਿਸ 'ਚ 14 ਲੋਕਾਂ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿਤੀ। ਯੂਕਰੇਨ ਦੀ ਐਮਰਜੈਂਸੀ ਸੇਵਾ ਨੇ ਦਸਿਆ ਕਿ ਹਮਲੇ 'ਚ ਦੋ ਬੱਚਿਆਂ ਸਮੇਤ ਘੱਟੋ-ਘੱਟ 61 ਲੋਕ ਜ਼ਖਮੀ ਹੋਏ ਹਨ। ਚੇਰਨੀਹਿਵ ਯੂਕਰੇਨ ਦੀ ਰਾਜਧਾਨੀ ਕੀਵ ਤੋਂ ਲਗਭਗ 150 ਕਿਲੋਮੀਟਰ ਉੱਤਰ 'ਚ, ਰੂਸ ਅਤੇ ਬੇਲਾਰੂਸ ਦੀ ਸਰਹੱਦ ਦੇ ਨੇੜੇ ਸਥਿਤ ਹੈ ਅਤੇ ਇਸ ਦੀ ਆਬਾਦੀ ਲਗਭਗ 250,000 ਹੈ।

ਜੰਗ ਦੇ ਤੀਜੇ ਸਾਲ 'ਚ ਦਾਖਲ ਹੋਣ ਦੇ ਨਾਲ ਹੀ ਰੂਸ ਯੂਕਰੇਨ 'ਚ ਲਾਭ ਪ੍ਰਾਪਤ ਕਰਨਾ ਜਾਰੀ ਰੱਖਦਾ ਹੈ। ਯੂਕਰੇਨ ਨੂੰ ਵਾਧੂ ਫੌਜੀ ਸਾਜ਼ੋ-ਸਾਮਾਨ ਮੁਹੱਈਆ ਕਰਵਾਉਣ ਤੋਂ ਪਛਮੀ ਦੇਸ਼ਾਂ ਦਾ ਇਨਕਾਰ ਰੂਸ ਵਿਰੁਧ ਜੰਗ ਵਿਚ ਉਸ ਦੀ ਸਥਿਤੀ ਨੂੰ ਕਮਜ਼ੋਰ ਕਰ ਰਿਹਾ ਹੈ। ਹਾਲਾਂਕਿ, ਸਰਦੀਆਂ ਦੇ ਮਹੀਨਿਆਂ ਦੌਰਾਨ, ਰੂਸ ਜੰਗ ਦੀਆਂ ਫਰੰਟ ਲਾਈਨਾਂ 'ਤੇ ਕੋਈ ਤਰੱਕੀ ਕਰਨ 'ਚ ਅਸਮਰੱਥ ਸੀ। ਯੂਕਰੇਨ ਦੇ ਰਾਸ਼ਟਰਪਤੀ ਵੋਲੋਡੀਮੀਰ ਜ਼ੇਲੈਂਸਕੀ ਨੇ ਪਛਮੀ ਦੇਸ਼ਾਂ ਨੂੰ ਅਪੀਲ ਕੀਤੀ ਹੈ ਕਿ ਉਹ ਉਨ੍ਹਾਂ ਦੇ ਦੇਸ਼ ਨੂੰ ਵਧੇਰੇ ਹਵਾਈ ਰੱਖਿਆ ਪ੍ਰਣਾਲੀਆਂ ਪ੍ਰਦਾਨ ਕਰਨ। ਉਨ੍ਹਾਂ ਨੇ ਚੇਰਨੀਹਿਵ ਹਮਲੇ ਬਾਰੇ ਕਿਹਾ ਕਿ ਜੇਕਰ ਯੂਕਰੇਨ ਕੋਲ ਲੋੜੀਂਦੇ ਹਵਾਈ ਰੱਖਿਆ ਉਪਕਰਣ ਹੁੰਦੇ ਅਤੇ ਰੂਸੀ ਅਤਿਵਾਦ ਦਾ ਮੁਕਾਬਲਾ ਕਰਨ ਲਈ ਦੁਨੀਆਂ ਦਾ ਦ੍ਰਿੜ ਇਰਾਦਾ ਹੁੰਦਾ ਤਾਂ ਅਜਿਹਾ ਨਾ ਹੁੰਦਾ।



ਜ਼ੇਲੈਂਸਕੀ ਨੇ ਇਸ ਹਫਤੇ ਦੇ ਸ਼ੁਰੂ ਵਿਚ ਪ੍ਰਸਾਰਿਤ ਇਕ ਇੰਟਰਵਿਊ ਵਿਚ ਪੀਬੀਐਸ ਨੂੰ ਦਸਿਆ ਕਿ ਮਿਜ਼ਾਈਲ ਅਤੇ ਡਰੋਨ ਹਮਲਿਆਂ ਤੋਂ ਬਚਾਅ ਕਰਦੇ ਹੋਏ ਯੂਕਰੇਨ ਵਿਚ ਹਵਾਈ ਰੱਖਿਆ ਮਿਜ਼ਾਈਲਾਂ ਖਤਮ ਹੋ ਗਈਆਂ ਸਨ। ਰੂਸ ਨੇ ਹਾਲ ਹੀ 'ਚ ਇਕ ਹਮਲੇ 'ਚ ਯੂਕਰੇਨ ਦੇ ਸੱਭ ਤੋਂ ਵੱਡੇ ਪਾਵਰ ਪਲਾਂਟਾਂ 'ਚੋ ਇਕ ਨੂੰ ਤਬਾਹ ਕਰ ਦਿਤਾ ਸੀ। ਯੂਕਰੇਨ ਦੇ ਵਿਦੇਸ਼ ਮੰਤਰੀ ਦਿਮਿਤਰੋ ਕੁਲੇਬਾ ਨੇ ਇਟਲੀ ਵਿਚ ਸੱਤ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੀ ਬੈਠਕ ਤੋਂ ਪਹਿਲਾਂ ਜ਼ੇਲੈਂਸਕੀ ਦੀ ਹੋਰ ਮਦਦ ਦੀ ਅਪੀਲ ਦੁਹਰਾਈ। ਕੁਲੇਬਾ ਨੇ ਕਿਹਾ ਕਿ ਸਾਨੂੰ ਅਪਣੇ ਸ਼ਹਿਰਾਂ ਅਤੇ ਆਰਥਕ ਕੇਂਦਰਾਂ ਨੂੰ ਤਬਾਹੀ ਤੋਂ ਬਚਾਉਣ ਲਈ ਘੱਟੋ-ਘੱਟ ਸੱਤ ਹੋਰ ਪੈਟਰੀਅਟ ਬੈਟਰੀਆਂ (ਮਿਜ਼ਾਈਲ ਪ੍ਰਣਾਲੀਆਂ) ਦੀ ਜ਼ਰੂਰਤ ਹੈ। ਸਮੱਸਿਆ ਕੀ ਹੈ?

ਯੂਕਰੇਨ ਲਈ ਇਕ ਅਜੀਬ ਤੱਥ ਵਾਸ਼ਿੰਗਟਨ ਵਿਚ ਸਹਾਇਤਾ ਪੈਕੇਜ ਦੀ ਮਨਜ਼ੂਰੀ ਨੂੰ ਰੋਕਣਾ ਹੈ ਜਿਸ ਵਿਚ ਯੂਕਰੇਨ ਲਈ ਲਗਭਗ 60 ਅਰਬ ਅਮਰੀਕੀ ਡਾਲਰ ਸ਼ਾਮਲ ਹਨ. ਅਮਰੀਕੀ ਪ੍ਰਤੀਨਿਧੀ ਸਭਾ ਦੇ ਸਪੀਕਰ ਮਾਈਕ ਜਾਨਸਨ ਨੇ ਐਤਵਾਰ ਨੂੰ ਕਿਹਾ ਕਿ ਉਹ ਇਸ ਹਫਤੇ ਪੈਕੇਜ ਨੂੰ ਵਧਾਉਣ ਦੀ ਕੋਸ਼ਿਸ਼ ਕਰਨਗੇ। ਵਾਸ਼ਿੰਗਟਨ ਸਥਿਤ ਥਿੰਕ ਟੈਂਕ ਇੰਸਟੀਚਿਊਟ ਫਾਰ ਦਿ ਸਟੱਡੀ ਆਫ ਵਾਰ (ਆਈ.ਐਸ.ਡਬਲਯੂ.) ਦੇ ਅਨੁਸਾਰ, ਯੂਕਰੇਨ ਫੌਜੀ ਉਪਕਰਣਾਂ ਦੀ ਤੇਜ਼ੀ ਨਾਲ ਘਾਟ ਦਾ ਸਾਹਮਣਾ ਕਰ ਰਿਹਾ ਹੈ। ਆਈ.ਐਸ.ਡਬਲਯੂ. ਨੇ ਮੰਗਲਵਾਰ ਨੂੰ ਇਕ ਰੀਪੋਰਟ ਵਿਚ ਕਿਹਾ ਕਿ ਯੂਕਰੇਨ ਨੂੰ ਅਮਰੀਕੀ ਫੌਜੀ ਸਹਾਇਤਾ ਦੀ ਵਿਵਸਥਾ ਵਿਚ ਦੇਰੀ ਕਾਰਨ ਰੂਸ ਤੇਜ਼ੀ ਨਾਲ ਲਾਭ ਪ੍ਰਾਪਤ ਕਰ ਰਿਹਾ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅਮਰੀਕੀ ਸਹਾਇਤਾ ਤੋਂ ਬਿਨਾਂ ਯੂਕਰੇਨ ਜੰਗ ਦੇ ਮੈਦਾਨ ਵਿਚ ਲੰਮੇ ਸਮੇਂ ਤਕ ਨਹੀਂ ਰਹਿ ਸਕਦਾ। ਆਈ.ਐਸ.ਡਬਲਯੂ. ਨੇ ਕਿਹਾ ਕਿ ਯੂਕਰੇਨ ਨੂੰ ਇਸ ਸਮੇਂ ਹਵਾਈ ਰੱਖਿਆ ਪ੍ਰਣਾਲੀਆਂ ਅਤੇ ਤੋਪਖਾਨੇ ਦੀ ਸੱਭ ਤੋਂ ਵੱਧ ਜ਼ਰੂਰਤ ਹੈ। ਰੂਸ ਦੇ ਰੱਖਿਆ ਮੰਤਰਾਲੇ ਨੇ ਬੁਧਵਾਰ ਨੂੰ ਕਿਹਾ ਕਿ ਮਾਸਕੋ ਤੋਂ ਕਰੀਬ 350 ਕਿਲੋਮੀਟਰ ਪੂਰਬ 'ਚ ਮੋਰਡੋਵੀਆ ਖੇਤਰ 'ਚ ਯੂਕਰੇਨ ਦੇ ਇਕ ਡਰੋਨ ਨੂੰ ਮਾਰ ਸੁੱਟਿਆ ਗਿਆ। ਇਹ ਸਥਾਨ ਯੂਕਰੇਨ ਦੀ ਸਰਹੱਦ ਤੋਂ 700 ਕਿਲੋਮੀਟਰ ਦੀ ਦੂਰੀ 'ਤੇ ਹੈ। ਮੋਰਡੋਵੀਆ ਹਮਲੇ ਤੋਂ ਲਗਭਗ ਇਕ ਘੰਟੇ ਪਹਿਲਾਂ ਰੂਸ ਦੀ ਸ਼ਹਿਰੀ ਹਵਾਬਾਜ਼ੀ ਅਥਾਰਟੀ ਨੇ ਸੁਰੱਖਿਆ ਚਿੰਤਾਵਾਂ ਦੇ ਮੱਦੇਨਜ਼ਰ ਦੇਸ਼ ਦੇ ਦੋ ਸੱਭ ਤੋਂ ਵੱਡੇ ਸ਼ਹਿਰਾਂ ਨਿਜ਼ਨੀ ਨੋਵਗੋਰੋਡ ਅਤੇ ਕਜ਼ਾਨ ਦੇ ਹਵਾਈ ਅੱਡਿਆਂ 'ਤੇ ਉਡਾਣਾਂ ਮੁਅੱਤਲ ਕਰ ਦਿਤੀ ਆਂ ਸਨ। ਅਪੁਸ਼ਟ ਰੀਪੋਰਟਾਂ ਵਿਚ ਕਿਹਾ ਗਿਆ ਹੈ ਕਿ ਯੂਕਰੇਨ ਦੀ ਮਿਜ਼ਾਈਲ ਨੇ ਕਬਜ਼ੇ ਵਾਲੇ ਕ੍ਰੀਮੀਆ ਵਿਚ ਇਕ ਹਵਾਈ ਖੇਤਰ ਨੂੰ ਨਿਸ਼ਾਨਾ ਬਣਾਇਆ। ਰੂਸ ਅਤੇ ਯੂਕਰੇਨ ਦੇ ਅਧਿਕਾਰੀਆਂ ਨੇ ਹਮਲੇ ਦੀ ਪੁਸ਼ਟੀ ਨਹੀਂ ਕੀਤੀ ਪਰ ਸਥਾਨਕ ਅਧਿਕਾਰੀਆਂ ਨੇ ਉਸ ਸੜਕ ਨੂੰ ਅਸਥਾਈ ਤੌਰ 'ਤੇ ਬੰਦ ਕਰ ਦਿਤਾ ਹੈ, ਜਿੱਥੇ ਹਵਾਈ ਖੇਤਰ ਸਥਿਤ ਹੈ।


ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
www.MakeMeDebtFree.ca
416-502-3100
Late Evening and Weekends Appointments Available 1888-864-3131
Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7

A-One Truck & Trailer Repair
Specialist in Engine & Differential rebuilt
ਟਰੱਕਾਂ ਦੀ ਹਰ ਤਰ੍ਹਾਂ ਦੀ ਰਿਪੇਅਰ ਲਈ ਪਹੁੰਚੋ
ਵਾਜ਼ਬ ਕੀਮਤ
ਵਧੀਆ ਸਰਵਿਸ
647-808-9569, 416-388-1605
1246 Aimco Blvd, Mississauga, ON L4W 1B2

Gill Tire Centre
ਟਰੱਕਾਂ ਦੇ ਟਾਇਰ ਵਾਜ਼ਬ ਕੀਮਤਾਂ ਵਿੱਚ ਲੈਣ ਲਈ ਪਹੁੰਚੋ ਗਿੱਲ ਟਾਇਰ ਸੈਂਟਰ
1246 Aimco Blvd, Mississauga, ON L4W 1B2
647-808-9569, 416-388-1605

FOR ALL YOUR REAL ESTATE NEEDS
ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
Harjit Brar
Sales Representative
416-417-6010
HOMELIFE
HIGHER STANDARDS
HOMELIFE MAPLE LEAF REALTY LTD., BROKERAGE
Ph: 905-456-9090
Vik Mehmi
Broker
416-500-6262

# ਪਾਕਿਸਤਾਨ 'ਚ ਕੁਦਰਤ ਦਾ ਕਹਿਰ ਜਾਰੀ

## ਬਿਜਲੀ ਡਿੱਗਣ ਅਤੇ ਮੀਂਹ ਕਾਰਨ ਹੁਣ ਤੱਕ 63 ਲੋਕਾਂ ਦੀ ਮੌਤ



(ਪੰਜਾਬ ਸਟਾਰ ਬਿਊਰੋ)

ਪੇਸ਼ਾਵਰ : ਪਾਕਿਸਤਾਨ ਵਿੱਚ ਬਿਜਲੀ ਡਿੱਗਣ ਅਤੇ ਮੋਹਲੇਧਾਰ ਮੀਂਹ ਕਾਰਨ 14 ਲੋਕਾਂ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਮੁਤਾਬਕ ਪਿਛਲੇ 4 ਦਿਨਾਂ ਤੋਂ ਜਾਰੀ ਬੇਹੱਦ ਖ਼ਰਾਬ ਮੌਸਮ ਕਾਰਨ ਘੱਟੋ-ਘੱਟ 63 ਲੋਕਾਂ ਦੀ ਜਾਨ ਜਾ ਚੁੱਕੀ ਹੈ। ਆਫਤ ਪ੍ਰਬੰਧਨ ਅਥਾਰਟੀ ਦੇ ਬੁਲਾਰੇ ਖੁਰਸ਼ੀਦ ਅਨਵਰ ਨੇ ਦੱਸਿਆ ਕਿ ਜ਼ਿਆਦਾਤਰ ਮੌਤਾਂ ਪਾਕਿਸਤਾਨ ਦੇ ਉੱਤਰ-ਪੱਛਮ 'ਚ ਸਥਿਤ ਖੈਬਰ ਪਖਤੂਨਖਵਾ ਸੂਬੇ 'ਚ ਹੋਈਆਂ ਹਨ। ਸੂਬੇ ਵਿੱਚ ਇਮਾਰਤ ਡਿੱਗਣ ਕਾਰਨ 15 ਬੱਚਿਆਂ ਅਤੇ 5 ਔਰਤਾਂ ਸਮੇਤ 32 ਲੋਕਾਂ ਦੀ ਮੌਤ ਹੋ ਗਈ ਸੀ।

ਅਨਵਰ ਨੇ ਕਿਹਾ ਕਿ ਦਰਜਨਾਂ ਲੋਕ ਜ਼ਖਮੀ ਹੋਏ ਹਨ ਅਤੇ ਉੱਤਰ-ਪੱਛਮ ਵਿਚ 1370 ਘਰਾਂ ਨੂੰ ਨੁਕਸਾਨ ਪਹੁੰਚਿਆ ਹੈ। ਪਾਕਿਸਤਾਨ ਦੇ ਪੰਜਾਬ ਸੂਬੇ 'ਚ ਬਿਜਲੀ ਡਿੱਗਣ ਅਤੇ ਮਕਾਨ ਡਿੱਗਣ ਦੀਆਂ ਘਟਨਾਵਾਂ 'ਚ 21 ਲੋਕਾਂ ਦੀ ਮੌਤ ਹੋ ਗਈ, ਜਦਕਿ ਬਲੋਚਿਸਤਾਨ 'ਚ 10 ਲੋਕਾਂ ਦੀ ਮੌਤ ਹੋ ਗਈ। ਹੜ੍ਹਾਂ ਤੋਂ ਬਾਅਦ ਅਧਿਕਾਰੀਆਂ ਨੇ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਹੈ। ਬਲੋਚਿਸਤਾਨ 'ਚ ਬੁੱਧਵਾਰ ਨੂੰ ਰਾਹਤ ਕਾਰਜ ਜਾਰੀ ਹਨ ਹਾਲਾਂਕਿ ਮੀਂਹ ਦਾ ਖਤਰਾ ਅਜੇ ਵੀ ਬਣਿਆ ਹੋਇਆ ਹੈ। ਪਾਕਿਸਤਾਨ ਦੇ ਮੌਸਮ ਵਿਭਾਗ ਦੇ ਸੀਨੀਅਰ ਅਧਿਕਾਰੀ ਜ਼ਹੀਰ ਅਹਿਮਦ ਬਾਬਰ ਨੇ ਕਿਹਾ ਕਿ ਜਲਵਾਯੂ ਪਰਿਵਰਤਨ ਕਾਰਨ ਪਾਕਿਸਤਾਨ ਵਿਚ ਅਪ੍ਰੈਲ ਮਹੀਨੇ ਵਿਚ ਭਾਰੀ ਮੀਂਹ ਪੈ ਰਿਹਾ ਹੈ।

## ਕਨੇਡਾ ਸਰਕਾਰ ਵੱਲੋਂ ਟੋਰਾਂਟੋ 'ਚ ਸਿੱਖ ਮਿਊਜ਼ਿਅਮ ਲਈ 11 ਮਿਲੀਅਨ ਦੀ ਮਨਜ਼ੂਰੀ



ਟੋਰਾਂਟੋ (ਬਲਜਿੰਦਰ ਸੇਖਾ) ਕਨੇਡਾ ਦੀ ਜਸ਼ਟਿਨ ਟਰੂਡੋ ਦੀ ਲਿਬਰਲ ਸਰਕਾਰ ਵੱਲੋਂ ਕੱਲ ਪੇਸ਼ ਕੀਤੇ ਗਏ ਫੈਡਰਲ ਬਜਟ 'ਚ ਕਨੇਡਾ ਵਿੱਚ ਸਿੱਖ ਕਲਾ ਅਤੇ ਵਿਰਾਸਤ ਨੂੰ ਉਤਸ਼ਾਹਿਤ ਕਰਨ ਲਈ 11 ਮਿਲੀਅਨ ਡਾਲਰ ਰੱਖਿਆ ਗਿਆ ਹੈ ਜਿਸ ਤਹਿਤ ਟੋਰਾਂਟੋ ਸ਼ਹਿਰ 'ਚ ਇੱਕ ਮਿਊਜ਼ਿਅਮ ਕੇਂਦਰ ਸਥਾਪਤ ਕੀਤਾ ਜਾਵੇਗਾ ।ਕਨੇਡਾ ਵਿੱਚ ਚੱਲ ਰਹੇ ਸਿੱਖ ਹੈਰੀਟੇਜ ਮੰਥ ਤੇ ਸਿੱਖ ਸੰਗਤਾਂ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ ।

## ਟੋਰਾਂਟੋ ਪੁਲਿਸ ਨੇ ਰੇਲ ਲਾਈਨਾਂ ਨੂੰ ਬੰਦ ਕਰਨ ਵਾਲੇ ਕਈ ਫਲਸਤੀਨ ਪੱਖੀ ਪ੍ਰਦਰਸ਼ਨਕਾਰੀਆਂ ਨੂੰ ਕੀਤਾ ਗ੍ਰਿਫ਼ਤਾਰ



ਟੋਰਾਂਟੋ, (ਪੰਜਾਬ ਸਟਾਰ ਬਿਊਰੋ): ਟੋਰਾਂਟੋ ਪੁਲਸ ਨੇ ਸ਼ਹਿਰ ਦੇ ਪੱਛਮ ਵਿਚ ਮੰਗਲਵਾਰ ਨੂੰ ਘੰਟਿਆਂ ਤੱਕ ਰੇਲ ਲਾਈਨਾਂ ਨੂੰ ਬੰਦ ਵਾਲੇ ਕਈ ਫਲਸਤੀਨ ਪੱਖੀ ਪ੍ਰਦਰਸ਼ਨਕਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪ੍ਰਦਰਸ਼ਨਕਾਰੀ ਦੁਪਹਿਰ 3 ਵਜੇ ਦੇ ਕਰੀਬ ਜੰਕਸ਼ਨ ਨੇੜੇ ਔਸਲਰ ਸਟ੍ਰੀਟ ਅਤੇ ਪੇਲਹਮ ਐਵੇਨਿਊ 'ਤੇ ਇਕ ਰੇਲਵੇ ਲਾਈਨ 'ਤੇ ਇਕੱਠੇ ਹੋਏ ਅਤੇ ਕਿਹਾ ਕਿ ਉਨ੍ਹਾਂ ਨੇ ਉੱਥੇ ਘੰਟਿਆਂ ਤੱਕ ਰੁਕਣ ਦੀ ਯੋਜਨਾ ਬਣਾਈ ਹੈ। ਟੋਰਾਂਟੋ ਪੁਲਸ ਦਾ ਅੰਦਾਜ਼ਾ ਹੈ ਕਿ ਘਟਨਾ ਸਥਾਨ 'ਤੇ ਲਗਭਗ 100 ਤੋਂ 120 ਪ੍ਰਦਰਸ਼ਨਕਾਰੀ ਮੌਜੂਦ ਸਨ। ਸ਼ਾਮ 7:30 ਵਜੇ ਤੋਂ ਠੀਕ ਪਹਿਲਾਂ ਪੁਲਸ ਨੇ ਰੇਲ ਲਾਈਨਾਂ ਨੂੰ ਖਾਲੀ ਕਰਨ ਦੀ ਕੋਸ਼ਿਸ਼ ਕਰਦੇ ਹੋਏ ਪ੍ਰਦਰਸ਼ਨਕਾਰੀਆਂ ਨੂੰ ਗ੍ਰਿਫ਼ਤਾਰ ਕਰਨਾ ਸ਼ੁਰੂ ਕਰ ਦਿੱਤਾ। ਰਾਤ 9 ਵਜੇ ਤੋਂ ਥੋੜ੍ਹੀ ਦੇਰ ਬਾਅਦ ਪ੍ਰਦਰਸ਼ਨਕਾਰੀਆਂ ਵੱਲੋਂ ਇਲਾਕਾ ਖਾਲੀ ਕਰਨ ਮਗਰੋਂ ਸੜਕਾਂ ਮੁੜ ਖੁੱਲ੍ਹ ਗਈਆਂ।

## ਬ੍ਰਿਟੇਨ 'ਚ ਮਹਿੰਗਾਈ ਸਤੰਬਰ 2021 ਤੋਂ ਬਾਅਦ ਸਭ ਤੋਂ ਹੇਠਲੇ ਪੱਧਰ 'ਤੇ ਪੁੱਜੀ

ਲੰਡਨ (ਏਜੰਸੀ) : ਬ੍ਰਿਟੇਨ ਦੀ ਮਹਿੰਗਾਈ ਮਾਰਚ ਵਿਚ ਢਾਈ ਸਾਲ ਵਿਚ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚ ਗਈ ਹੈ। ਇਸ ਦਾ ਮੁੱਖ ਕਾਰਨ ਅਨਾਜ ਦੀਆਂ ਕੀਮਤਾਂ ਵਿਚ ਗਿਰਾਵਟ ਦਾ ਆਉਣਾ ਹੈ। ਨੈਸ਼ਨਲ ਸਟੈਟਿਸਟਿਕਸ ਆਫਿਸ ਦੁਆਰਾ ਜਾਰੀ ਕੀਤੇ ਗਏ ਅੰਕੜਿਆਂ ਦੇ ਅਨੁਸਾਰ ਮਾਰਚ ਤੱਕ ਖਪਤਕਾਰਾਂ ਦੀਆਂ ਕੀਮਤਾਂ ਵਿੱਚ 3.2 ਫ਼ੀਸਦੀ ਦਾ ਵਾਧਾ ਹੋਇਆ ਹੈ, ਜੋ ਸਤੰਬਰ 2021 ਤੋਂ ਬਾਅਦ ਸਭ ਤੋਂ ਘੱਟ ਹੈ। ਫਰਵਰੀ 'ਚ ਇਹ 3.4 ਫ਼ੀਸਦੀ ਤੋਂ ਘੱਟ ਸੀ। ਹਾਲਾਂਕਿ, ਸਾਲਾਨਾ ਦਰ ਵਿੱਚ ਗਿਰਾਵਟ ਅਰਥਸ਼ਾਸਤਰੀਆਂ ਦੇ ਅਨੁਮਾਨਾਂ ਅਨੁਸਾਰ ਨਹੀਂ ਹੈ, ਜਿਨ੍ਹਾਂ ਨੇ ਮਾਰਚ ਵਿੱਚ ਇਹ 3.1 ਫ਼ੀਸਦੀ ਰਹਿਣ ਦੀ ਉਮੀਦ ਕੀਤੀ ਸੀ। ਮਹਿੰਗਾਈ ਅਜੇ ਵੀ ਬੈਂਕ ਆਫ ਇੰਗਲੈਂਡ ਦੇ ਦੋ ਫ਼ੀਸਦੀ ਟੀਚੇ ਤੋਂ ਉਪਰ ਬਣੀ ਹੋਈ ਹੈ। ਰੂਸ ਦੇ ਯੂਕਰੇਨ 'ਤੇ ਹਮਲੇ ਤੋਂ ਬਾਅਦ ਊਰਜਾ ਦੀਆਂ ਕੀਮਤਾਂ 'ਚ ਤੇਜ਼ੀ ਨਾਲ ਵਾਧਾ ਹੋਣ ਕਾਰਨ 2022 ਦੇ ਅੰਤ 'ਚ ਮਹਿੰਗਾਈ ਦਰ 11 ਫ਼ੀਸਦੀ ਤੋਂ ਉੱਪਰ ਪਹੁੰਚਣ ਦੀ ਉਮੀਦ ਸੀ।

## MLA ਕੁੰਵਰ ਵਿਜੇ ਪ੍ਰਤਾਪ ਸਿੰਘ ਨੇ 'ਆਪ' ਸੰਸਦ ਮੈਂਬਰ ਰਾਘਵ ਚੱਢਾ ਤੇ ਪੁਲਿਸ 'ਤੇ ਲਗਾਏ ਇਲਜ਼ਾਮ





ਪੰਜਾਬ ਸਟਾਰ

ਅੰਮ੍ਰਿਤਸਰ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ 'ਆਪ' ਸੰਸਦ ਮੈਂਬਰ ਰਾਘਵ ਚੱਢਾ ਅਤੇ ਅੰਮ੍ਰਿਤਸਰ ਦੀ ਪੁਲਿਸ ਉਪਰ ਗੰਭੀਰ ਇਲਜ਼ਾਮ ਲਗਾਏ ਹਨ। ਇੱਕ ਸੰਬੋਧਨ ਦੌਰਾਨ MLA ਨੇ ਦੋਸ਼ ਲਗਾਏ ਕਿ ਰਾਘਵ ਚੱਢਾ ਦੇ ਖਾਸਮਖਾਸ ਐਸਪੀ ਅਤੇ ਡੀ.ਐਸ.ਪੀ ਨਸ਼ਾ ਵੇਚ ਰਹੇ ਹਨ। ਅੰਮ੍ਰਿਤਸਰ ਵਿੱਚ ਪੁਲਿਸ ਦੇ ਉਚ ਅਧਿਕਾਰੀ ਨਸ਼ਾ ਵੇਚ ਰਹੇ ਹਨ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੇ ਕਈ ਵਾਰ ਬਦਲੀ ਕਰਵਾਉਣ ਦੀ ਕੋਸ਼ਿਸ਼ ਕੀਤੀ ਪਰ ਇਨ੍ਹਾਂ ਦੀ ਅੰਮ੍ਰਿਤਸਰ ਵਿਚੋਂ ਬਦਲੀ ਨਹੀਂ ਹੋਈ। ਉਨ੍ਹਾਂ ਨੇ ਡੀਜੀਪੀ ਨੂੰ ਵੀ ਇਸ ਬਾਰੇ ਕਈ ਵਾਰ ਦੱਸਿਆ ਪਰ ਉਨ੍ਹਾਂ ਨੇ ਇਨ੍ਹਾਂ ਉਚ ਅਧਿਕਾਰੀਆਂ ਦੀ ਬਦਲੀ ਨਹੀਂ ਕੀਤੀ ਕਿਉਂਕਿ ਉਹ ਰਾਘਵ ਚੱਢਾ ਦੇ ਚਹੇਤੇ ਹਨ। ਕੁੰਵਰ ਵਿਜੇ ਪ੍ਰਤਾਪ ਨੇ ਦੋਹਾਂ ਅਧਿਕਾਰੀਆਂ ਦੀ ਪੋਸਟਿੰਗ ਦਾ ਵੀ ਜ਼ਿਕਰ ਕੀਤਾ।

## ਜ਼ਬਰਦਸਤ ਭੂਚਾਲ ਕਾਰਨ ਇੱਕ ਵਾਰ ਫਿਰ ਹਿੱਲੀ ਜਪਾਨ ਦੀ ਧਰਤੀ

ਜਾਪਾਨ 'ਚ ਇਕ ਵਾਰ ਫਿਰ ਜ਼ਬਰਦਸਤ ਭੂਚਾਲ ਆਇਆ ਹੈ, ਜਿਸ ਕਾਰਨ ਇਲਾਕੇ ਦੇ ਲੋਕ ਡਰੇ ਹੋਏ ਹਨ। ਤੁਹਾਨੂੰ ਦੱਸ ਦੇਈਏ ਕਿ ਜਾਪਾਨ ਦੇ ਸ਼ਿਕੋਕੂ ਟਾਪੂ ਦੇ ਪੱਛਮੀ ਤੱਟ 'ਤੇ ਬੁੱਧਵਾਰ ਰਾਤ ਨੂੰ 6.4 ਤੀਬਰਤਾ ਦਾ ਭੂਚਾਲ ਮਹਿਸੂਸ ਕੀਤਾ ਗਿਆ ਸੀ, ਜਿਸ ਦੀ ਤੀਬਰਤਾ ਜਾਪਾਨੀ ਭੂਚਾਲ ਤੀਬਰਤਾ ਦੇ ਪੈਮਾਨੇ 'ਤੇ 6 ਮਾਪੀ ਗਈ ਸੀ। ਸੁਨਾਮੀ ਦਾ ਕੋਈ ਖਤਰਾ ਨਹੀਂ ਸੀ ਅਤੇ ਇਹ ਤੁਰੰਤ ਸਪੱਸ਼ਟ ਨਹੀਂ ਹੋਇਆ ਸੀ ਕਿ ਰਾਤ 11:14 ਵਜੇ ਆਏ ਭੂਚਾਲ ਨੇ ਸੱਟਾਂ ਜਾਂ ਨੁਕਸਾਨ ਪਹੁੰਚਾਇਆ ਜਾਂ ਨਹੀਂ।

ON APRIL 1ST
JUSTIN TRUDEAU RAISED THE CARBON TAX AGAIN
—THIS TIME BY 23%

ਅਪ੍ਰੈਲ 1 ਨੂੰ ਜਸਟਿਨ ਟਰੂਡੋ ਨੇ ਫੇਰ ਇਕ ਵਾਰ ਕਾਰਬਨ ਟੈਕਸ ਵੱਧਾ ਦਿੱਤਾ। ਇਸ ਵਾਰ 23%

Common Sense Conservatives will Spike the Hike and Axe the Tax

ਕਾਮਨ ਸੈਂਸ ਕੰਜ਼ਰਵੇਟਿਵ ਇਸ ਟੈਕਸ ਵਾਧੇ ਨੂੰ ਰੋਕਣਗੇ ਅਤੇ ਕਾਰਬਨ ਟੈਕਸ ਹਟਾਉਣਗੇ।



DAN MUYS MP
FLAMBOROUGH—GLANBROOK
PIERRE POILIEVRE
LEADER OF THE OFFICIAL OPPOSITION
DAN.MUYS@PARL.GC.CA • 905-692-2917 • DANMUYSMP.CA

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES!
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT
ANY CREDIT



Office: 416-674-7050
Fax: 416-674-9009
EMail:paulgahunia@hotmail.com
Jaspal Singh Gahunia
# M08006400
Lic # 10686
19 Woodbine Downs Blvd., Suite#201,
Etobicoke, ON. M9W 6N5
The Mortgage Centre

Best Bargain
Carpet & Flooring
Residential - Commercial - Industrial
Sale & Custom Installation done by Professionals
5 Year Installation Warranty on all Carpets & Flooring
LAUZON Distinctive Hardwood Flooring
PEERLESS
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
* Hardwood * Laminate * Vinyl * Wall to Wall Carpers * Hall Runners
* Oriental Rugs * Custom Made Area Rugs * All Kinds of Carpet Binding
FREE Shop at Home Service



WE WILL BEAT ALL THE BEST PRICES
Tel: 905-696-7877
Cell: 416-937-2856
1332 Khalsa Drive, Unit#21
Mississauga, ON L5S 0A2
Email:- best_bargain@hotmail.com
Gurpreet Singh

BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ



We specialize in Engine, Transmission, Differential Rebuilt & all kind of Electric work.
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ,
ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum
USA Mace
Special Rates
with Installation
CAT Batteries 1000c Under Warranty $550 Installation Included
MICHELIN BFGoodrich DUNLOP GOODYEAR HANKOOK ceed AEOLUS ROADLUX
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.

# ਅਮਰੀਕਾ 'ਚ ਬੈਕਲਾਗ ਖ਼ਤਮ ਕਰਨ 'ਚ ਲੱਗ ਸਕਦੇ ਨੇ 195 ਸਾਲ!

## –12 ਲੱਖ ਤੋਂ ਵੱਧ ਭਾਰਤੀ Green Card ਦੀ ਉਡੀਕ 'ਚ




ਵਾਸ਼ਿੰਗਟਨ ਡੀ.ਸੀ., (ਪੰਜਾਬ ਸਟਾਰ ਬਿਊਰੋ): ਯੂ.ਐੱਸ. ਸਿਟੀਜ਼ਨਸ਼ਿਪ ਅਤੇ ਇਮੀਗ੍ਰੇਸ਼ਨ ਸਰਵਿਸਿਜ਼ ਦੇ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ 10 ਲੱਖ ਤੋਂ ਵੱਧ ਭਾਰਤੀ ਹੁਣ ਰੁਜ਼ਗਾਰ–ਆਧਾਰਿਤ ਇਮੀਗ੍ਰੇਸ਼ਨ ਬੈਕਲਾਗ ਦੀ ਉਡੀਕ ਕਰ ਰਹੇ ਹਨ। ਇਹ ਦਰਸਾਉਂਦਾ ਹੈ ਕਿ ਭਾਰਤ ਦੇ ਬਹੁਤ ਸਾਰੇ ਉੱਚ ਹੁਨਰਮੰਦ ਪੇਸ਼ੇਵਰਾਂ ਨੂੰ ਪ੍ਰਤੀ–ਦੇਸ਼ ਸੀਮਾ ਅਤੇ ਘੱਟ ਸਾਲਾਨਾ ਕੋਟੇ ਕਾਰਨ ਗ੍ਰੀਨ ਕਾਰਡ ਪ੍ਰਾਪਤ ਕਰਨ ਲਈ ਸੰਭਾਵਤ ਤੌਰ 'ਤੇ ਦਹਾਕਿਆਂ–ਲੰਬੀਆਂ ਉਡੀਕਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਮਰੀਕਾ 'ਚ ਆਸ਼ਰਿਤਾਂ ਸਮੇਤ 12 ਲੱਖ ਤੋਂ ਵੱਧ ਭਾਰਤੀ ਰੁਜ਼ਗਾਰ–ਆਧਾਰਿਤ ਗ੍ਰੀਨ ਕਾਰਡ ਸ਼੍ਰੇਣੀਆਂ ਵਿਚ ਪਹਿਲੇ, ਦੂਜੇ ਅਤੇ ਤੀਜੇ ਦਰਜੇ ਦੀ ਉਡੀਕ ਕਰ ਰਹੇ ਹਨ। ਨੈਸ਼ਨਲ ਫਾਊਂਡੇਸ਼ਨ ਫਾਰ ਅਮਰੀਕਨ ਪਾਲਿਸੀ ਨੇ ਯੂ.ਐੱਸ.ਸੀ.ਆਈ.ਐੱਸ. ਦੇ ਅੰਕੜਿਆਂ ਦੇ ਵਿਸ਼ਲੇਸ਼ਣ ਵਿਚ ਕਿਹਾ ਗਿਆ ਹੈ ਕਿ 51,249 ਅਰਜ਼ੀਆਂ ਰੋਜ਼ਗਾਰ–ਆਧਾਰਿਤ ਪਹਿਲੀ ਤਰਜੀਹ ਵਿਚ ਹਨ, ਜਿਸਨੂੰ ਈ.ਬੀ.–1 ਵੀਜ਼ਾ ਵੀ ਕਿਹਾ ਜਾਂਦਾ ਹੈ। ਐੱਨ.ਐੱਫ.ਏ.ਪੀ. ਨੇ ਪਹਿਲੀ ਤਰਜੀਹ ਬੈਕਲਾਗ ਵਿਚ ਕੁੱਲ 143,497 ਭਾਰਤੀਆਂ ਲਈ ਵਾਧੂ 92,248 ਆਸ਼ਰਿਤਾਂ ਦਾ ਅਨੁਮਾਨ ਲਗਾਇਆ ਹੈ। ਈ.ਬੀ.–1 ਵਿਚ ਅਸਾਧਾਰਨ ਯੋਗਤਾ ਵਾਲੇ ਕਰਮਚਾਰੀ, ਉੱਤਮ ਪ੍ਰੋਫੈਸਰ ਅਤੇ ਖੋਜਕਰਤਾ ਅਤੇ ਬਹੁ–ਰਾਸ਼ਟਰੀ ਕਾਰਜਕਾਰੀ ਜਾਂ ਪ੍ਰਬੰਧਕ ਸ਼ਾਮਲ ਹੁੰਦੇ ਹਨ। ਰੁਜ਼ਗਾਰ–ਆਧਾਰਿਤ ਦੂਜੀ ਤਰਜੀਹ 'ਚ 419,392 ਹਨ, ਜਿਸਨੂੰ ਈ.ਬੀ.–2 ਵੀ ਕਿਹਾ ਜਾਂਦਾ ਹੈ। ਐੱਨ.ਐੱਫ.ਏ.ਪੀ. ਨੇ ਦੂਜੀ ਤਰਜੀਹ ਬੈਕਲਾਗ ਵਿਚ ਕੁੱਲ 838,784 ਭਾਰਤੀਆਂ ਲਈ ਵਾਧੂ 419,392 ਆਸ਼ਰਿਤਾਂ ਦਾ ਅਨੁਮਾਨ ਲਗਾਇਆ ਹੈ। ਈ.ਬੀ.–2 ਵਿਚ ਉੱਨਤ ਡਿਗਰੀ ਰੱਖਣ ਵਾਲੇ ਪੇਸ਼ੇਵਰ ਅਤੇ ਵਿਗਿਆਨ, ਕਲਾ ਜਾਂ ਕਾਰੋਬਾਰ ਵਿਚ ਬੇਮਿਸਾਲ ਯੋਗਤਾ ਵਾਲੇ ਵਿਅਕਤੀ ਸ਼ਾਮਲ ਹੁੰਦੇ ਹਨ। ਯੂ.ਐੱਸ.ਸੀ.ਆਈ.ਐੱਸ. ਦੇ 2020 ਦੇ ਅੰਕੜੇ ਦੱਸਦੇ ਹਨ ਕਿ ਈ.ਬੀ.–2 ਸ਼੍ਰੇਣੀ ਵਿਚ ਭਾਰਤੀ ਬੈਕਲਾਗ ਲਗਭਗ ਤਿੰਨ ਸਾਲਾਂ ਵਿਚ 240,000 ਤੋਂ ਵਧ ਗਿਆ ਹੈ।

ਰੁਜ਼ਗਾਰ ਆਧਾਰਿਤ ਤੀਜੀ ਤਰਜੀਹ ਵਿਚ 138,581 ਲੋਕ ਹਨ। ਇਸ ਈ.ਬੀ.–3 ਸ਼੍ਰੇਣੀ ਵਿਚ ਹੁਨਰਮੰਦ ਕਾਮੇ ਅਤੇ "ਪੇਸ਼ੇ ਦੇ ਮੈਂਬਰ ਜਿਨ੍ਹਾਂ ਦੀਆਂ ਨੌਕਰੀਆਂ ਲਈ ਘੱਟੋ–ਘੱਟ ਇੱਕ ਬੈਕਲੈਰੀਅਟ ਡਿਗਰੀ ਦੀ ਲੋੜ ਹੁੰਦੀ ਹੈ।" 2020 ਵਿਚ, ਫੋਰਬਸ ਨੇ ਇਸ਼ਾਰਾ ਕੀਤਾ, ਕਾਂਗਰੇਸ਼ਨਲ ਰਿਸਰਚ ਸਰਵਿਸ ਨੇ ਅਨੁਮਾਨ ਲਗਾਇਆ ਹੈ ਕਿ ਭਾਰਤੀਆਂ ਦਾ ਬੈਕਲਾਗ 2030 ਤੱਕ 2,195,795 ਰੋਜ਼ਗਾਰ ਆਧਾਰਿਤ ਗ੍ਰੀਨ ਕਾਰਡ ਸ਼੍ਰੇਣੀਆਂ ਵਿਚ 2,195,795 ਵਿਅਕਤੀਆਂ ਤੱਕ ਪਹੁੰਚ ਜਾਵੇਗਾ ਅਤੇ ਬੈਕਲਾਗ ਨੂੰ ਖਤਮ ਕਰਨ ਵਿਚ 195 ਸਾਲ ਲੱਗ ਜਾਣਗੇ। ਫੋਰਬਸ ਨੇ ਕਿਹਾ ਕਿ ਕਾਨੂੰਨ ਦੇ ਪ੍ਰਭਾਵ ਦਾ ਖਮਿਆਜ਼ਾ ਭਾਰਤੀਆਂ ਨੂੰ ਝੱਲਣਾ ਪਿਆ ਹੈ। ਪ੍ਰਤੀ–ਦੇਸ਼ ਸੀਮਾ ਦੇ ਕਾਰਨ, ਸਿਰਫ 7,820 ਭਾਰਤੀ ਪ੍ਰਵਾਸੀਆਂ ਨੇ ਵਿੱਤੀ ਸਾਲ 2015 ਵਿਚ ਈ.ਬੀ.–2 ਸ਼੍ਰੇਣੀ 'ਚ ਰੁਜ਼ਗਾਰ–ਆਧਾਰਿਤ ਗ੍ਰੀਨ ਕਾਰਡ ਪ੍ਰਾਪਤ ਕੀਤੇ, ਭਾਵੇਂ ਕਿ ਰੁਜ਼ਗਾਰਦਾਤਾਵਾਂ ਨੇ ਭਾਰਤੀਆਂ ਲਈ ਹਜ਼ਾਰਾਂ ਗ੍ਰੀਨ ਕਾਰਡ ਅਰਜ਼ੀਆਂ ਦੂਜੇ ਦੇਸ਼ਾਂ ਦੇ ਵਿਅਕਤੀਆਂ ਨਾਲੋਂ ਕਈ ਸਾਲ ਪਹਿਲਾਂ ਜਮ੍ਹਾਂ ਕਰਵਾਈਆਂ ਸਨ। 2022 'ਚ, ਰਿਪਬਲਿਕਨ ਸੈਨੇਟਰ ਚਾਰਲਸ ਗ੍ਰਾਸਲੇ ਨੇ ਸੈਨੇਟ ਦੇ ਰਿਪਬਲਿਕਨ ਲੀਡਰ ਮਿਚ ਮੈਕਕੋਨਲ ਦੁਆਰਾ ਸਮਰਥਨ ਕੀਤਾ, ਇੱਕ ਸੁਧਾਰ ਨੂੰ ਰੋਕ ਦਿੱਤਾ, ਜਿਸ ਨਾਲ ਬਹੁਤ ਸਾਰੇ ਰੁਜ਼ਗਾਰ–ਆਧਾਰਿਤ ਪ੍ਰਵਾਸੀਆਂ ਦੀ ਲੰਬੀ ਉਡੀਕ ਖਤਮ ਹੋ ਜਾਵੇਗੀ।

# ਕੈਲੀਫੋਰਨੀਆਂ ਦੇ ਸ਼ਹਿਰ ਸੈਲਮਾ ਵਿਖੇ 30ਵੇਂ ਸਲਾਨਾ ਨਗਰ ਕੀਰਤਨ ਨੇ ਸਿਰਜਿਆ ਖਾਲਸਾਈ ਰੰਗ

ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ): ਕੈਲੀਫੋਰਨੀਆਂ ਵਿੱਚ ਫਰਿਜ਼ਨੋ ਦੇ ਨਜ਼ਦੀਕੀ ਸ਼ਹਿਰ ਸੈਲਮਾ ਦੇ ਗੁਰਦੁਆਰਾ "ਸਿੱਖ ਸੈਂਟਰ ਆਫ ਪੈਸ਼ੀਫਿਕ ਕੋਸਟ" ਵਿਖੇ ਸੈਂਟਰਲ ਵੈਲੀ ਵਿਖੇ ਵਿਸਾਖੀ ਨੂੰ ਸਮਰਪਿਤ 30 ਵੇ ਵਿਸਾਲ ਨਗਰ ਕੀਰਤਨ ਹੋਇਆ। ਜਿਸ ਸਮੇਂ ਸਿੱਖ ਸੰਗਤਾਂ ਅਤੇ ਰਾਗੀ–ਢਾਡੀ, ਕਥਾ ਵਾਚਕ, ਕੀਰਤਨੀ ਜੱਥਿਆ ਨੇ ਸਿਰਕਤ ਕੀਤੀ। ਇਸੇ ਤਰਾਂ ਇਲਾਕੇ ਦੇ ਸੰਬੰਧਤ ਅਧਿਕਾਰੀਆਂ ਅਤੇ ਰਾਜਨੀਤਿਕ ਪ੍ਰਤੀਨਿਧੀਆਂ ਨੇ ਹਾਜ਼ਰੀ ਭਰੀ। ਸਵੇਰ ਸਮੇਂ ਗੁਰੂਘਰ ਵਿਖੇ ਕੀਰਤਨ ਅਤੇ ਗੁਰਮਤਿ ਵਿਚਾਰਾ ਆਦਿਕ ਤੋਂ ਇਲਾਵਾ ਇਲਾਕੇ ਅਧਿਕਾਰੀਆਂ ਅਤੇ ਗੁਰੂਘਰ ਮੁੱਖ ਪ੍ਰਬੰਧਕਾਂ ਨੇ ਵਿਚਾਰਾ ਦੀ ਸਾਂਝ ਪਾਈ।











ਨਗਰ ਕੀਰਤਨ ਦੀ ਸੁਰੂਆਤ ਅਰਦਾਸ ਕਰਨ ਉਪਰੰਤ ਅਮਰੀਕਾ ਦੇ ਰਾਸ਼ਟਰੀ ਝੰਡੇ ਅਤੇ ਕੈਲੀਫੋਰਨੀਆਂ ਸਟੇਟ ਦੇ ਝੰਡੇ ਮਗਰ ਪੰਜਾਂ ਪਿਆਰਿਆ ਦੀ ਅਗਵਾਈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਜੇ ਫਲੋਟ ਮਗਰ ਅਨੇਕਾ ਸਿੱਖ ਧਰਮ ਨਾਲ ਸੰਬੰਧਿਤ ਝਾਕੀਆਂ ਇਕ ਨਵੇਂ ਵਸੇਂ ਅਮੈਰੀਕਨ ਪੰਜਾਬ ਦੀ ਤਸਵੀਰ ਪੇਸ਼ ਕਰ ਰਹੀਆਂ ਸਨ। ਜਿਸ ਦੌਰਾਨ ਜ਼ੈਕਾਰਿਆ ਦੀ ਗੂੰਜ ਵਿੱਚ ਨਗਰ ਕੀਰਤਨ ਦੀ ਗੁਰੂਘਰ ਤੋਂ ਰਵਾਨਗੀ ਹੋਈ। ਇਸੇ ਤਰ੍ਹਾਂ ਨਗਰ ਕੀਰਤਨ ਦੌਰਾਨ ਪ੍ਰਫੁੱਲਿਤ ਹੋਈ ਸਿੱਖੀ ਦੀ ਮੂੰਹ ਬੋਲਦੀ ਤਸਵੀਰ ਚਾਰ ਚੁਫੇਰੇ ਲਿਸ਼ਕਦੀਆਂ ਕੇਸ਼ਰੀ ਅਤੇ ਰੰਗ–ਬਰੰਗੀਆਂ ਪੱਗਾਂ ਅਤੇ ਚੁੰਨੀਆਂ ਦੁਆਰਾ ਆਮ ਦਿਸ ਰਹੀ ਸੀ। ਜਿਸ ਵਿੱਚ ਬੱਚਿਆ ਬਜੁਰਗਾਂ ਤੋਂ ਇਲਾਵਾ ਸਮੂੰਹ ਧਰਮਾ ਦੀਆਂ ਸੰਗਤਾਂ ਨੇ ਰਲ ਕੇ ਹਾਜ਼ਰੀ ਭਰੀ। ਨਗਰ ਕੀਰਤਨ ਦਾ ਦ੍ਰਿਸ਼ ਬਹੁਤ ਹੀ ਅਲੌਕਿਕ ਅਤੇ ਰੂਹਾਨੀ ਭਰਿਆ ਸੀ। ਸੰਗਤਾਂ ਪਾਲਕੀ ਸਾਹਿਬ ਦੇ ਮਗਰ ਵਾਹਿਗੁਰੂ ਸਿਮਰਨ ਅਤੇ ਸਬਦ ਗਾਇਨ ਕਰਦੀਆਂ ਜਾ ਰਹੀਆਂ ਸਨ। ਇਸੇ ਤਰ੍ਹਾਂ "ਸਿੱਖ ਕੌਂਸ਼ਲ ਆਫ ਸੈਂਟਰਲ ਕੈਲੇਫੋਰਨੀਆਂ" ਨੇ ਪਹਿਲੀ ਵਾਰ ਆਪਣਾ ਫਲੋਟ ਵੀ ਸ਼ਾਮਲ ਕੀਤਾ ਸੀ। ਜਦ ਕਿ ਨਗਰ ਕੀਰਤਨ ਦੇ ਨਾਲ ਹੋਰ ਵੀ ਬਹੁਤ ਸਾਰੇ ਫਲੋਟ ਚੱਲ ਰਹੇ ਸਨ।

ਨਗਰ ਕੀਰਤਨ ਦੌਰਾਨ ਹਲਕਾ ਮੀਂਹ ਵੀ ਪੈ ਰਿਹਾ ਸੀ। ਪਰ ਸੰਗਤਾਂ ਵਿੱਚ ਭਾਰੀ ਉਤਸ਼ਾਹ ਹੋਣ ਕਰਕੇ ਨਗਰ ਕੀਰਤਨ ਵਿੱਚ ਭਾਰੀ ਇਕੱਤਰਤਾ ਜੁੜੀ ਹੋਈ ਸੀ। ਨਗਰ ਕੀਰਤਨ ਦੌਰਾਨ ਗੁਰੂਘਰ ਅੰਦਰ ਵੱਖ ਵੱਖ ਸੁਆਦਿਸ਼ਟ ਖਾਣਿਆਂ ਦੇ ਸਟਾਲ ਲੱਗੇ ਹੋਏ ਸਨ। ਜਿੰਨ੍ਹਾਂ ਦਾ ਸੰਗਤਾਂ ਨੇ ਖੂਬ ਅਨੰਦ ਮਾਣਿਆ। ਗੁਰੂਘਰ ਅੰਦਰ "ਸਿੱਖ ਕੌਂਸ਼ਲ ਆਫ ਸੈਂਟਰਲ ਕੈਲੇਫੋਰਨੀਆਂ" ਅਤੇ ਹੋਰ ਅਨੇਕਾਂ ਬੂਥ ਲੱਗੇ ਹੋਏ ਸਨ। ਇਸ ਤੋਂ ਇਲਾਵਾ ਬਸਤਾ ਅਤੇ ਰਸਤਾ ਦੀਆਂ ਦੁਕਾਨਾ ਵੀ ਭਾਰਤੀ ਮੇਲੇ ਦੀ ਤਸਵੀਰ ਪੇਸ਼ ਕਰ ਰਹੀਆਂ ਸਨ। ਇਸ ਸਮੁੱਚੇ ਨਗਰ ਕੀਰਤਨ ਵਿੱਚ ਸੰਗਤਾ ਦੇ ਹਜ਼ਾਰਾ ਦੀ ਗਿਣਤੀ ਵਿੱਚ ਸੰਗਤਾਂ ਦੇ ਭਾਰੀ ਇਕੱਠ ਨੇ ਆਪਣੇ ਸਰਧਾ ਦੇ ਫੁੱਲ ਭੇਟ ਕਰਦੇ ਹੋਏ ਹਾਜ਼ਰੀਆਂ ਭਰੀਆਂ। ਨਗਰ ਕੀਰਤਨ ਦੌਰਾਨ ਸਥਾਨਿਕ ਪੁਲੀਸ, ਸ਼ੈਰਫ ਡਿਪਾਰਟਮੈਂਟ ਅਤੇ ਪ੍ਰਾਈਵੇਟ ਸਕਿਉਰਟੀ ਦੁਆਰਾ ਸੁਰੱਖਿਆ ਦੇ ਪ੍ਰਬੰਧ ਬਹੁਤ ਵਧੀਆਂ ਅਤੇ ਮਜਬੂਤ ਕੀਤੇ ਗਏ ਸਨ। ਇਸ ਨਗਰ ਕੀਰਤਨ ਦੀ ਸਫਲਤਾ ਲਈ ਗੁਰੂਘਰ ਦੇ ਪ੍ਰਬੰਧਕ, ਇਲਾਕੇ ਭਰ ਦੇ ਗੁਰੂਘਰ ਅਤੇ ਸੰਗਤਾਂ ਵਧਾਈ ਦੇ ਪਾਤਰ ਹਨ। ਜਿੰਨ੍ਹਾਂ ਸਭ ਦੇ ਸਹਿਯੋਗ ਸਦਕਾ ਇਹ ਨਗਰ ਕੀਰਤਨ ਯਾਦਗਾਰੀ ਹੋ ਨਿਬੜਿਆ।

# ਅਮਰੀਕੀ: ਮੇਅਰ ਨੂੰ ਮਾਰਨ ਦੀ ਧਮਕੀ ਦੇਣ ਵਾਲੀ ਫਿਲਸਤੀਨ ਸਮੱਰਥਕ ਗੁਜਰਾਤੀ ਮੂਲ ਦੀ ਲੜਕੀ ਗ੍ਰਿਫ਼ਤਾਰ



ਨਿਊਯਾਰਕ, : ਅਮਰੀਕਾ ਦੇ ਕੈਲੀਫੋਰਨੀਆ ਵਿੱਚ ਰਹਿਣ ਵਾਲੀ ਮੂਲ ਰੂਪ ਵਿੱਚ ਭਾਰਤ ਤੋਂ ਗੁਜਰਾਤ ਨਾਲ ਪਿਛੋਕੜ ਰੱਖਣ ਵਾਲੀ ਇੱਕ ਲੜਕੀ ਰਿਧੀ ਪਟੇਲ ਨੂੰ ਕੈਲੀਫੋਰਨੀਆ ਦੇ ਬੇਕਰਸਫੀਲਡ ਦੇ ਮੇਅਰ ਸਮੇਤ ਇਜ਼ਰਾਈਲ ਦਾ ਵਿਰੋਧ ਕਰਨ ਅਤੇ ਫਲਸਤੀਨ ਦਾ ਸਮਰਥਨ ਕਰਨ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ। ਅਮਰੀਕੀ ਮੀਡੀਆ ਦੀਆਂ ਰਿਪੋਰਟਾਂ ਦੇ ਮੁਤਾਬਕ ਰਿਧੀ ਪਟੇਲ ਨੂੰ ਬੀਤੇ ਦਿਨ ਸ਼ੁੱਕਰਵਾਰ ਨੂੰ ਅਦਾਲਤ 'ਚ ਪੇਸ਼ ਕੀਤਾ ਗਿਆ ਜਿੱਥੇ ਉਸ ਨੇ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਬੇਕਰਸਫੀਲਡ ਦੇ ਮੇਅਰ ਅਤੇ ਸਿਟੀ ਕੌਂਸਲ ਦੇ ਮੈਂਬਰਾਂ ਦੀ ਮੌਜੂਦਗੀ ਵਿੱਚ ਜੰਗਬੰਦੀ ਦਾ ਮਤਾ ਪਾਸ ਕਰਨ ਲਈ ਹੋਈ ਸੁਣਵਾਈ ਦੌਰਾਨ ਰਿਧੀ ਪਟੇਲ ਨੇ ਨਾ ਸਿਰਫ਼ ਫਲਸਤੀਨ ਦੀ ਵਕਾਲਤ ਕੀਤੀ, ਸਗੋਂ ਇਜ਼ਰਾਈਲ ਦਾ ਸਮਰਥਨ ਕਰਨ ਵਾਲਿਆਂ ਵਿਰੁੱਧ ਵੀ ਰੇੜਕਾ ਮਾਰਿਆ। ਕਿਸੇ ਨੂੰ ਫਿਲਸਤੀਨ ਜਾਂ ਉਸ ਦੇਸ਼ ਦੀ ਪਰਵਾਹ ਨਹੀਂ ਹੈ। ਜਿੱਥੇ ਲੋਕਾਂ 'ਤੇ ਜ਼ੁਲਮ ਹੋ ਰਹੇ ਹਨ। ਤੁਹਾਡੇ ਵਿੱਚੋਂ ਕਿਸੇ ਨੂੰ ਕੋਈ ਪਰਵਾਹ ਨਹੀਂ ਕਿ ਇੱਥੇ ਲੋਕ ਕਿਵੇਂ ਸਤਾਏ ਜਾਂਦੇ ਹਨ। ਚੰਗਾ ਹੋਵੇਗਾ ਜੇ ਕੋਈ ਗਿਲੋਟੀਨ ਲਿਆ ਕੇ ਤੁਹਾਡਾ ਗਲਾ ਕੱਟ ਦੇਵੇ। ਰਿਧੀ ਦੇ ਵਿਵਾਦਿਤ ਇਸ ਬਿਆਨ ਦੇ ਲਈ ਕੁੱਲ 16 ਸਾਥੀਆਂ 'ਤੇ ਦੋਸ਼ ਆਇਦ ਕੀਤੇ ਗਏ ਹਨ। ਇਸ ਸਮੇਂ ਉਹ 2 ਮਿਲੀਅਨ ਡਾਲਰ ਦੇ ਬਾਂਡ ਦੇ ਨਾਲ ਜੇਲ੍ਹ ਦੇ ਵਿੱਚ ਹੈ।

# ਕਨੇਡਾ 'ਚ ਸੜਕ ਹਾਦਸੇ ਦਾ ਸ਼ਿਕਾਰ ਹੋਇਆ ਪੰਜਾਬੀ ਨੌਜਵਾਨ, 1 ਮਹੀਨਾ ਪਹਿਲਾਂ ਹੀ ਗਿਆ ਸੀ ਵਿਦੇਸ਼



ਕੈਨੇਡਾ 'ਤੋਂ ਮੰਦਭਾਗੀ ਖਬਰ ਸਾਹਮਣੇ ਆਈ ਹੈ। ਅੰਮ੍ਰਿਤਸਰ ਦੇ ਹਲਕਾ ਮਜੀਠਾ ਦੇ ਇੱਕ ਨੌਜਵਾਨ ਦੀ ਕੈਨੇਡਾ ਦੇ ਸਰੀ ਸ਼ਹਿਰ ਵਿਖੇ ਭਿਆਨਕ ਸੜਕ ਹਾਦਸੇ 'ਚ ਮੌਤ ਹੋ ਗਈ। ਨੌਜਵਾਨ ਦੀ ਪਛਾਣ 23 ਸਾਲਾਂ ਗੁਰਸਾਹਿਬ ਸਿੰਘ ਵਜੋ ਹੋਈ ਹੈ। ਦੱਸਿਆ ਜਾ ਰਿਹਾ ਹੈ ਗੁਰਸਾਹਿਬ ਸਿੰਘ ਕਰੀਬ 1 ਮਹੀਨਾ ਪਹਿਲਾਂ ਕੈਨੇਡਾ ਦੇ ਸਰੀ ਸ਼ਹਿਰ ਵਿਖੇ ਪੜ੍ਹਾਈ ਕਰਨ ਗਿਆ ਸੀ।

ਗੁਰਸਾਹਿਬ ਸਿੰਘ ਦੀ ਮੌਤ ਸਬੰਧੀ ਉਨ੍ਹਾਂ ਦੇ ਮਾਮਾ ਸੁਖਚੈਨ ਸਿੰਘ ਸੁੱਖ ਭੰਗੂ ਨੇ ਦੱਸਿਆ ਕਿ ਗੁਰਸਾਹਿਬ ਸਿੰਘ ਉਮਰ ਕਰੀਬ 23 ਸਾਲ ਪੁੱਤਰ ਪਲਵਿੰਦਰ ਸਿੰਘ ਬਾਠ ਪਿੰਡ ਮਹੱਧੀਪੁਰ ਪੁਲਿਸ ਥਾਣਾ ਮਜੀਠਾ 1 ਮਹੀਨਾ ਪਹਿਲਾਂ 13 ਮਾਰਚ, 2024 ਨੂੰ ਹੀ ਕੈਨੇਡਾ ਦੇ ਸਰੀ ਸ਼ਹਿਰ ਵਿਚ ਪੜ੍ਹਾਈ ਲਈ ਗਿਆ ਸੀ। 13 ਅਪ੍ਰੈਲ, 2024 ਨੂੰ ਜਦੋਂ ਉਹ ਕਾਲਜ ਤੋਂ ਪੈਦਲ ਆ ਰਿਹਾ ਸੀ ਤਾਂ ਅਚਾਨਕ ਇਕ ਵੱਡਾ ਸੜਕ ਹਾਦਸਾ ਵਾਪਰਿਆ।

ਉਨ੍ਹਾਂ ਦੱਸਿਆ ਕਿ 3 ਓਵਰ ਸਪੀਡ ਗੱਡੀਆਂ ਦੀ ਆਪਸ 'ਚ ਟੱਕਰ ਹੋ ਗਈ ਤੇ ਗੁਰਸਾਹਿਬ ਸਿੰਘ ਵੀ ਉਨ੍ਹਾਂ ਗੱਡੀਆਂ ਦੀ ਲਪੇਟ 'ਚ ਆ ਗਿਆ, ਜਿਸ ਦੀ ਮੌਕੇ 'ਤੇ ਮੌਤ ਹੋ ਗਈ। ਗੁਰਸਾਹਿਬ ਸਿੰਘ ਦੇ ਪਰਿਵਾਰਕ ਮੈਂਬਰਾਂ ਨੇ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਤੋਂ ਮਦਦ ਮੰਗੀ ਹੈ ਤਾਂ ਜੋ ਉਨ੍ਹਾਂ ਨੂੰ ਪੁੱਤਰ ਦੀ ਮ੍ਰਿਤਕ ਦੇਹ ਲਿਆਉਣ ਲਈ ਜਲਦੀ ਕੈਨੇਡਾ ਦਾ ਵੀਜ਼ਾ ਦਿੱਤਾ ਜਾਵੇ।

# ਲੱਖਾ ਸਿਧਾਣਾ ਦਾ MP ਉਮੀਦਵਾਰ ਵਜੋਂ ਐਲਾਨ



ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਲੋਂ ਇੱਕ ਹੋਰ ਉਮੀਦਵਾਰ ਨੂੰ ਟਿਕਟ ਦੇ ਦਿੱਤੀ ਗਈ ਹੈ। ਅਕਾਲੀ ਦਲ (ਅੰਮ੍ਰਿਤਸਰ) ਨੇ ਲਖਵੀਰ ਸਿੰਘ ਉਰਫ ਲੱਖਾ ਸਿਧਾਣਾ ਨੂੰ ਲੋਕ ਸਭਾ ਹਲਕਾ ਬਠਿੰਡਾ ਤੋਂ ਆਪਣਾ ਉਮੀਦਵਾਰ ਐਲਾਨ ਦਿੱਤਾ ਹੈ। ਲੱਖਾ ਸਿਧਾਣਾ ਦਾ ਐਲਾਨ ਅੱਜ ਬਠਿੰਡਾ ਵਿਖੇ ਇਕ ਪ੍ਰੈੱਸ ਕਾਨਫਰੰਸ ਕਰਕੇ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਵਲੋਂ ਕੀਤਾ ਗਿਆ। ਲੱਖਾ ਸਿਧਾਣਾ ਸਮੇਤ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਹੁਣ ਤੱਕ ਕੁਲ 11 ਉਮੀਦਵਾਰ ਐਲਾਨ ਦਿੱਤੇ ਗਏ ਹਨ।

# ਕਨੇਡਾ 'ਚ ਭਾਰਤੀ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ



ਕੈਨੇਡਾ ਦੇ ਵੈਨਕੂਵਰ 'ਚ ਸਨਸੈੱਟ ਇਲਾਕੇ ਵਿੱਚ ਇੱਕ ਭਾਰਤੀ ਵਿਦਿਆਰਥੀ ਨੂੰ ਕਾਰ ਦੇ ਅੰਦਰ ਗੋਲੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। 24 ਸਾਲਾ ਚਿਰਾਗ ਅੰਤਿਲ ਹਰਿਆਣੇ ਦਾ ਰਹਿਣ ਵਾਲਾ ਸੀ। ਮ੍ਰਿਤਕ ਨੌਜਵਾਨ ਨੇ ਹਾਲ ਹੀ ਵਿੱਚ ਆਪਣੀ MBA ਦੀ ਪੜ੍ਹਾਈ ਪੂਰੀ ਕੀਤੀ ਸੀ ਅਤੇ ਉਸ ਨੂੰ ਵਰਕ ਪਰਮਿਟ ਮਿਲਿਆ ਸੀ। ਪੁਲਿਸ ਨੇ ਇਸ ਮਾਮਲੇ 'ਚ ਕੋਈ ਗ੍ਰਿਫ਼ਤਾਰੀ ਨਹੀਂ ਕੀਤੀ ਗਈ ਹੈ ਤੇ ਜਾਂਚ ਜਾਰੀ ਹੈ।

ਵੈਨਕੂਵਰ ਪੁਲਿਸ ਦਾ ਕਹਿਣਾ ਹੈ ਕਿ ਕੈਨੇਡਾ ਦੇ ਦੱਖਣੀ ਵੈਨਕੂਵਰ ਵਿੱਚ ਲੰਘੀ 12 ਅਪ੍ਰੈਲ ਦੀ ਰਾਤ ਨੂੰ 11 ਵਜੇ ਦੇ ਕਰੀਬ ਪੂਰਬੀ 55ਵੇਂ ਐਵੇਨਿਊ ਤੇ ਮੇਨ ਸਟ੍ਰੀਟ 'ਤੇ ਇੱਕ ਭਾਰਤੀ ਵਿਦਿਆਰਥੀ ਦੀ ਕਾਰ ਦੇ ਅੰਦਰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ, ਜਿਸ ਦੀ ਸੂਚਨਾ ਉਸਦੇ ਗੁਆਂਢੀਆਂ ਨੇ ਦਿੱਤੀ ਸੀ। ਸੂਚਨਾ ਮਿਲਣ ਤੋਂ ਬਾਅਦ ਉਹ ਤੁਰੰਤ ਘਟਨਾ ਵਾਲੀ ਥਾਂ ਤੇ ਪਹੁੰਚੇ।

ਪੁਲਿਸ ਨੂੰ ਦਿੱਤੇ ਬਿਆਨ 'ਚ ਗੁਆਂਢੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਅਚਾਨਕ ਘਰ ਦੇ ਬਾਹਰ ਗੋਲੀਆਂ ਚੱਲਣ ਦੀ ਆਵਾਜ਼ ਸੁਣਾਈ ਦਿੱਤੀ। ਇਸ ਤੋਂ ਬਾਅਦ
ਜਦੋਂ ਉਹ ਬਾਹਰ ਆਏ ਤਾਂ ਚਿਰਾਗ ਕਾਰ ਦੇ ਅੰਦਰ ਮ੍ਰਿਤਕ ਪਿਆ ਸੀ। ਪੁਲਿਸ ਨੇ ਮਾਮਲੇ ਦੀ ਜਾਂਚ ਕਰਕੇ ਅਣਪਛਾਤੇ ਹਮਲਾਵਰਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਚਿਰਾਗ ਦੀ ਲਾਸ਼ ਨੂੰ ਵਾਪਸ ਲਿਆਉਣ ਲਈ ਉਸ ਦਾ ਪਰਿਵਾਰ ਫੰਡਿੰਗ ਪਲੇਟਫਾਰਮ GoFundMe ਰਾਹੀਂ ਪੈਸਾ ਇਕੱਠਾ ਕਰ ਰਿਹਾ ਹੈ।




# ਲੋਕ ਸਭਾ ਚੋਣਾਂ 2024 ਲਈ BJP ਨੇ ਪੰਜਾਬ ਤੋਂ 3 ਹੋਰ ਉਮੀਦਵਾਰਾਂ ਦਾ ਕੀਤਾ ਐਲਾਨ




ਭਾਜਪਾ ਨੇ ਪੰਜਾਬ ਵਿੱਚ ਲੋਕ ਸਭਾ ਚੋਣਾਂ ਲਈ ਉਮੀਦਵਾਰਾਂ ਦੀ ਦੂਜੀ ਸੂਚੀ ਜਾਰੀ ਕਰ ਦਿੱਤੀ ਹੈ। ਇਸ ਵਿੱਚ 3 ਉਮੀਦਵਾਰਾਂ ਦਾ ਐਲਾਨ ਕੀਤਾ ਗਿਆ ਹੈ। ਸੂਚੀ ਵਿੱਚ ਪਰਮਪਾਲ ਕੌਰ ਸਿੱਧੂ ਨੂੰ ਬਠਿੰਡਾ ਤੋਂ ਟਿਕਟ ਦਿੱਤੀ ਗਈ ਹੈ। ਹੁਸ਼ਿਆਰਪੁਰ ਤੋਂ ਸ੍ਰੀਮਤੀ ਅਨਿਤਾ ਸੋਮ ਪ੍ਰਕਾਸ਼ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ ਅਤੇ ਖਡੂਰ ਸਾਹਿਬ ਤੋਂ ਮਨਜੀਤ ਸਿੰਘ ਮੰਨਾ ਮੀਆਂਵਿੰਡ ਨੂੰ ਟਿਕਟ ਦਿੱਤੀ ਗਈ ਹੈ।

ਇਸ ਤੋਂ ਪਹਿਲਾਂ 30 ਮਾਰਚ ਨੂੰ ਭਾਜਪਾ ਨੇ ਲੋਕ ਸਭਾ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕੀਤੀ ਸੀ। ਇਸ ਵਿੱਚ ਛੇ ਉਮੀਦਵਾਰਾਂ ਦਾ ਐਲਾਨ ਕੀਤਾ ਗਿਆ। ਇਨ੍ਹਾਂ 'ਚ ਜਲੰਧਰ ਤੋਂ 'ਆਪ' ਛੱਡਣ ਵਾਲੇ ਸੁਸ਼ੀਲ ਰਿੰਕੂ, ਲੁਧਿਆਣਾ ਤੋਂ ਕਾਂਗਰਸ ਛੱਡਣ ਵਾਲੇ ਰਵਨੀਤ ਸਿੰਘ ਬਿੱਟੂ, ਪਟਿਆਲਾ ਤੋਂ ਕਾਂਗਰਸ ਛੱਡਣ ਵਾਲੇ ਪ੍ਰਨੀਤ ਕੌਰ, ਫਰੀਦਕੋਟ ਤੋਂ ਹੰਸਰਾਜ ਹੰਸ, ਗੁਰਦਾਸਪੁਰ ਤੋਂ ਦਿਨੇਸ਼ ਬੱਬੂ ਅਤੇ ਅੰਮ੍ਰਿਤਸਰ ਤੋਂ ਤਰਨਜੀਤ ਸਿੰਘ ਸੰਧੂ ਦੇ ਨਾਂ ਸ਼ਾਮਲ ਹਨ।






# ਚੋਣਾਂ ਤੋਂ ਪਹਿਲਾਂ ਸਾਬਕਾ ਅਮਰੀਕੀ ਰਾਸ਼ਟਰਪਤੀ ਟਰੰਪ ਨੂੰ ਝਟਕਾ; ਅਪਰਾਧਿਕ ਮੁਕੱਦਮਾ ਸ਼ੁਰੂ



ਨਿਊਯਾਰਕ - ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਖਿਲਾਫ ਅਪਰਾਧਿਕ ਮੁਕੱਦਮਾ ਸ਼ੁਰੂ ਹੋ ਗਿਆ ਹੈ। ਯਾਨੀ ਉਸ ਨੂੰ ਅਪਰਾਧਿਕ ਜੁਰਮ ਵਿਚ ਅਦਾਲਤ ਵਿਚ ਪੇਸ਼ ਹੋਣਾ ਪੈਣਾ ਹੈ। ਅਮਰੀਕਾ ਦੇ ਇਤਿਹਾਸ 'ਚ ਇਹ ਪਹਿਲੀ ਵਾਰ ਹੈ ਕਿ ਕਿਸੇ ਸਾਬਕਾ ਰਾਸ਼ਟਰਪਤੀ 'ਤੇ ਅਪਰਾਧਿਕ ਮਾਮਲੇ 'ਚ ਮੁਕੱਦਮਾ ਚਲਾਇਆ ਗਿਆ ਹੈ। ਇਹ ਮੁਕੱਦਮਾ ਟਰੰਪ 'ਤੇ ਆਪਣੇ ਸੈਕਸ ਸਕੈਂਡਲ ਨੂੰ ਲੁਕਾਉਣ ਲਈ ਕਾਰੋਬਾਰੀ ਰਿਕਾਰਡ ਨਾਲ ਛੇੜਛਾੜ ਕਰਨ ਦੇ ਦੋਸ਼ ਹੇਠ ਹੈ। ਡੋਨਾਲਡ ਟਰੰਪ ਇਸ ਸਾਲ ਦੁਬਾਰਾ ਰਾਸ਼ਟਰਪਤੀ ਲਈ ਚੋਣ ਲੜਨ ਲਈ ਤਿਆਰ ਹਨ ਅਤੇ ਦੁਨੀਆਂ ਦਾ ਸਭ ਤੋਂ ਸ਼ਕਤੀਸ਼ਾਲੀ ਆਦਮੀ ਬਣਨ ਦਾ ਟੀਚਾ ਰੱਖਦੇ ਹਨ। ਇਹ ਅਪਰਾਧਿਕ ਮੁਕੱਦਮਾ ਉਸ ਦੀ ਸਾਖ ਨੂੰ ਖਰਾਬ ਕਰਨਾ ਯਕੀਨੀ ਹੈ। ਸਮੱਸਿਆ ਇਹ ਹੈ ਕਿ ਟਰੰਪ ਹੁਣ ਚੋਣ ਪ੍ਰਚਾਰ ਕਰ ਰਹੇ ਹਨ ਅਤੇ ਚੋਣ ਪ੍ਰਚਾਰ ਦੇ ਨਾਲ ਟਰੰਪ ਨੂੰ ਅਦਾਲਤ ਵਿਚ ਕੇਸ ਵੀ ਲੜਨਾ ਪਵੇਗਾ। ਡੋਨਾਲਡ ਟਰੰਪ ਨੇ ਜੱਜ ਜੁਆਨ ਮਰਸੇਨ ਨੂੰ ਕੇਸ ਤੋਂ ਹਟਾਉਣ ਦੀ ਕੋਸ਼ਿਸ਼ ਵੀ ਕੀਤੀ ਸੀ। ਪਰ ਉਹ ਅਸਫਲ ਰਹੇ। ਜੱਜ ਨੇ ਐਲਾਨ ਕੀਤਾ ਕਿ ਉਹ ਇਸ ਕੇਸ ਨੂੰ ਜਾਰੀ ਰੱਖੇਗਾ। ਟਰੰਪ ਨੇ ਜੱਜ ਦੀ ਧੀ ਨੂੰ ਇਹ ਕਹਿ ਕੇ ਕੇਸ ਤੋਂ ਹਟਾਉਣ ਦੀ ਅਸਫਲ ਕੋਸ਼ਿਸ਼ ਕੀਤੀ ਕਿ ਉਹ ਡੈਮੋਕ੍ਰੇਟਿਕ ਪਾਰਟੀ ਦੀ ਸਿਆਸੀ ਸਲਾਹਕਾਰ ਹੈ। ਜੱਜ ਦਾ ਕਹਿਣਾ ਹੈ ਕਿ ਟਰੰਪ ਦੇ ਵਿਰੋਧੀਆਂ ਲਈ ਕੰਮ ਕਰਨ ਵਾਲੀ ਆਪਣੀ ਧੀ ਨਾਲ ਉਸਦਾ ਕੋਈ ਲੈਣਾ-ਦੇਣਾ ਨਹੀਂ ਹੈ। ਇਸ ਦਾ ਮਤਲਬ ਹੈ ਕਿ ਉਨ੍ਹਾਂ ਦਾ ਟਰੰਪ ਖਿਲਾਫ ਕੋਈ ਲੁਕਵਾਂ ਏਜੰਡਾ ਨਹੀਂ ਹੈ। ਟਰੰਪ ਦੇ ਖਿਲਾਫ ਕੇਸ ਦੀ ਸੁਣਵਾਈ ਲਈ ਹੁਣ ਇੱਕ ਜਿਊਰੀ ਦੀ ਚੋਣ ਕੀਤੀ ਜਾਵੇਗੀ, ਜਿਸ ਵਿਚ ਦੋ ਹਫ਼ਤੇ ਲੱਗ ਸਕਦੇ ਹਨ। ਇਸ ਤੋਂ ਬਾਅਦ ਸੁਣਵਾਈ ਜੂਨ 'ਚ ਸ਼ੁਰੂ ਹੋ ਸਕਦੀ ਹੈ। ਡੋਨਾਲਡ ਟਰੰਪ ਲਈ ਇਹ ਬਹੁਤ ਸ਼ਰਮਨਾਕ ਸਥਿਤੀ ਹੋਵੇਗੀ ਕਿਉਂਕਿ ਉਹ ਜਿਸ ਅਤੀਤ ਨੂੰ ਦਫਨਾਉਣਾ ਚਾਹੁੰਦਾ ਸੀ, ਉਹ ਉਸ ਨੂੰ ਫਿਰ ਤੋਂ ਦੁਨੀਆਂ ਸਾਹਮਣੇ ਪੇਸ਼ ਕੀਤਾ ਜਾਵੇਗਾ। ਟਰੰਪ ਦੇ ਸਾਬਕਾ ਸਹਿਯੋਗੀ ਮਾਈਕਲ ਕੋਹੇਨ ਨੇ ਆਪਣੇ ਜਿਨਸੀ ਸਬੰਧਾਂ ਬਾਰੇ ਚੁੱਪ ਰਹਿਣ ਲਈ ਸਟੋਰਮੀ ਡੈਨੀਅਲ ਨਾਮਕ ਇੱਕ ਬਾਲਗ ਸਟਾਰ ਨੂੰ 1.3 ਮਿਲੀਅਨ ਡਾਲਰ ਦਾ ਭੁਗਤਾਨ ਕੀਤਾ। ਟਰੰਪ ਅਤੇ ਸਟੋਰਮੀ ਦਾ ਇੱਕ ਦਹਾਕਾ ਪਹਿਲਾਂ ਜਿਨਸੀ ਸਬੰਧ ਸੀ ਅਤੇ ਇਸ ਬਾਰੇ ਚੁੱਪ ਰਹਿਣ ਲਈ ਬਹੁਤ ਵਧੀਆ ਭੁਗਤਾਨ ਕੀਤਾ ਗਿਆ ਸੀ।

ਟਰੰਪ ਨੇ ਆਪਣੇ 'ਤੇ ਲੱਗੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਟਰੰਪ ਨੇ ਇਸ ਤੋਂ ਪਹਿਲਾਂ ਮਾਮਲੇ ਦੇ ਗਵਾਹਾਂ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਹਾਲਾਂਕਿ, ਟਰੰਪ ਨੇ ਸੋਸ਼ਲ ਮੀਡੀਆ 'ਤੇ ਟਿੱਪਣੀਆਂ ਕੀਤੀਆਂ। ਇਸ ਕਾਰਨ ਸਰਕਾਰੀ ਵਕੀਲ ਨੇ ਜੱਜ ਨੂੰ ਉਸ ਨੂੰ 3000 ਡਾਲਰ ਜੁਰਮਾਨਾ ਕਰਨ ਦੀ ਬੇਨਤੀ ਕੀਤੀ। ਟਰੰਪ ਦੇ ਖਿਲਾਫ ਕੇਸ ਦੀ ਸੁਣਵਾਈ ਲਈ ਹੁਣ 12 ਮੈਂਬਰੀ ਜਿਊਰੀ ਦੀ ਚੋਣ ਕੀਤੀ ਜਾਵੇਗੀ। ਟਰੰਪ ਦੇ ਖਿਲਾਫ ਕੁੱਲ ਚਾਰ ਅਪਰਾਧਿਕ ਮਾਮਲੇ ਹਨ, ਜਿਨ੍ਹਾਂ 'ਚੋਂ ਇਹ ਮਾਮਲਾ ਸਭ ਤੋਂ ਗੰਭੀਰ ਮੰਨਿਆ ਜਾਂਦਾ ਹੈ। ਪਰ ਇਹ ਇੱਕ ਅਜਿਹਾ ਮਾਮਲਾ ਹੈ, ਜੋ 5 ਨਵੰਬਰ ਨੂੰ ਹੋਣ ਵਾਲੀਆ ਰਾਸ਼ਟਰਪਤੀ ਚੋਣ ਤੋਂ ਪਹਿਲਾਂ ਸ਼ੁਰੂ ਹੋ ਜਾਵੇਗਾ, ਜਦੋਂ ਕਿ ਬਾਕੀ ਮਾਮਲੇ ਚੋਣਾਂ ਤੋਂ ਬਾਅਦ ਸ਼ੁਰੂ ਹੋਣੇ ਹਨ। ਜੇਕਰ ਟਰੰਪ ਇਸ ਮਾਮਲੇ 'ਚ ਦੋਸ਼ੀ ਪਾਏ ਜਾਂਦੇ ਹਨ, ਤਾਂ ਉਹ ਰਾਸ਼ਟਰਪਤੀ ਦੇ ਅਹੁਦੇ 'ਤੇ ਰਹਿ ਸਕਦੇ ਹਨ ਪਰ ਉਨ੍ਹਾਂ ਦੇ ਆਪ ਹੀ ਚੋਣ ਹਾਰ ਜਾਣ ਦੀ ਸੰਭਾਵਨਾ ਵੀ ਜ਼ਿਆਦਾ ਹੈ। ਕਿਹਾ ਜਾਂਦਾ ਹੈ ਕਿ ਅਮਰੀਕੀ ਰਾਸ਼ਟਰਪਤੀ ਰਹਿ ਚੁੱਕੇ ਟਰੰਪ ਨੂੰ ਬੋਲਣਾ ਵੀ ਨਹੀ ਆਉਂਦਾ। 2005 ਵਿਚ ਉਨ੍ਹਾਂ ਕਿਹਾ ਕਿ ਔਰਤਾਂ ਨੂੰ ਬਿਨਾਂ ਪੁੱਛੇ ਮਰਜ਼ੀ ਨਾਲ ਲਿਆ ਜਾਣਾ ਚਾਹੀਦਾ ਹੈ। ਇਨ੍ਹਾਂ ਗੱਲਬਾਤਾਂ ਦੀ ਰਿਕਾਰਡਿੰਗ ਵੀ ਮੌਜੂਦ ਹੈ। ਹਾਲਾਂਕਿ, ਇਹ ਰਿਕਾਰਡਿੰਗ ਅਦਾਲਤ ਵਿਚ ਨਹੀਂ ਚਲਾਈ ਜਾਵੇਗੀ। ਇਹ ਰਿਕਾਰਡਿੰਗ 2016 ਵਿਚ ਜਾਰੀ ਕੀਤੀ ਗਈ ਸੀ, ਜਦੋਂ ਟਰੰਪ ਆਪਣੀ ਚੋਣ ਮੁਹਿੰਮ ਦੇ ਆਖਰੀ ਪੜਾਅ ਵਿਚ ਸਨ।

# ਲੈਂਬਰਗਿਨੀ ਅਤੇ ਬੀ.ਐਮ.ਡਬਲਿਊ. ਖੋਹਣ ਦੇ ਮਾਮਲੇ 'ਚ ਪੰਜਾਬੀ ਸਣੇ 3 ਕਾਬੂ

## ਟੋਰਾਂਟੋ ਪੁਲਿਸ ਨੇ ਬਰਾਮਦ ਕੀਤੀਆਂ 6 ਲੱਖ ਡਾਲਰ ਦੀਆਂ ਗੱਡੀਆਂ



ਟੋਰਾਂਟੋ (ਪੰਜਾਬ ਸਟਾਰ ਬਿਊਰੋ): ਟੋਰਾਂਟੋ ਦੀਆਂ ਸੜਕਾਂ ਤੋਂ ਮਹਿੰਗੀਆਂ ਗੱਡੀਆਂ ਲੁੱਟਣ ਵਾਲੇ ਤਿੰਨ ਸ਼ੱਕੀਆਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ ਜਿਨ੍ਹਾਂ ਵਿਚੋਂ ਇਕ ਦੀ ਸ਼ਨਾਖਤ ਮਿਸੀਸਾਗਾ ਦੇ ਮਹਿਕਾਸ਼ ਸੋਹਲ ਵਜੋਂ ਕੀਤੀ ਗਈ ਹੈ। ਪੁਲਿਸ ਨੇ ਦੱਸਿਆ ਕਿ ਸ਼ੱਕੀਆਂ ਕੋਲੋਂ 2024 ਮਾਡਲ ਬੀ.ਐਮ.ਡਬਲਿਊ. ਅਤੇ 2021 ਮਾਡਲ ਲੈਂਬਰਗਿਨੀ ਗੱਡੀਆਂ ਬਰਾਮਦ ਹੋਈਆਂ ਜਿਨ੍ਹਾਂ ਦੀ ਕੀਮਤ ਤਕਰੀਬਨ 6 ਲੱਖ ਡਾਲਰ ਬਣਦੀ ਹੈ। ਪੁਲਿਸ ਨੇ ਦੱਸਿਆ ਕਿ 6 ਅਪ੍ਰੈਲ ਨੂੰ ਦਿਨ ਦਿਹਾੜੇ ਐਲਜ਼ਮੇਅਰ ਰੋਡ ਅਤੇ ਕੈਨੇਡੀ ਰੋਡ ਇਲਾਕੇ ਵਿਚ ਬੀ.ਐਮ.ਡਬਲਿਊ ਕਾਰ ਲੁੱਟੀ ਗਈ। ਗੱਡੀ ਇਕ ਪਾਰਕਿੰਗ ਵਿਚ ਖੜ੍ਹੀ ਸੀ ਜਦੋਂ ਕਾਲੇ ਕੱਪੜਿਆਂ ਵਾਲੇ ਨਕਾਬਪੋਸ਼ ਆਏ ਅਤੇ ਗੱਡੀ ਦੇ ਮਾਲਕ ਨੂੰ ਘੇਰ ਲਿਆ। ਸ਼ੱਕੀਆਂ ਨੇ ਪਸਤੌਲ ਦੀ ਨੋਕ 'ਤੇ ਉਸ ਤੋਂ ਚਾਬੀਆਂ ਖੋਹ ਲਈਆਂ ਅਤੇ ਗੱਡੀ ਲੈ ਕੇ ਮੌਕੇ ਤੋਂ ਫਰਾਰ ਹੋ ਗਏ।

ਇਸ ਮਗਰੋਂ 11 ਅਪ੍ਰੈਲ ਨੂੰ ਫਿਰ ਇਕ ਵਾਰਦਾਤ ਸਾਹਮਣੇ ਆਈ ਜਦੋਂ ਚਾਰ ਸ਼ੱਕੀਆਂਨੇ ਇਕ ਗੈਸ ਸਟੇਸ਼ਨ 'ਤੇ ਚਿੱਟੇ ਰੰਗ ਦੀ ਲੈਂਬਰਗਿਨੀ ਦੇ ਮਾਲਕ ਨੂੰ ਘੇਰ ਲਿਆ। ਯੌਂਗ ਸਟ੍ਰੀਟ ਅਤੇ ਸ਼ੈਪਰਡ ਐਵੇਨਿਊ ਇਲਾਕੇ ਵਿਚ ਹੋਈ ਵਾਰਦਾਤ ਦੌਰਾਨ ਗੱਡੀ ਦੇ ਮਾਲਕ ਦੀ ਕੁੱਟਮਾਰ ਵੀ ਕੀਤੀ ਗਈ ਅਤੇ ਬਾਅਦ ਵਿਚ ਸ਼ੱਕੀ ਗੱਡੀ ਲੈ ਕੇ ਫਰਾਰ ਹੋ ਗਏ। ਦੋਹਾਂ ਮਾਮਲਿਆਂ ਦੀ ਪੜਤਾਲ ਕਰ ਰਹੇ ਪੁਲਿਸ ਅਫਸਰਾਂ ਨੂੰ ਇਕ ਪਾਰਕਿੰਗ ਲੌਟ ਵਿਚ ਉਹੀ ਬੀ.ਐਮ.ਡਬਲਿਊ ਨਜ਼ਰ ਆਈ ਜੋ 6 ਅਪ੍ਰੈਲ ਨੂੰ ਖੋਹੀ ਗਈ ਸੀ। ਪੁਲਿਸ ਨੇ ਤੁਰਕ ਹਰਕਤ ਵਿਚ ਆਉਂਦਿਆਂ ਇਸ ਵਿਚ ਸਵਾਰ ਤਿੰਨ ਸ਼ੱਕੀਆਂ ਨੂੰ ਗ੍ਰਿਫ਼ਤਾਰ ਕਰ ਲਿਆ। ਸੁਪਰਡੈਂਟ ਐਂਡੀ ਸਿੰਘ ਨੇ ਦੱਸਿਆ ਕਿ ਸ਼ੱਕੀਆਂ ਨੂੰ ਕਾਬੂ ਕਰਨ ਲਈ ਪੁਲਿਸ ਅਫਸਰਾਂ ਨੂੰ ਗੱਡੀ ਦਾ ਸ਼ੀਸ਼ਾ ਤੋੜ ਕੇ ਟੇਜ਼ਰ ਦੀ ਵਰਤੋਂ ਕਰਨੀ ਪਈ। ਸ਼ੱਕੀਆਂ ਕੋਲੋਂ ਤਿੰਨ ਹਥਿਆਰ ਅਤੇ 18 ਹਜ਼ਾਰ ਡਾਲਰ ਨਕਦ ਬਰਾਮਦ ਕੀਤੇ ਗਏ। 21 ਸਾਲ ਦੇ ਮਹਿਕਾਸ਼ ਸੋਹਲ ਤੋਂ ਇਲਾਵਾ ਓਕਵਿਲ ਦੇ 19 ਸਾਲਾ ਡੈਕਨ ਗਰੀਨ ਅਤੇ ਓਸ਼ਾਵਾ ਦੇ 17 ਸਾਲਾ ਅੱਲ੍ਹੜ ਨੂੰ ਗ੍ਰਿਫ਼ਤਾਰ ਕੀਤਾ ਗਿਆ ਜਿਸ ਦੀ ਪਛਾਣ ਜਨਤਕ ਨਹੀਂ ਕੀਤੀ ਗਈ।

# ਤਰਕਸ਼ੀਲ ਸੋਸਾਇਟੀ ਕਨੇਡਾ ਦੀ ਓਨਟਾਰੀਓ ਇਕਾਈ ਦਾ ਜਨਰਲ ਇਜਲਾਸ 21 ਅਪ੍ਰੈਲ ਨੂੰ

ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ) ਤਰਕਸ਼ੀਲ ਸੋਸਾਇਟੀ ਕਨੇਡਾ ਦੀ ਓਨਟਾਰੀਓ ਇਕਾਈ ਦੀ ਕਾਰਜਕਰਨੀ ਦੀ ਬੀਤੇ ਐਤਵਾਰ ਹੋਈ ਮੀਟਿੰਗ ਵਿੱਚ ਫੈਸਲਾ ਲਿਆ ਗਿਆ ਕਿ ਇਕਾਈ ਦਾ ਜਨਰਲ ਇਜਲਾਸ ਜਿਸ ਵਿੱਚ ਸੰਵਿਧਾਨ ਐਲਾਨਨਾਮੇ ਅਤੇ ਬੀਤੇ ਸਾਲ ਦੀਆਂ ਗਤੀ ਵਿਧੀਆਂ ਤੇ ਵਿਚਾਰ ਚਰਚਾ ਕਰਨ ਦੇ ਨਾਲ ਨਵੀਂ ਕਾਰਜਕਰਨੀ ਦੀ ਚੋਣ ਵੀ ਕੀਤੀ ਜਾਣੀ ਹੈ, 21 ਅਪਰੈਲ, ਐਤਵਾਰ ਨੂੰ ਚਿੰਕੂਜ਼ੀ ਵੈਲਨੈਸ ਸੈਂਟਰ ਵਿੱਚ ਸਵੇਰੇ 8:30 ਵਜੇ ਤੋਂ 12 ਵਜੇ ਤੱਕ ਕੀਤਾ ਜਾਵੇ। ਇਸ ਸਮੇਂ ਮੈਂਬਰਾਂ ਦੀ ਅਗਲੇ ਸਾਲ ਲਈ ਮੈਂਬਰਸ਼ਿਪ ਵੀ ਨਵਿਆਈ ਜਾਵੇਗੀ। ਮੀਟਿੰਗ ਵਿਚ ਇਜਲਾਸ ਵਿੱਚ ਪੇਸ਼ ਕੀਤੀ ਜਾਣ ਵਾਲੀ ਬੀਤੇ ਦੋ ਸਾਲਾਂ ਦੀਆਂ ਗਤੀ ਵਿਧੀਆਂ ਦੀ ਰਿਪੋਰਟ ਤੇ ਵੀ ਭਰਪੂਰ ਚਰਚਾ ਹੋਈ। ਮੈਂਬਰਾਂ ਵਲੋਂ ਇਜਲਾਸ ਦੇ ਸ਼ੁਰੂ ਵਿੱਚ ਇਸ ਸਮੇਂ ਦਰਮਿਆਨ ਸਦੀਵੀ ਵਿਛੋੜਾ ਦੇ ਗਏ ਸਾਥੀਆਂ ਨੂੰ ਸ਼ਰਧਾਂਜਲੀ ਦੇਣ ਦਾ ਫੈਸਲਾ ਵੀ ਲਿਆ ਗਿਆ। ਸੁਸਾਇਟੀ ਵਹਿਮਾਂ ਭਰਮਾਂ ਦੇ ਖਿਲਾਫ ਪ੍ਰਚਾਰ ਕਰਨ ਦੇ ਨਾਲ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀ ਸੋਚ ਤੇ ਪਹਿਰਾ ਦਿੰਦਿਆਂ, ਚੰਗੇ, ਲੁੱਟ ਰਹਿਤ ਸਮਾਜ ਦੀ ਸਿਰਜਣਾ ਲਈ ਕੀਤੇ ਜਾਂਦੇ ਉਪਰਾਲਿਆਂ ਵਿੱਚ ਵੀ ਅਗਾਂਹਵਧੂ ਜਥੇਬੰਦੀਆਂ ਦੇ ਯਤਨਾ ਵਿੱਚ ਸਹਿਯੋਗ ਦਿੰਦੀ ਰਹਿੰਦੀ ਹੈ। ਮੀਟਿੰਗ ਦਾ ਬੜੇ ਵਧੀਆ ਤਰੀਕੇ ਨਾਲ ਸੰਚਾਲਨ ਇਕਾਈ ਦੇ ਜਨਰਲ ਸਕੱਤਰ ਅਮਨਦੀਪ ਮੰਡੇਰ ਨੇ ਕੀਤਾ ਅਤੇ ਇਜਲਾਸ ਵਿੱਚ ਪੜ੍ਹੀ ਜਾਣ ਵਾਲੀ ਰਿਪੋਰਟ ਵੀ ਵਿਚਾਰ ਚਰਚਾ ਲਈ ਪੇਸ਼ ਕੀਤੀ। ਕਾਰਜਕਰਨੀ ਦੇ ਮੈਂਬਰਾਂ ਵਲੋਂ ਰਿਪੋਰਟ ਦੀ ਵਧੀਆ ਤਰੀਕੇ ਨਾਲ ਕੀਤੀ ਰਚਨਾ ਦੀ ਸਰਾਉਣਾ ਕੀਤੀ ਗਈ। ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ, ਅਮਨਦੀਪ ਮੰਡੇਰ (647 782 8334) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਕੈਨੇਡਾ 'ਚ ਮਹਿੰਗਾਈ ਵਧੀ, ਵਿਆਜ ਦਰਾਂ 'ਚ ਕਟੌਤੀ ਨਹੀਂ ਹੋਵੇਗੀ ਪ੍ਰਭਾਵਿਤ

## ਗਰੌਸਰੀ ਕੀਮਤਾਂ ਵਿੱਚ ਵਾਧੇ ਨੂੰ ਪਈ ਠੱਲ੍ਹ



ਟੋਰਾਂਟੋ : ਕੈਨੇਡਾ ਵਿਚ ਮਾਰਚ ਮਹੀਨੇ ਦੌਰਾਨ ਮਹਿੰਗਾਈ ਦਰ ਮਾਮੂਲੀ ਤੌਰ 'ਤੇ ਵਧ ਗਈ ਪਰ ਇਸ ਨਾਲ ਬੈਂਕ ਆਫ ਕੈਨੇਡਾ ਵੱਲੋਂ ਵਿਆਜ ਦਰਾਂ ਘਟਾਉਣ ਦੀ ਯੋਜਨਾ ਪ੍ਰਭਾਵਤ ਨਹੀਂ ਹੋਵੇਗੀ। ਬੈਂਕ ਦੇ ਗਵਰਨਰ ਟਿਫ ਮੈਕਲਮ ਨੇ ਕਿਹਾ ਹੈ ਕਿ ਮਹਿੰਗਾਈ ਦਰ ਦਾ ਕੰਟਰੋਲ ਵਿਚ ਰਹਿਣਾ ਦਰਸਾਉਂਦਾ ਹੈ ਕਿ ਮੁਲਕ ਦਾ ਅਰਥਚਾਰਾ ਮਜ਼ਬੂਤੀ ਵੱਲ ਵਧ ਰਿਹਾ ਹੈ। ਫਰਵਰੀ ਵਿਚ ਮਹਿੰਗਾਈ ਦਰ 2.8 ਫੀ ਸਦੀ ਦਰਜ ਕੀਤੀ ਗਈ ਜੋ ਮਾਰਚ ਵਿਚ ਵਧ ਕੇ 2.9 ਫੀ ਸਦੀ ਹੋ ਗਈ। ਤੇਲ ਕੀਮਤਾਂ ਵਿਚ ਮਾਰਚ ਦੌਰਾਨ 4.5 ਫੀ ਸਦੀ ਵਾਧਾ ਹੋਇਆ ਜਿਸ ਦੇ ਸਿੱਟੇ ਵਜੋਂ ਮਹਿੰਗਾਈ ਦਰ ਵੀ ਉਪਰ ਵੱਲ ਗਈ।

ਫਰਵਰੀ ਦੌਰਾਨ ਤੇਲ ਕੀਮਤਾਂ ਵਿਚ ਸਿਰਫ 0.8 ਫੀ ਸਦੀ ਵਾਧਾ ਹੋਇਆ ਸੀ। ਮਕਾਨ ਕਿਰਾਇਆਂ ਵਿਚ 8.5 ਫੀ ਸਦੀ ਵਾਧਾ ਦਰਜ ਕੀਤਾ ਗਿਆ ਜਦਕਿ ਗੁਜ਼ਾਰਾ ਕਰਨ ਵਾਸਤੇ ਦੋ ਹੋਰ ਜ਼ਰੂਰੀ ਚੀਜ਼ਾਂ ਕੱਪੜੇ ਅਤੇ ਜੁੱਤੇ ਸਸਤੇ ਹੋਏ। ਸਭ ਤੋਂ ਅਹਿਗ ਗਰੌਸਰੀ ਵਸਤਾਂ ਪਿਛਲੇ ਸਾਲ ਦੇ ਮੁਕਾਬਲੇ ਭਾਵੇਂ 1.9 ਫੀ ਸਦੀ ਮਹਿੰਗੀਆਂ ਹੋਈਆਂ ਪਰ ਫਰਵਰੀ ਮਹੀਨੇ ਦੇ ਮੁਕਾਬਲੇ ਕੀਮਤਾਂ ਵਿਚ 2.4 ਫੀ ਸਦੀ ਕਮੀ ਦਰਜ ਕੀਤੀ ਗਈ। ਬੈਂਕ ਆਫ ਮੌਂਟਰੀਅਲ ਦੇ ਚੀਫ ਇਕੌਨੋਮਿਸਟ ਡਗਲਸ ਪੋਰਟਰ ਨੇ ਕਿਹਾ ਕਿ ਬਿਨਾਂ ਸ਼ੱਕ ਖਾਣ-ਪੀਣ ਵਾਲੀਆਂ ਵਸਤਾਂ ਦੇ ਭਾਅ ਹੇਠਾਂ ਵੱਲ ਜਾ ਰਹੇ ਹਨ ਅਤੇ ਕੀਮਤਾਂ 'ਤੇ ਇਕ ਸਾਲ ਪਹਿਲਾਂ ਵਰਗਾ ਦਬਾਅ ਮਹਿਸੂਸ ਨਹੀਂ ਹੋ ਰਿਹਾ।

# ਟਾਈਮ ਦੀ 100 ਸਭ ਤੋਂ ਪ੍ਰਭਾਵਸ਼ਾਲੀ ਲੋਕਾਂ ਦੀ ਸੂਚੀ 'ਚ ਅਜੇ ਬੰਗਾ, ਆਲੀਆ ਭੱਟ ਤੇ ਓਲੰਪੀਅਨ ਸਾਕਸ਼ੀ ਮਲਿਕ ਸ਼ਾਮਲ



ਨਿਊਯਾਰਕ (ਪੰਜਾਬ ਸਟਾਰ ਬਿਊਰੋ) : ਵਿਸ਼ਵ ਬੈਂਕ ਦੇ ਪ੍ਰਧਾਨ ਅਜੇ ਬੰਗਾ, ਬਾਲੀਵੁੱਡ ਅਦਾਕਾਰਾ ਆਲੀਆ ਭੱਟ, ਮਾਈਕ੍ਰੋਸਾਫਟ ਕੰਪਨੀ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀ. ਈ. ਓ.) ਸੱਤਿਆ ਨਡੇਲਾ, ਓਲੰਪੀਅਨ ਪਹਿਲਵਾਨ ਸਾਕਸ਼ੀ ਮਲਿਕ ਤੇ ਅਦਾਕਾਰ-ਨਿਰਦੇਸ਼ਕ ਦੇਵ ਪਟੇਲ ਉਨ੍ਹਾਂ ਭਾਰਤੀਆਂ 'ਚ ਸ਼ਾਮਲ ਹਨ, ਜਿਨ੍ਹਾਂ ਨੇ ਵੱਕਾਰੀ ਮੈਗਜ਼ੀਨ ਟਾਈਮ ਦੀ 100 ਸਭ ਤੋਂ ਪ੍ਰਭਾਵਸ਼ਾਲੀ ਸ਼ਖ਼ਸੀਅਤਾਂ ਦੀ ਸੂਚੀ 'ਚ ਜਗ੍ਹਾ ਬਣਾਈ ਹੈ। ਇਹ ਸੂਚੀ ਬੁੱਧਵਾਰ ਨੂੰ ਜਾਰੀ ਹੋਈ। ਟਾਈਮ ਦੇ ਸਾਲ 2024 ਦੇ 100 ਸਭ ਤੋਂ ਪ੍ਰਭਾਵਸ਼ਾਲੀ ਲੋਕਾਂ 'ਚ ਅਮਰੀਕੀ ਊਰਜਾ ਵਿਭਾਗ ਦੇ ਲੋਨ ਪ੍ਰੋਗਰਾਮ ਦਫ਼ਤਰ ਦੇ ਡਾਇਰੈਕਟਰ ਜਿਗਰ ਸ਼ਾਹ, ਯੇਲ ਯੂਨੀਵਰਸਿਟੀ 'ਚ ਖਗੋਲ ਵਿਗਿਆਨ ਤੇ ਭੌਤਿਕ ਵਿਗਿਆਨ ਦੇ ਪ੍ਰੋਫੈਸਰ ਪ੍ਰਿਯੰਵਦਾ ਨਟਰਾਜਨ, ਭਾਰਤੀ ਮੂਲ ਦੀ ਰੈਸਟੋਰੈਂਟ ਮਾਲਕਣ ਅਸਮਾ ਖ਼ਾਨ ਤੇ ਰੂਸ ਦੇ ਵਿਰੋਧੀ ਧਿਰ ਦੀ ਨੇਤਾ ਅਲੈਕਸੀ ਨਵੇਲਨੀ ਦੀ ਵਿਧਵਾ ਯੂਲੀਆ ਨਵੇਲਨਾਯਾ ਵੀ ਸ਼ਾਮਲ ਹਨ।

# ਭਾਰਤ ਦੀ ਆਬਾਦੀ 144 ਕਰੋੜ ਤੱਕ ਪੁੱਜੀ !



ਪੰਜਾਬ ਸਟਾਰ ਬਿਊਰੋ

ਯੂਐੱਨਐੱਫਪੀਏ ਦੀ ਤਾਜ਼ਾ ਰਿਪੋਰਟ ਅਨੁਸਾਰ ਭਾਰਤ ਦੀ ਆਬਾਦੀ 144 ਕਰੋੜ ਤੱਕ ਪੁੱਜ ਚੁੱਕੀ ਹੈ ਤੇ ਇਸ ਵਿੱਚ 0-14 ਸਾਲ ਦੀ ਉਮਰ ਦੇ ਆਬਾਦੀ 24 ਫੀਸਦ ਹੈ। ਸੰਯੁਕਤ ਰਾਸ਼ਟਰ ਆਬਾਦੀ ਫੰਡ ਨੇ ਖੁਲਾਸਾ ਕੀਤਾ ਹੈ ਕਿ ਭਾਰਤ ਦੀ ਆਬਾਦੀ 77 ਸਾਲਾਂ ਵਿੱਚ ਦੁੱਗਣੀ ਹੋਣ ਦਾ ਅਨੁਮਾਨ ਹੈ। ਰਿਪੋਰਟ ਮੁਤਾਬਕ ਭਾਰਤ 144.17 ਕਰੋੜ ਦੀ ਅੰਦਾਜ਼ਨ ਆਬਾਦੀ ਦੇ ਨਾਲ ਵਿਸ਼ਵ ਪੱਧਰ 'ਤੇ ਸਭ ਤੋਂ ਅੱਗੇ ਹੈ, ਜਦਕਿ ਚੀਨ 142.5 ਕਰੋੜ ਦੇ ਨਾਲ ਦੂਜੇ ਨੰਬਰ 'ਤੇ ਹੈ। 2011 ਵਿੱਚ ਕੀਤੀ ਗਈ ਪਿਛਲੀ ਜਨਗਣਨਾ ਦੌਰਾਨ ਭਾਰਤ ਦੀ ਆਬਾਦੀ 121 ਕਰੋੜ ਦਰਜ ਕੀਤੀ ਗਈ ਸੀ। ਰਿਪੋਰਟ ਵਿੱਚ ਅੱਗੇ ਦੱਸਿਆ ਗਿਆ ਹੈ ਕਿ ਭਾਰਤ ਦੀ ਅੰਦਾਜ਼ਨ 24 ਫੀਸਦ ਆਬਾਦੀ 0-14 ਸਾਲ ਦੀ ਉਮਰ ਦੀ ਹੈ, ਜਦੋਂ ਕਿ 17 ਫੀਸਦ 10-19 ਦੀ ਉਮਰ ਦੀ ਹੈ। 10-24 ਸਾਲ ਦੀ ਉਮਰ ਦੇ ਵਰਗ ਦੀ ਆਬਾਦੀ 26 ਫੀਸਦ ਹੋਣ ਦਾ ਅਨੁਮਾਨ ਹੈ। 15-64 ਉਮਰ ਸਮੂਹ 68 ਫੀਸਦ ਹੈ। ਇਸ ਤੋਂ ਇਲਾਵਾ ਭਾਰਤ ਦੀ 7 ਫੀਸਦ ਆਬਾਦੀ 65 ਸਾਲ ਜਾਂ ਇਸ ਤੋਂ ਵੱਧ ਉਮਰ ਦੀ ਹੈ। ਦੇਸ਼ ਵਿੱਚ ਮਰਦਾਂ ਦੀ ਔਸਤ ਉਮਰ 71 ਸਾਲ ਅਤੇ ਔਰਤਾਂ ਦੀ 74 ਸਾਲ ਹੈ।



MATRIMONIAL

GIRL WANTED

Jat Sikh Mann parents seeks a SMF for their son, 34 years old, 5'-6" tall, Ph.D. Chemistry, working as scientist in USA, very shortly divorced. Girl should be American or Canadian. Upper caste welcome. Marriage bureau excuse. Call/text +1 572 273 4588.



# ਟਰੱਕ ਵਰਲਡ 2024 ਟਰੱਕਿੰਗ 'ਚ ਸਾਊਥ ਏਸ਼ੀਅਨਾਂ ਦੇ ਯੋਗਦਾਨ ਦਾ ਜਸ਼ਨ ਮਨਾਏਗਾ



ਮਿਸੀਸਾਗਾ : ਇਸ ਸਾਲ ਹੋਣ ਵਾਲਾ ਕੈਨੇਡਾ ਦਾ ਸਭ ਤੋਂ ਵੱਡਾ ਟਰੱਕਿੰਗ ਸ਼ੋਅ 'ਟਰੱਕ ਵਰਲਡ 2024' ਟਰੱਕਿੰਗ ਇੰਡਸਟਰੀ ਵਿਚ ਸਾਊਥ ਏਸੀਅਨ ਕਮਿਊਨਿਟੀ ਦੇ ਯੋਗਦਾਨ ਨੂੰ ਸਮਰਪਿਤ ਹੋਵੇਗਾ। ਇਕ ਇਤਿਹਾਸਕ ਪ੍ਰਦਰਸ਼ਨੀ, ਸਪੈਸ਼ਲ ਰਿਸੈਪਸ਼ਨ ਅਤੇ ਨੈਟਵਰਕਿੰਗ ਦੇ ਮੌਕੇ ਇਸ ਵਾਰ ਦੇ ਸ਼ੋਅ ਦੀ ਖਾਸ ਖਿੱਚ ਹੋਣਗੇ। ਇਸ ਸਾਲ ਦਾ ਟਰੱਕ ਵਰਲਡ 2024 ਸ਼ੋਅ ਮਿਸੀਸਾਗਾ ਵਿੱਚ 6900 ਏਅਰਪੋਰਟ ਰੋਡ ਤੇ ਸਥਿਤ ਇੰਟਰਨੈਸ਼ਨਲ ਸੈਂਟਰ ਵਿਚ ਹੋਵੇਗਾ। ਇਹ ਸ਼ੋਅ 18 ਅਪਰੈਲ, ਵੀਰਵਾਰ ਤੋਂ 20 ਅਪਰੈਲ, ਸ਼ਨੀਵਾਰ ਤੱਕ ਚੱਲੇਗਾ। ਕੁੱਲ 390,000 ਸੁਕੇਅਰ ਫੁੱਟ ਜਗ੍ਹਾ ਵਿੱਚ ਕੁੱਲ 450 ਤੋਂ ਵੱਧ ਪ੍ਰਦਰਸ਼ਨੀਆਂ ਹੋਣਗੀਆਂ। ਇਹ ਟਰੱਕਿੰਗ ਇੰਡਸਟਰੀ ਦਾ ਪ੍ਰਮੁੱਖ ਸਮਾਗਮ ਹੈ, ਜਿਸ ਵਿਚ ਟਰੱਕਿੰਗ ਇੰਡਸਟਰੀ ਦੇ ਸਾਰੇ ਪੱਖਾਂ ਦੀ ਝਲਕ ਮਿਲਦੀ ਹੈ, ਜਿਸ ਵਿੱਚ ਸਾਜ਼ੋ-ਸਮਾਨ, ਨਵੀਂ ਖੋਜ ਵੀ ਮਿਲਦੀ ਹੈ ਅਤੇ ਇਹ ਨਵੇਂ ਕੁਨੈਕਸ਼ਨ ਅਤੇ ਨਵੇਂ ਹੱਲ ਲੱਭਣ ਦਾ ਮੌਕਾ ਵੀ ਹੁੰਦਾ ਹੈ।

ਇਸ ਸਮਾਗਮ ਦੇ ਮੁੱਖ ਸਪੌਂਸਰ ਬੀਵੀਡੀ ਸੀਈਓ ਬਿਕਰਮ ਢਿੱਲੋਂ ਨੇ ਕਿਹਾ, 'ਸਾਨੂੰ ਸਾਊਥ ਏਸ਼ੀਅਨ ਟਰੱਕਿੰਗ ਭਾਈਚਾਰੇ ਨਾਲ ਆਪਣੀ ਭਾਈਵਾਲੀ 'ਤੇ ਮਾਣ ਹੈ। ਉਦਯੋਗ ਦੇ ਅੰਦਰ ਸਾਡੇ ਵਿਕਾਸ ਨੂੰ ਉਤਸ਼ਾਹਤ ਕਰਨ ਵਿੱਚ ਉਨ੍ਹਾਂ ਦੀ ਮਹੱਤਵਪੂਰਣ ਭੂਮਿਕਾ ਲਾਜ਼ਮੀ ਰਹੀ ਹੈ। ਅਸੀਂ ਟਰੱਕ ਵਰਲਡ 2024 ਵਿੱਚ ਆਵਾਜਾਈ ਖੇਤਰ ਵਿੱਚ ਉਨ੍ਹਾਂ ਦੇ ਅਨਮੋਲ ਯੋਗਦਾਨ ਨੂੰ ਉਜਾਗਰ ਕਰਨ ਦੀ ਬੇਸਬਰੀ ਨਾਲ ਉਡੀਕ ਕਰਦੇ ਹਾਂ, ਜੋ ਪ੍ਰਗਤੀ ਦੇ ਪਹੀਏ ਨੂੰ ਅੱਗੇ ਵਧਾਉਣ ਵਾਲੀ ਸੂਝ-ਬੂਝ ਅਤੇ ਸਮਰਪਣ ਨੂੰ ਪ੍ਰਦਰਸ਼ਿਤ ਕਰਦੇ ਹਨ।

ਜਿਹੜੇ ਇੰਡਸਟਰੀ ਮੈਂਬਰ ਇਸ ਸਾਲ ਦੇ ਸ਼ੋਅ ਵਿੱਚ ਸ਼ਾਮਲ ਹੋਣਾ ਚਾਹੁੰਦੇ ਹਨ, ਉਹ truckworld.ca 'ਤੇ ਫਰੀ ਅਡਮਿਸ਼ਨ ਲਈ ਰਜਿਸਟਰ ਕਰਨ ਵਾਸਤੇ ਪ੍ਰੋਮੋ ਕੋਡ ਖਅਫੌਂ ਦੀ ਵਰਤੋਂ ਕਰ ਸਕਦੇ ਹਨ। ਕੈਨੇਡੀਅਨ ਟਰੱਕ ਆਪ੍ਰੇਟਰਜ਼ ਐਸੋਸੀਏਸ਼ਨ (ਸੀ.ਟੀ.ਏ.ਓ.), ਜਿਹੜੀ ਕਿ ਇਵੈਂਟ ਸਪਾਂਸਰ ਹੈ ਅਤੇ ਸ਼ੋਅ ਦਾ ਹਿੱਸਾ ਹੈ,ਦੇ ਕਾਰਜਕਾਰੀ ਨਿਰਦੇਸ਼ਕ ਜਸਕਰਨ ਸੰਧੂ ਨੇ ਕਿਹਾ, 'ਸਾਊਥ ਏਸ਼ੀਅਨ ਟਰੱਕਰ ਸਾਡੀ ਮਜ਼ਬੂਤ ਸਪਲਾਈ ਚੇਨ ਦੀ ਕੁੰਜੀ ਹਨ, ਸਾਡੀ ਤਾਕਤ ਦੀ ਮਿਸਾਲ ਹਨ ਅਤੇ ਸਾਡੇ ਉਦਯੋਗ ਦੀ ਸੱਭਿਆਚਾਰਕ ਵਿਭਿੰਨਤਾ ਨੂੰ ਅਮੀਰ ਬਣਾਉਂਦੇ ਹਨ। ਟਰੱਕ ਵਰਲਡ 2024 ਵਿੱਚ, ਅਸੀਂ ਕੈਨੇਡਾ ਦੇ ਟਰੱਕਿੰਗ ਲੈਂਡਸਕੇਪ ਵਿੱਚ ਉਨ੍ਹਾਂ ਦੀ ਮਹੱਤਵਪੂਰਣ ਭੂਮਿਕਾ ਅਤੇ ਯੋਗਦਾਨ ਦਾ ਜਸ਼ਨ ਮਨਾਉਂਦੇ ਹਾਂ। ਸ਼ੁਰੂਆਤੀ ਪਾਇਨੀਅਰਾਂ ਤੋਂ ਲੈ ਕੇ ਉਦਯੋਗ ਦੇ ਨੇਤਾਵਾਂ ਤੱਕ ਉਨ੍ਹਾਂ ਦੀ ਪ੍ਰੇਰਣਾਦਾਇਕ ਯਾਤਰਾ ਉਨ੍ਹਾਂ ਦੇ ਅਹਿਮ ਪ੍ਰਭਾਵ ਨੂੰ ਦਰਸਾਉਂਦੀ ਹੈ। ਅਸੀਂ ਇਸ ਮਹੱਤਵਪੂਰਨ ਖੇਤਰ ਵਿੱਚ ਉਨ੍ਹਾਂ ਦੇ ਵਿਕਾਸ ਦਾ ਸਮਰਥਨ ਕਰਨ ਲਈ ਵਚਨਬੱਧ ਹਾਂ।

ਤੱਥ:

- ਟਰੱਕਿੰਗ ਇੰਡਸਟਰੀ ਮੁਲਕ ਦੀ ਇਕੌਨੋਮੀ ਵਿੱਚ ਵੱਡਾ ਯੋਗਦਾਨ ਪਾਉਂਦੀ ਹੈ, ਅਤੇ ਹਰ ਸਾਲ $65 ਬਿਲੀਅਨ ਡਾਲਰ ਰੈਵੇਨਿਊ ਪੈਦਾ ਕਰਦੀ ਹੈ ਅਤੇ ਕੈਨੇਡਾ ਦੀ ਜੀਡੀਪੀ ਵਿਚ ਇਸ ਦਾ 3.5% ਹਿੱਸਾ ਹੈ। 10,000 ਤੋਂ ਵੱਧ ਕੰਪਨੀਆਂ ਵਿੱਚ 300,000 ਤੋਂ ਵੱਧ ਡਰਾਇਵਰ ਕੰਮ ਕਰਦੇ ਹਨ ਅਤੇ ਯੂ ਐਸ -ਕੈਨੇਡਾ ਟਰੇਡ ਦਾ 89% ਤੋਂ ਵੱਧ ਟਰਾਂਸਪੋਰਟ ਕਰਦੀ ਹੈ।
- ਕੈਨੇਡਾ ਦਾ ਹਰ ਪੰਜ ਵਿੱਚੋਂ ਇੱਕ (17.8 ਪ੍ਰਤੀਸ਼ਤ) ਟਰੱਕ ਡਰਾਈਵਰ ਸਾਊਥ ਏਸ਼ੀਅਨ ਪਿਛੋਕੜ ਵਾਲਾ ਹੈ। ਟੋਰਾਂਟੋ ਅਤੇ ਵੈਨਕੂਵਰ ਵਰਗੇ ਸ਼ਹਿਰਾਂ ਵਿੱਚ ਅੱਧੇ ਤੋਂ ਵੱਧ ਡਰਾਈਵਰ ਸਾਊਥ ਏਸ਼ੀਅਨ ਹਨ।
- ਕੈਨੇਡਾ ਵਿੱਚ ਸਾਊਥ ਏਸ਼ੀਅਨ ਮਾਈਗਰੇਸ਼ਨ 1900ਵਿਆਂ ਦੇ ਸ਼ੁਰੂ ਵਿੱਚ ਅਰੰਭ ਹੁੰਦੀ ਹੈ, ਜਦੋਂ ਮੁੱਖ ਤੌਰ ਤੇ ਪੰਜਾਬ ਤੋਂ ਕਰੀਬ 5,000 ਸਾਊਥ ਏਸ਼ੀਅਨ ਮਾਈਗਰੰਟ ਆਏ ਸਨ। ਬਹੁਤ ਸਾਰੇ ਇਮੀਗਰੰਟਸ ਨੂੰ ਲੌਗਿੰਗ, ਮਾਈਨਿੰਗ, ਅਤੇ ਖੇਤੀ ਵਿੱਚ ਕੰਮ ਮਿਲਿਆ ਅਤੇ ਇਨਾਂ ਵਿੱਚੋ ਹੀ ਟਰਾਂਸਪੋਰਟੇਸ਼ਨ ਲਈ ਭਵਿੱਖ ਦੀ ਪੀੜ੍ਹੀ ਅੱਗੇ ਆਈ।

# ਆਈਲੈਟਸ ਸੈਂਟਰ ਦੀ ਦੋ ਮੰਜ਼ਿਲਾਂ ਬਿਲਡਿੰਗ ਦੇਖਦਿਆਂ ਹੀ ਦੇਖਦਿਆਂ ਹੋ ਗਈ ਢਹਿ ਢੇਰੀ




ਚੋਹਲਾ ਸਾਹਿਬ-ਕਸਬਾ ਚੋਹਲਾ ਸਾਹਿਬ ਵਿਖੇ ਸਰਹਾਲੀ ਰੋਡ 'ਤੇ ਸਥਿਤ ਬਲੈਕ ਸਟੋਨ ਐਕਡਮੀ (ਆਈਲੈਟਸ) ਸੈਂਟਰ ਨਾ ਦੀ ਇਮਾਰਤ ਵੇਖਦਿਆਂ ਹੀ ਵੇਖਦਿਆਂ ਢਹਿ ਢੇਰੀ ਹੋ ਗਈ। ਇਕੱਤਰ ਜਾਣਕਾਰੀ ਮੁਤਾਬਿਕ ਅੱਜ ਦੁਪਹਿਰ ਲਗਭਗ 4.30 ਵਜੇ ਦੇ ਕਰੀਬ ਇਹ ਇਮਾਰਤ ਦੇਖਦਿਆਂ ਹੀ ਦੇਖਦਿਆਂ ਢਹਿ ਢੇਰੀ ਹੋ ਗਈ। ਚਸ਼ਮਦੀਦਾਂ ਨੇ ਦੱਸਿਆ ਕਿ ਇਸ ਬਿਲਡਿੰਗ ਵਿਚ ਸਥਿਤ ਬਲੈਕ ਸਟੋਨ ਅਕੈਡਮੀ ਨਾਂ ਦਾ ਆਈਲੈਟਸ ਸੈਂਟਰ ਚੱਲਦਾ ਹੈ। ਜਿਸ ਵਿਚ 45 ਤੋ 50 ਵਿਦਿਆਰਥੀ ਰੋਜ਼ਾਨਾ ਵਿੱਦਿਆ ਹਾਸਲ ਕਰਨ ਲਈ ਆਉਂਦੇ ਹਨ ਅਤੇ ਅੱਜ ਲਗਭਗ 4 ਵਜੇ ਦੇ ਕਰੀਬ ਜਦ ਉਹ ਇਸ ਸੈਂਟਰ ਨੂੰ ਬੰਦ ਕਰਕੇ ਚਲੇ ਗਏ ਤਾਂ 20-25 ਮਿੰਟ ਬਾਅਦ ਹੀ ਇਸ ਦੋ ਮੰਜ਼ਿਲੀ ਇਮਾਰਤ ਦੀਆਂ ਦੀਵਾਰਾਂ ਵਿਚ ਪਾੜ ਪੈਣੇ ਸ਼ੁਰੂ ਹੋ ਗਏ। ਸਥਾਨਕ ਲੋਕਾਂ ਨੇ ਦੱਸਿਆ ਕਿ ਉਸੇ ਵੇਲੇ ਹੀ ਉਨ੍ਹਾਂ ਵੱਲੋਂ ਦੀਵਾਰਾਂ ਵਿੱਚ ਪਾੜ ਪੈਣ ਬਾਰੇ ਇਮਾਰਤ ਦੇ ਮਾਲਕ ਨੂੰ ਸੂਚਿਤ ਕੀਤਾ ਜਦ ਇਮਾਰਤ ਦਾ ਮਾਲਕ ਕੁਲਵੰਤ ਰਾਏ ਅਤੇ ਉਸਦਾ ਪੁੱਤਰ ਜਗਦੀਪ ਨਈਅਰ ਉਥੇ ਪੁੱਜੇ ਤਾਂ ਪੂਰੀ ਇਮਾਰਤ ਢਹਿ ਢੇਰੀ ਹੋ ਗਈ। ਇਮਾਰਤ ਦੇ ਮਾਲਕ ਜਗਦੀਪ ਕੁਮਾਰ ਨੇ ਆਪਣੇ ਨੇੜਲੇ ਗੁਆਂਢੀਆਂ ਤੇ ਇਲਜਾਮ ਲਗਾਉਂਦੇ ਹੋਏ ਦੱਸਿਆ ਕਿ ਸਾਡੀ ਦੀਵਾਰ ਦੇ ਨਜ਼ਦੀਕ ਗੁਰਦੇਵ ਸਿੰਘ ਜੋ ਕਿ ਆਪਣੀ ਜਗ੍ਹਾ ਵਿਚ ਨਵੀ ਇਮਾਰਤ ਉਸਾਰਨ ਲਈ ਨੀਂਹ ਪੁੱਟ ਰਹੇ ਸਨ। ਜਿਸ ਕਾਰਨ ਉਨ੍ਹਾਂ ਦੀ ਬਿਲਡਿੰਗ ਕਮਜ਼ੋਰ ਹੋ ਗਈ ਅਤੇ ਇਸੇ ਹੀ ਕਾਰਨ ਕਰਕੇ ਉਨ੍ਹਾਂ ਦੀ ਇਮਾਰਤ ਡਿੱਗ ਗਈ। ਉੱਧਰ ਦੂਸਰੇ ਪਾਸੇ ਨਵੀਂ ਇਮਾਰਤ ਦੀ ਉਸਾਰੀ ਕਰ ਰਹੇ ਗੁਰਦੇਵ ਸਿੰਘ ਨੇ ਦੋਸ਼ਾਂ ਨੂੰ ਨਕਾਰਦੇ ਹੋਏ ਕਿਹਾ ਕਿ ਉਹਨਾਂ ਆਪਣੀ ਜ਼ਮੀਨ ਵਿਚ ਅਜੇ ਥੋੜੀ ਹੀ ਨੀਂਹ ਪੁੱਟ ਰਹੇ ਸੀ ਅਤੇ ਅੱਜ ਸਰੀਆ ਬੰਨ੍ਹਣ ਦਾ ਕੰਮ ਕਰ ਰਹੇ ਸਨ ਕਿ ਵੇਖਦੇ ਹੀ ਵੇਖਦੇ ਇਹ ਇਮਾਰਤ ਹੇਠਾਂ ਡਿੱਗ ਗਈ। ਉਨ੍ਹਾਂ ਕਿਹਾ ਕਿ ਸਾਡੇ 'ਤੇ ਲੱਗ ਰਹੇ ਇਲਜਾਮ ਬੇਬੁਨਿਆਦ ਹਨ ਜਦ ਕਿ ਇੰਨਾ ਵੱਲੋਂ ਇਮਾਰਤ ਬਣਾਉਣ ਲਈ ਵਰਤੇ ਗਏ ਮਟੀਰੀਅਲ ਦੀ ਜਾਂਚ ਕੀਤੀ ਜਾਣੀ ਚਾਹੀਦੀ ਹੈ।

# ਅੰਮ੍ਰਿਤਪਾਲ ਸਿੰਘ ਦੇ ਮਾਮਲੇ 'ਚ ਨਵਾਂ ਮੋੜ;

## NSA ਮੁੜ ਲਗਾਉਣ ਨੂੰ ਦਿੱਤੀ ਚੁਣੌਤੀ



ਵਾਰਿਸ ਪੰਜਾਬ ਦੇ ਮੁਖੀ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ 'ਤੇ ਰਾਸ਼ਟਰੀ ਸੁਰੱਖਿਆ ਐਕਟ (ਐਨਐਸਏ) ਦੇ ਮੁੜ ਲਾਗੂ ਹੋਣ ਦੇ ਮਾਮਲੇ ਨੇ ਨਵਾਂ ਮੋੜ ਲੈ ਲਿਆ ਹੈ। ਉਨ੍ਹਾਂ ਨੇ ਐਨਐਸਏ ਨੂੰ ਚੁਣੌਤੀ ਦਿਤੀ ਹੈ। ਇਸ ਸਬੰਧ ਵਿਚ ਕੇਂਦਰ ਸਰਕਾਰ ਅਤੇ ਸਲਾਹਕਾਰ ਬੋਰਡ ਨੂੰ ਇਕ ਪ੍ਰਤੀਨਿਧਤਾ ਭੇਜੀ ਗਈ ਹੈ। ਇਹ ਜਾਣਕਾਰੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਇਸ ਕੇਸ ਨਾਲ ਸਬੰਧਤ ਕੇਸ ਦੀ ਸੁਣਵਾਈ ਦੌਰਾਨ ਮੁਲਜ਼ਮਾਂ ਦੇ ਵਕੀਲ ਨੇ ਦਿਤੀ ਹੈ। ਹੁਣ ਸਲਾਹਕਾਰ ਬੋਰਡ ਨੂੰ ਛੇ ਹਫ਼ਤਿਆਂ ਵਿਚ ਇਸ ਸਬੰਧ ਵਿਚ ਫੈਸਲਾ ਲੈਣਾ ਹੈ। ਸਲਾਹਕਾਰ ਬੋਰਡ ਇਕ ਸੇਵਾਮੁਕਤ ਜੱਜ ਦੀ ਅਗਵਾਈ ਹੇਠ ਕੰਮ ਕਰਦਾ ਹੈ। ਇਸ ਪ੍ਰਤੀਨਿਧਤਾ 'ਚ ਦਸਿਆ ਗਿਆ ਹੈ ਕਿ ਯੂਏਪੀਏ ਐਕਟ ਕਾਰਨ ਉਨ੍ਹਾਂ 'ਤੇ ਫਿਰ ਤੋਂ ਐੱਨਐੱਸਏ ਲਗਾਇਆ ਗਿਆ ਹੈ।

ਪਿਛਲੀ ਸੁਣਵਾਈ ਦੌਰਾਨ ਜਦੋਂ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਰੇ 10 ਸਾਥੀਆਂ ਨੇ ਅਦਾਲਤ ਨੂੰ ਦਸਿਆ ਕਿ ਪਿਛਲੇ ਸਾਲ 18 ਮਾਰਚ ਨੂੰ ਇਨ੍ਹਾਂ ਸਾਰਿਆਂ 'ਤੇ ਐਨਐਸਏ ਲਗਾਇਆ ਗਿਆ ਸੀ, ਉਨ੍ਹਾਂ ਨੂੰ ਅਸਾਮ ਦੀ ਡਿਬਰੂਗੜ੍ਹ ਜੇਲ ਭੇਜ ਦਿਤਾ ਗਿਆ ਸੀ, ਐਨਐਸਏ ਦੇ ਆਦੇਸ਼ ਸਿਰਫ ਇਕ ਸਾਲ ਲਈ ਲਾਗੂ ਕੀਤੇ ਜਾ ਸਕਦੇ ਹਨ। ਹੁਣ ਇਨ੍ਹਾਂ ਹੁਕਮਾਂ ਦੀ ਮਿਆਦ ਖਤਮ ਹੋ ਗਈ। ਇਸ ਦੌਰਾਨ ਪੰਜਾਬ ਸਰਕਾਰ ਵਲੋਂ ਪੇਸ਼ ਹੋਏ ਵਧੀਕ ਐਡਵੋਕੇਟ ਜਨਰਲ ਨੇ ਹਾਈ ਕੋਰਟ ਨੂੰ ਦਸਿਆ ਕਿ ਇਨ੍ਹਾਂ ਸਾਰਿਆਂ ਵਿਰੁਧ ਨਵਾਂ ਐਨਐਸਏ ਲਗਾਇਆ ਗਿਆ ਹੈ।

ਅੰਮ੍ਰਿਤਪਾਲ ਸਿੰਘ ਦੇ ਸਾਥੀ ਪਪਲਪ੍ਰੀਤ ਸਿੰਘ, ਭਗਵੰਤ ਸਿੰਘ ਉਰਫ ਪ੍ਰਧਾਨ ਮੰਤਰੀ ਬਾਜੇਕੇ, ਗੁਰਮੀਤ ਸਿੰਘ ਬੁੱਕਣਵਾਲਾ, ਕੁਲਵੰਤ ਸਿੰਘ ਰਾਓਕੇ, ਸਰਬਜੀਤ ਕਲਸੀ, ਗੁਰਿੰਦਰ ਔਜਲਾ ਅਤੇ ਬਸੰਤ ਸਿੰਘ ਨੇ ਅਪਣੇ ਖਿਲਾਫ ਐਨਐਸਏ ਨੂੰ ਹਾਈ ਕੋਰਟ ਵਿਚ ਚੁਣੌਤੀ ਦਿਤੀ ਹੈ। ਅੰਮ੍ਰਿਤਪਾਲ ਸਿੰਘ ਨੂੰ ਪੰਜਾਬ ਪੁਲਿਸ ਨੇ ਅਪ੍ਰੈਲ 2023 ਵਿਚ ਮੋਗਾ ਜ਼ਿਲ੍ਹੇ ਦੇ ਰੋਡੇ ਪਿੰਡ ਤੋ ਗ੍ਰਿਫਤਾਰ ਕੀਤਾ ਸੀ। ਉਸ 'ਤੇ ਐਨਐਸਏ ਲਗਾਇਆ ਗਿਆ ਸੀ, ਫੜੇ ਜਾਣ ਤੋਂ ਬਾਅਦ ਉਹ ਅਸਾਮ ਦੀ ਡਿਬਰੂਗੜ੍ਹ ਜੇਲ ਵਿਚ ਬੰਦ ਹੈ। ਹੁਣ ਉਸ ਨੂੰ ਜੇਲ ਵਿਚ ਬੰਦ ਹੋਏ ਲਗਭਗ ਇਕ ਸਾਲ ਹੋ ਗਿਆ ਹੈ। ਪਰਿਵਾਰ ਦੀ ਮੰਗ ਹੈ ਕਿ ਉਸ ਨੂੰ ਡਿਬਰੂਗੜ੍ਹ ਜੇਲ ਦੀ ਬਜਾਏ ਪੰਜਾਬ ਦੀ ਜੇਲ ਵਿਚ ਰੱਖਿਆ ਜਾਵੇ।

# ਸਰਕਾਰ ਨੇ ਕਿਸਾਨਾਂ ਨੂੰ ਵੰਡਿਆ: ਰਾਕੇਸ਼ ਟਿਕੈਤ



ਨਵੀਂ ਦਿੱਲੀ: ਕਿਸਾਨ ਨੇਤਾ ਰਾਕੇਸ਼ ਟਿਕੈਤ ਨੇ ਭਾਰਤੀ ਜਨਤਾ ਪਾਰਟੀ (ਭਾਜਪਾ) 'ਤੇ ਨਿਸ਼ਾਨਾ ਲਾਉਂਦੇ ਹੋਏ ਦੋਸ਼ ਲਾਇਆ ਹੈ ਕਿ ਸੰਯੁਕਤ ਕਿਸਾਨ ਮੋਰਚਾ (ਐੱਸ.ਕੇ.ਐੱਮ.) 'ਚ ਵੰਡ ਕੇਂਦਰ ਸਰਕਾਰ ਕਾਰਨ ਹੋਈ ਹੈ। ਸੰਯੁਕਤ ਕਿਸਾਨ ਮੋਰਚਾ ਨੇ 2020-21 ਦੇ ਕਿਸਾਨ ਅੰਦੋਲਨ ਦੀ ਅਗਵਾਈ ਕੀਤੀ ਸੀ। ਸੰਯੁਕਤ ਕਿਸਾਨ ਮੋਰਚੇ ਦੇ ਬੈਨਰ ਹੇਠ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੇ ਵੱਡੀ ਗਿਣਤੀ 'ਚ ਕਿਸਾਨਾਂ ਨੇ ਤਿੰਨ ਖੇਤੀ ਕਾਨੂੰਨਾਂ ਵਿਰੁਧ ਦਿੱਲੀ ਦੀਆਂ ਸਰਹੱਦਾਂ ਸਿੰਘੂ, ਟਿਕਰੀ ਅਤੇ ਗਾਜ਼ੀਪੁਰ ਵਿਖੇ ਇਕ ਸਾਲ ਤਕ ਵਿਰੋਧ ਪ੍ਰਦਰਸ਼ਨ ਕੀਤਾ ਸੀ। ਇਨ੍ਹਾਂ ਖੇਤੀ ਕਾਨੂੰਨਾਂ ਨੂੰ ਬਾਅਦ 'ਚ ਰੱਦ ਕਰ ਦਿਤਾ ਗਿਆ ਸੀ।

ਟਿਕੈਤ ਨੇ ਕਿਹਾ, ''ਸੰਯੁਕਤ ਕਿਸਾਨ ਮੋਰਚਾ ਇਕਜੁੱਟ ਹੋ ਕੇ ਦਿੱਲੀ ਛੱਡ ਗਿਆ ਸੀ ਪਰ ਬਾਅਦ 'ਚ ਕੁੱਝ ਲੋਕ ਵੱਖ ਹੋ ਗਏ। ਭਾਰਤ ਸਰਕਾਰ ਇਕ ਹੋਰ ਅੰਦੋਲਨ ਬਣਾਉਣਾ ਚਾਹੁੰਦੀ ਸੀ ਅਤੇ ਉਨ੍ਹਾਂ ਨੇ ਇਸ ਨੂੰ ਬਣਾਇਆ।'' ਭਾਰਤੀ ਕਿਸਾਨ ਯੂਨੀਅਨ (ਬੀ.ਕੇ.ਯੂ.) ਦੇ ਨੇਤਾ ਟਿਕੈਤ ਨੇ ਕਿਹਾ ਕਿ ਵੰਡ ਕਾਰਨ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਦਾ ਗਠਨ ਹੋਇਆ।

ਸੰਯੁਕਤ ਕਿਸਾਨ ਮੋਰਚਾ ਕਿਸਾਨਾਂ ਦੀਆਂ ਮੰਗਾਂ ਨੂੰ ਲੈ ਕੇ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ (ਕੇਐਮਐਮ) ਵਲੋਂ ਚੱਲ ਰਹੇ ਅੰਦੋਲਨ ਦਾ ਹਿੱਸਾ ਨਹੀ ਹੈ, ਜਿਸ 'ਚ ਫਸਲਾਂ ਲਈ ਘੱਟੋ ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੀ ਕਾਨੂੰਨੀ ਗਰੰਟੀ ਅਤੇ ਖੇਤੀ ਕਰਜ਼ਾ ਮੁਆਫੀ ਸ਼ਾਮਲ ਹੈ।

ਇਹ ਅੰਦੋਲਨ 13 ਫ਼ਰਵਰੀ ਨੂੰ ਸੰਗਠਨਾਂ ਦੇ 'ਦਿੱਲੀ ਚਲੋ' ਮਾਰਚ ਦੇ ਸੱਦੇ ਨਾਲ ਸ਼ੁਰੂ ਹੋਇਆ ਸੀ ਅਤੇ ਉਦੋਂ ਤੋਂ ਹੀ ਕਿਸਾਨ, ਮੁੱਖ ਤੌਰ 'ਤੇ ਪੰਜਾਬ ਦੇ, ਹਰਿਆਣਾ ਪੁਲਿਸ ਵਲੋਂ ਰੋਕੇ ਜਾਣ ਤੋਂ ਬਾਅਦ ਸ਼ੰਭੂ ਬਾਰਡਰ 'ਤੇ ਡੇਰਾ ਲਾਏ ਹੋਏ ਹਨ। ਪੰਜਾਬ 'ਚ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਹੈ ਅਤੇ ਸ਼ੰਭੂ ਬਾਰਡਰ 'ਤੇ ਚੱਲ ਰਹੇ ਅੰਦੋਲਨ 'ਚ ਜ਼ਿਆਦਾਤਰ ਕਿਸਾਨ ਇਸ ਸੂਬੇ ਦੇ ਹਨ। ਸਰਹੱਦ 'ਤੇ ਪ੍ਰਦਰਸ਼ਨਕਾਰੀਆਂ ਅਤੇ ਪੁਲਿਸ ਵਿਚਾਲੇ ਪਿਛਲੀਆਂ ਝੜਪਾਂ ਦਾ ਜ਼ਿਕਰ ਕਰਦਿਆਂ ਟਿਕੈਤ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਕਿਸਾਨਾਂ ਵਿਰੁਧ ਤਾਕਤ ਦੀ ਵਰਤੋਂ ਦੀ ਨਿੰਦਾ ਕਰਦਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਹਾਲਾਂਕਿ, ਵੱਖ ਹੋਏ ਸਮੂਹ ਐਸ.ਕੇ.ਐਮ. (ਗੈਰ-ਸਿਆਸੀ) ਨੇ ਸੰਯੁਕਤ ਕਿਸਾਨ ਮੋਰਚੇ ਨਾਲ ਕੋਈ ਗੱਲਬਾਤ ਸ਼ੁਰੂ ਕਰਨ ਦੀ ਕੋਸ਼ਿਸ਼ ਨਹੀਂ ਕੀਤੀ।

ਉਨ੍ਹਾਂ ਕਿਹਾ, ''ਪਿਛਲੇ ਦੋ ਸਾਲਾਂ ਤੋ ਸਾਡੀ ਕੋਸ਼ਿਸ਼ ਰਹੀ ਹੈ ਕਿ ਸੰਯੁਕਤ ਕਿਸਾਨ ਮੋਰਚਾ ਇਕਜੁੱਟ ਰਹੇ ਅਤੇ ਕੋਈ ਵੀ ਸੱਦਾ ਮਿਲ ਕੇ ਲਿਆ ਜਾਵੇ। ਸੰਯੁਕਤ ਕਿਸਾਨ ਮੋਰਚਾ ਉਸ (ਦਿੱਲੀ ਚਲੋ) ਅੰਦੋਲਨ ਦਾ ਹਿੱਸਾ ਨਹੀ ਹੈ। ਉਹ (ਐਸ.ਕੇ.ਐਮ. ਗੈਰ-ਸਿਆਸੀ) ਅਤੇ ਕੇ.ਐਮ.ਐਮ. ਕੇਂਦਰ ਸਰਕਾਰ ਨਾਲ ਗੱਲ ਕਰ ਰਹੇ ਹਨ।'' ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਇਸ ਲਈ ਬਣਾਇਆ ਗਿਆ ਸੀ ਤਾਂ ਜੋ ਕਿਸਾਨ ਇਕਜੁੱਟ ਹੋ ਸਕਣ। ਉਨ੍ਹਾਂ ਦਾਅਵਾ ਕੀਤਾ ਕਿ ਹੁਣ ਕਿਸਾਨਾਂ ਨੂੰ ਵੰਡਣ ਲਈ ਕਈ ਨਵੀਆਂ ਕਿਸਾਨ ਯੂਨੀਅਨਾਂ ਬਣਾਈਆਂ ਜਾ ਰਹੀਆਂ ਹਨ ਅਤੇ ਇਹ ਇਕ ਸਾਜ਼ਸ਼ ਦਾ ਹਿੱਸਾ ਹੈ।
















ਪੰਜਾਬ ਸਟਾਰ

**To Contact Us:**

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

# ਕਾਸ਼! ਕੱਫਣ ਨੂੰ ਜੇਬ ਹੁੰਦੀ ?

## ਬੁੱਧ ਬਾਣ

ਤੁਰਦੇ ਰਹਿਣਾ ਖੂਬਸੂਰਤ ਜ਼ਿੰਦਗੀ ਦਾ ਨਾਂ ਹੈ। ਜ਼ਿੰਦਗੀ ਨੇ ਮੁੱਢ ਕਦੀਮੋਂ ਹੀ ਇੱਕ ਥਾਂ ਤੋਂ ਦੂਜੀ ਥਾਂ ਜਾਣ ਲਈ ਪਹਿਲਾਂ ਪਸ਼ੂਆਂ ਨਾਲ ਤੇ ਫਿਰ ਪਹੀਏ ਦੀ ਕਾਢ ਨਾਲ ਆਪਣਾ ਸਫ਼ਰ ਜਾਰੀ ਰੱਖਿਆ। ਹੁਣ ਇਹ ਸਫ਼ਰ ਤੇਜ਼ ਤੇ ਸਹਿਜ ਹੋ ਗਿਆ ਹੈ। ਜਦੋਂ ਅਸੀਂ ਹਵਾਈ ਜਹਾਜ਼ ਜਾਂ ਰਾਕਟ ਵਿੱਚ ਬੈਠ ਕੇ ਅਤੀਤ ਵੱਲ ਵੇਖਦੇ ਹਾਂ ਤਾਂ ਇੰਝ ਲੱਗਦਾ ਹੈ ਕਿ ਜਿਵੇਂ ਪਹਿਲੀ ਜ਼ਿੰਦਗੀ ਤੁਰਦੀ ਨਹੀਂ ਸੀ, ਸਗੋਂ ਰੀਂਗਦੀ ਸੀ। ਪਹਿਲਾਂ ਸਫ਼ਰ ਕਰਨਾ ਬੜਾ ਹੀ ਦੁੱਖਾਂ ਭਰਿਆ ਹੁੰਦਾ ਸੀ, ਉਦੋਂ ਜੰਗਲੀ ਖੂੰਖਾਰ ਜਾਨਵਰਾਂ ਦਾ ਡਰ ਤਾਂ ਹਰ ਵੇਲੇ ਨਾਲ-ਨਾਲ ਤੁਰਦਾ ਸੀ ਪਰ ਸਫ਼ਰ ਦੌਰਾਨ ਦੂਸਰਿਆਂ ਹੱਥੋਂ ਲੁੱਟੇ ਜਾਣ ਦਾ ਭੈਅ ਵੀ ਬਣਿਆ ਰਹਿੰਦਾ ਸੀ ਪਰ ਸਫ਼ਰ ਜਾਰੀ ਰਹਿੰਦਾ ਸੀ।

ਜ਼ਿੰਦਗੀ ਨੇ ਇਹ ਮੁਸ਼ਕਿਲਾਂ ਭਰਿਆ ਸਫ਼ਰ ਸੁਖਾਵਾਂ ਬਨਾਉਣ ਲਈ ਵੱਖ ਵੱਖ ਤਰ੍ਹਾਂ ਦੇ ਸਾਧਨ ਈਜਾਦ ਕੀਤੇ । ਰਸਤੇ ਬਣਾਏ, ਮੋਟਰ ਗੱਡੀਆਂ ਬਣਾਈਆਂ, ਹਵਾਈ ਤੇ ਸਮੁੰਦਰੀ ਜਹਾਜ਼ ਬਣਾਏ, ਅੱਗੇ ਜਿੱਥੇ ਪਹਿਲਾਂ ਸਾਲ ਮਹੀਨੇ ਇੱਕ ਥਾਂ ਤੋਂ ਦੂਜੀ ਥਾਂ ਉੱਤੇ ਜਾਣ ਲਈ ਲੱਗਦੇ ਸਨ ਪਰ ਹੁਣ ਮਨੁੱਖ ਨੇ ਇਹ ਸਫਰ ਕੁੱਝ ਘੰਟਿਆਂ ਤੇ ਦਿਨਾਂ ਤੱਕ ਸੀਮਤ ਕਰ ਲਿਆ ਹੈ।

ਤੇਜ ਰਫ਼ਤਾਰ ਨਾਲ ਚੱਲਣ ਵਾਲੀਆਂ ਮੋਟਰ ਗੱਡੀਆਂ, ਰੇਲਾਂ, ਹਵਾਈ ਜਹਾਜ਼ ਬਣਾ ਲਏ ਹਨ। ਸੜਕਾਂ, ਰੇਲਵੇ ਲਾਈਨਾਂ, ਹਵਾਈ ਤੇ ਸਮੁੰਦਰੀ ਮਾਰਗ ਬਣਾ ਲਏ ਹਨ। ਜੇ ਕੁੱਝ ਨਹੀਂ ਬਣ ਸਕਿਆ ਤਾਂ ਉਹ ਮੌਤ ਦਾ ਬਦਲ ਨਹੀਂ ਬਣ ਸਕਿਆ। ਮਨੁੱਖ ਨੇ ਸਭ ਕੁੱਝ ਉੱਤੇ ਜਿੱਤ ਪਾ ਲਈ ਹੈ ਪਰ 'ਮੌਤ' ਉੱਪਰ ਉਸ ਦੀ ਅਜੇ ਜਿੱਤ ਨਹੀਂ ਹੋਈ

ਭਾਵੇਂ ਬਦਲ ਪ੍ਰਕਿਰਤੀ ਦਾ ਨਿਯਮ ਹੈ, ਸੰਸਾਰ ਦਾ ਸਫ਼ਰ ਜਾਰੀ ਹੈ, ਸੰਸਾਰ ਵਿੱਚ ਨਵੀਂ ਜ਼ਿੰਦਗੀ ਜਨਮ ਲੈ ਰਹੀ ਹੈ, ਲੋਕ ਜ਼ਿੰਦਗੀ ਜਿਉਂ ਵੀ ਰਹੇ ਹਨ ਤੇ ਲੋਕ ਮਰ ਵੀ ਰਹੇ ਹਨ। ਪ੍ਰਕਿਰਤੀ ਦੇ ਅਸੂਲ ਅਨੁਸਾਰ ਜਿਹੜਾ ਜਨਮਿਆ ਹੈ, ਉਸ ਨੇ ਇੱਕ ਦਿਨ ਮਰਨਾ ਹੈ। ਨਵੇਂ ਪੱਤਿਆਂ ਨੇ ਉਗਣਾ ਹੈ, ਪੁਰਾਣੇ ਪੱਤਿਆਂ ਨੇ ਝੜਨਾ ਹੈ। ਇਹ ਝੜਨਾ ਤੇ ਮਰਨਾ ਕਦੋਂ, ਕਿੱਥੇ ਤੇ ਕਿਵੇਂ ਹੋਣਾ ਹੈ, ਇਸ ਦਾ ਅਜੇ ਤੀਕ ਕੋਈ ਭੇਤ ਨਹੀਂ। ਤੁਰੀ ਜਾਂਦੀ ਜ਼ਿੰਦਗੀ ਕਦੋਂ ਮੁੱਕ ਜਾਣੀ ਹੈ? ਇਸ ਦਾ ਕਿਸੇ ਨੂੰ ਕੋਈ ਗਿਆਨ ਨਹੀਂ, ਭਾਵੇਂ ਮਨੁੱਖ ਆਪਣੀ ਜ਼ਿੰਦਗੀ ਨੂੰ ਸੁਰੱਖਿਅਤ ਰੱਖਣ ਲਈ ਬਹੁਤ ਕੁੱਝ ਬਣਾ ਲਿਆ ਹੈ ਪਰ ਕਾਲ ਦਾ ਕੁੱਝ ਪਤਾ ਨਹੀਂ।

ਹੁਣ ਜਿਸ ਤਰ੍ਹਾਂ ਤੇਜ ਰਫ਼ਤਾਰ ਜ਼ਿੰਦਗੀ ਦਾ ਦੌਰ ਜਾਰੀ ਹੈ, ਸਾਧਨ ਵੀ ਬਹੁਤ ਹਨ ਪਰ ਅਜੇ ਤੱਕ ਸੜਕਾਂ ਦੇ ਪੇਟ ਦੀ ਤਲਾਸ਼ ਨਹੀਂ ਹੋਈ। ਭਾਵੇਂ ਸੜਕਾਂ ਕਦੇ ਵੀ ਖੂਨੀ ਜਾਂ ਜ਼ਿੰਦਗੀ ਨੂੰ ਨਿਗਲਣ ਲਈ ਨਹੀਂ ਹੁੰਦੀਆਂ ਪਰ ਸੜਕਾਂ ਉੱਤੇ ਮੌਤ ਦਾ ਜਿਹੜਾ ਤਾਂਡਵ ਅੱਜ ਕੱਲ੍ਹ ਸਿਖ਼ਰ ਵੱਲ ਵਧ ਰਿਹਾ ਹੈ, ਇਸ ਦਾ ਦੋਸ਼ ਸੜਕਾਂ ਨੂੰ ਦੇ ਕੇ ਅਸੀਂ ਆਪਣੇ ਆਪ ਨੂੰ ਬਰੀ ਨਹੀਂ ਕਰ ਸਕਦੇ।

ਅਸਲ ਵਿੱਚ ਇਸ ਸਭ ਕੁੱਝ ਦੇ ਦੋਸ਼ੀ, ਅਸੀਂ ਹਾਂ ਤੇ ਇਸ ਦੀ ਸਜ਼ਾ ਵੀ ਅਸੀਂ ਹੀ ਭੁਗਤਦੇ ਹਾਂ ਪਰ ਦੋਸ਼ ਅਸੀਂ ਸੜਕਾਂ ਨੂੰ ਦਿੰਦੇ ਹਾਂ। ਹਾਦਸੇ ਤਾਂ ਅਸਮਾਨ, ਸਮੁੰਦਰ ਵਿੱਚ ਹੀ ਨਹੀਂ ਘਰਾਂ, ਦਫਤਰਾਂ, ਫੈਕਟਰੀਆਂ, ਖੇਤਾਂ ਆਦਿ ਵਿੱਚ ਹੁੰਦੇ ਹਨ। ਇਨ੍ਹਾਂ ਹਾਦਸਿਆਂ ਦਾ ਕਸੂਰਵਾਰ ਮਨੁੱਖ ਹੁੰਦਾ ਹੈ, ਨਾ ਕਿ ਉਹ ਥਾਂ ਜਿੱਥੇ ਕੋਈ ਹਾਦਸਾ ਵਾਪਰਦਾ ਹੈ।

ਹੁਣ ਭਾਵੇਂ ਅਸੀਂ ਤਕਨਾਲੋਜੀ ਦੇ ਦੌਰ ਵਿਚੋਂ ਲੰਘ ਰਹੇ ਹਾਂ, ਵਿਗਿਆਨ, ਮਨੋਵਿਗਿਆਨ ਦੇ ਰਾਂਹੀ ਅਸੀਂ ਮਨੁੱਖ ਦੀ ਅੰਦਰਲੀ ਦੁਨੀਆਂ ਨੂੰ ਸਮਝ ਸਕਦੇ ਹਾਂ ਪਰ ਅਸੀਂ ਅਜੇ ਵੀ ਉਨ੍ਹਾਂ ਰੂੜੀਵਾਦੀ ਸੋਚਾਂ ਦੇ ਪਿੱਛੇ ਲੱਗੇ ਹਾਂ, ਜਿਹੜੀਆਂ ਸਾਨੂੰ ਮਾਨਸਿਕ ਸਕੂਨ ਨਹੀਂ ਸਗੋਂ ਦੁੱਖ ਤਕਲੀਫਾਂ ਦਿੰਦੀਆਂ ਹਨ।

ਮਨੁੱਖ ਦੀ ਹੋਂਦ ਤੋਂ ਬਾਅਦ ਇੰਨ੍ਹੇ ਧਾਰਮਿਕ ਅਸਥਾਨ ਨਹੀਂ ਸੀ ਬਣੇ, ਜਿੰਨੇ ਇਸ ਸਦੀ ਵਿੱਚ ਬਣ ਗਏ ਹਨ। ਅਸੀਂ ਧਰਮ ਦੇ ਅਰਥ ਭੁੱਲ ਕੇ ਸੋਚਣ ਸਮਝਣ ਤੇ ਤਰਕ ਦੀ ਕਸਵੱਟੀ ਵਰਤਣ ਦੀ ਵਜਾਏ, ਮੱਥੇ ਰਗੜਨ, ਡੰਡੋਤਾਂ ਕਰਨ, ਝੜਾਵੇ ਚੜ੍ਹਾਉਣ ਤੱਕ ਹੀ ਸੀਮਤ ਹੋ



ਗਏ, ਇਸੇ ਕਰਕੇ ਜਿੰਨੇ ਵੀ ਹਾਦਸੇ ਹੁੰਦੇ ਹਨ, ਉਨ੍ਹਾਂ ਵਿੱਚ ਧਰਮ ਦੀ ਆਸਥਾ ਵਧੇਰੇ ਭਾਰੂ ਹੁੰਦੀ ਹੈ।

ਅਸੀਂ ਧਰਮੀ ਨਹੀਂ ਬਣਦੇ, ਸਗੋਂ ਧਾਰਮਿਕ ਬਣ ਕੇ ਧਰਮ ਦੀ ਆੜ ਵਿੱਚ ਮਨੁੱਖ ਦੀ ਭਾਵਨਾਵਾਂ ਤੇ ਜ਼ਮੀਨ ਜਾਇਦਾਦ ਲੁੱਟਣ ਲੱਗ ਪਏ ਹਾਂ। ਜਿਹੜੇ ਧਰਮਕਾਂਡਾ ਵਿੱਚੋਂ ਸਾਡੇ ਪੁਰਖਿਆਂ ਨੇ ਕੱਢਣ ਦੀ ਕੋਸ਼ਿਸ਼ ਕੀਤੀ ਸੀ। ਆਪਣੇ ਜ਼ਿੰਦਗੀ ਦੇ ਤਜਰਬਿਆਂ ਨੂੰ ਲਿਖਤਾਂ ਦੇ ਰਾਂਹੀ ਸਾਡੇ ਤੱਕ ਪੁਜਦਾ ਕੀਤਾ ਸੀ। ਅੱਜ ਅਸੀਂ ਉਹ ਸਭ ਕੁੱਝ ਭੁੱਲ ਗਏ ਹਾਂ। ਅਸੀਂ ਉਨ੍ਹਾਂ ਲਿਖਤਾਂ ਨੂੰ ਪੜ੍ਹ ਦੇ ਹਾਂ ਪਰ ਅਮਲ ਨਹੀਂ ਕਰਦੇ ।

ਅਸੀਂ ਗਿਆਨ ਤੇ ਵਿਗਿਆਨ ਦੇ ਉਹਨਾਂ ਭੰਡਾਰਾਂ ਨੂੰ ਖੂਬਸੂਰਤ ਵਸਤਰਾਂ ਵਿੱਚ ਲਪੇਟ ਰੱਖ ਲਿਆ ਹੈ। ਪੱਥਰ ਯੁੱਗ ਦੇ ਵਿੱਚ ਪੁੱਜ ਕੇ ਅਸੀਂ ਉਸ ਦੀ ਪੂਜਾ ਸ਼ੁਰੂ ਕਰ ਦਿੱਤੀ ਹੈ। ਇਸ ਪੂਜਾ ਨੇ ਸਾਡੀ ਸੋਚ ਇਨੀ ਖੁੰਡੀ ਕਰ ਦਿੱਤੀ ਹੈ ਕਿ ਅਸੀਂ ਕਿਸੇ ਸਰੀਰਿਕ ਦੁੱਖ ਦੇ ਛੁਟਕਾਰੇ ਲਈ ਡਾਕਟਰ, ਮਨੋਵਿਗਿਆਨ ਦੇ ਕੋਲ ਜਾਣ ਦੀ ਬਜਾਏ, ਉਹਨਾਂ ਦੇਹਧਾਰੀ ਸਾਧਾਂ ਦੇ ਕੋਲ ਜਾਂਦੇ ਹਾਂ, ਜਿਹੜੇ ਸਾਨੂੰ ਦੁੱਖਾਂ ਵਿਚੋਂ ਕੱਢਣ ਦੀ ਬਜਾਏ ਅਜਿਹੇ ਵਹਿਮਾਂ-ਭਰਮਾਂ ਵਿੱਚ ਫਸਾ ਦਿੰਦੇ ਹਨ ਕਿ ਅਸੀਂ ਉਨ੍ਹਾਂ ਦੀ ਪ੍ਰਕਰਮਾ ਹੀ ਨਹੀਂ ਕਰਦੇ ਸਗੋਂ ਆਪਣਾ ਸਮਾਂ, ਧਨ, ਤਨ ਸਭ ਕੁੱਝ ਉਨ੍ਹਾਂ ਨੂੰ ਭੇਂਟ ਕਰ ਦਿੰਦੇ ਹਾਂ।

ਹੁਣ ਅਸੀਂ ਸਿੱਧੇ ਰਸਤੇ ਦੀ ਬਜਾਏ, ਟੇਡੇ ਰਸਤਿਆਂ ਨੂੰ ਪਹਿਲ ਦੇਣ ਲੱਗ ਪਏ ਹਾਂ, ਇਸ ਅੰਨ੍ਹੀ ਦੌੜ ਵਿੱਚ ਅਸੀਂ ਕਿੰਨੇ ਹਾਦਸੇ ਕਰ ਰਹੇ ਹਾਂ, ਜਿਨਾਂ ਦੇ ਬਾਰੇ ਸਾਨੂੰ ਗਿਆਨ ਵੀ ਹੁੰਦਾ ਹੈ ਪਰ ਅਸੀਂ ਇੱਕ ਥਾਂ ਤੋਂ ਦੂਜੀ ਥਾਂ ਉੱਤੇ ਜਾਣ ਲਈ ਉਨ੍ਹਾਂ ਰਸਤਿਆਂ ਨੂੰ ਵਰਤਦੇ ਹਾਂ, ਜਿਹੜੇ ਰਸਤਿਆਂ ਉੱਤੇ ਜਿੱਥੇ ਸਾਡੇ ਸਮਾਜਕ ਰਿਸ਼ਤਿਆਂ ਤੇ ਜ਼ਿੰਦਗੀ ਦੀ ਮੌਤ ਵੀ ਹੁੰਦੀ ਹੈ, ਜੇ ਉਹ ਮੌਤ ਨੂੰ ਝਕਾਨੀ ਦੇ ਕੇ ਲੰਘ ਗਏ ਤਾਂ ਉਹ ਆਪਣੇ ਕੀਤੇ ਕਰਮ ਦੀ ਸਜ਼ਾ ਭੁਗਤਦੇ ਹਨ।

ਸੜਕਾਂ ਦੇ ਉੱਤੇ ਹੁੰਦੇ ਹਾਦਸੇ ਤਾਂ ਸਾਡੀਆਂ ਨਜ਼ਰਾਂ ਵਿੱਚ ਹਨ ਪਰ ਜਿਹੜੇ ਹਾਦਸੇ ਅਸੀਂ ਪੰਜਾਬੀਆਂ ਨੇ ਆਪਣੇ ਰਿਸ਼ਤਿਆਂ ਦੇ ਨਾਲ ਕੀਤੇ ਹਨ ਤੇ ਕਰ ਰਹੇ ਹਨ, ਸ਼ਾਇਦ ਇਹ ਹਾਦਸੇ ਸੜਕਾਂ ਉੱਤੇ ਹੁੰਦੇ ਭਿਆਨਕ ਹਾਦਸਿਆਂ ਦੇ ਨਾਲੋਂ ਵੀ ਵਧੇਰੇ ਖਤਰਨਾਕ ਹਨ। ਉਂਝ ਅਸੀਂ ਆਪਣੇ ਆਪ ਨੂੰ ਸ਼ੇਰਾਂ ਦੀ ਕੌਮ, ਸੂਰਬੀਰ, ਯੋਧੇ, ਸ਼ਹੀਦੀਆਂ ਪਾਉਣ ਵਾਲੇ ਉਨਾਂ ਦੇਸ਼ ਭਗਤਾਂ ਦੇ ਵਾਰਿਸ ਆਖਦੇ ਹਾਂ, ਜਿੰਨਾਂ ਨੇ ਆਪਣਾ ਧਰਮ ਤੇ ਸਿਦਕ ਨਿਭਾਇਆ ਪਰ ਅੱਜ ਅਸੀਂ ਧਰਮ ਤੇ ਰਿਸ਼ਤਿਆਂ ਨੂੰ ਗ਼ਲਤ ਵਰਤਕੇ ਜਿਹੜੇ ਹਾਦਸੇ ਕਰ ਰਹੇ ਹਾਂ, ਜਦੋਂ ਅਸੀਂ ਇਨ੍ਹਾਂ ਹਾਦਸਿਆਂ ਦੀ ਕਹਾਣੀ ਸੁਣਦੇ ਹਾਂ ਤਾਂ ਸਾਡਾ ਸਿਰ ਸ਼ਰਮ ਨਾਲ ਝੁਕਦਾ ਨਹੀਂ। ਸਗੋਂ ਮਾਣ ਮਹਿਸੂਸ ਕਰਦੇ ਹਾਂ। ਕਿੰਨੇ ਅਸੀਂ ਬੇਸ਼ਰਮ ਹੋ ਗਏ ਹਾਂ।

ਅਸੀਂ ਕਿਵੇਂ ਆਪਣੀ ਧੀਆਂ ਨੂੰ ਪੌੜੀ ਬਣਾ ਕੇ ਦੇਸ਼ ਵਿਦੇਸ਼ ਪੁੱਜਣ ਲਈ ਸਮਾਜ ਵੱਲੋਂ ਸਿਰਜੇ ਰਿਸ਼ਤਿਆਂ ਦਾ ਘਾਣ ਕਰ ਰਹੇ ਹਾਂ, ਆਪਣੀਆਂ ਸਕੀਆਂ ਮਾਵਾਂ, ਭੈਣਾਂ, ਭੂਆ, ਚਾਚੀਆਂ, ਤਾਈਆਂ, ਮਾਮੀਆਂ, ਮਾਸੀਆਂ, ਨਾਨੀਆਂ ਤੇ ਦਾਦੀਆਂ ਦੇ ਨਾਲ ਵਿਆਹ ਕਰਵਾ ਕੇ ਠੰਢੇ ਮੁਲਕਾਂ ਵਿੱਚ ਜਾਣ ਲਈ ਸਾਧਨ ਵਰਤਦੇ ਹਾਂ। ਇਹ ਉਹਨਾਂ ਹਾਦਸਿਆਂ ਤੋਂ ਵਧੇਰੇ ਖਤਰਨਾਕ ਹਨ, ਜਿਹੜੇ ਸੜਕਾਂ ਉੱਤੇ ਵਾਪਰਦੇ ਹਨ। ਸੜਕਾਂ ਉੱਤੇ ਵਾਪਰਦੇ ਹਾਦਸਿਆਂ ਵਿੱਚ ਕਸੂਰ ਸੜਕਾਂ ਦਾ ਨਹੀਂ, ਸਾਡਾ ਤੇ ਉਸ ਬੁਨਿਆਦੀ ਢਾਂਚੇ ਦਾ ਹੁੰਦਾ ਹੈ। ਜਿਹੜਾ ਸਾਨੂੰ ਅਜਿਹੇ ਹਾਦਸੇ ਕਰਨ ਦੀ ਖੁੱਲ੍ਹ ਦਿੰਦਾ ਹੈ।

ਸੜਕਾਂ ਰਾਤ ਨੂੰ ਜਦੋਂ ਨਸ਼ੇ 'ਚ ਟੁੰਨ ਹੋ ਕੇ, ਮੌਤ ਦਾ ਤਾਂਡਵ ਨਾਚ ਕਰਦੀਆਂ ਹਨ ਤਾਂ ਕਾਨੂੰਨ ਦੇ ਰਖਵਾਲੇ ਵੀ ਆਪਣੇ ਫ਼ਰਜ਼ ਭੁੱਲ, ਇਸ ਜਸ਼ਨ ਵਿੱਚ ਸ਼ਾਮਿਲ ਹੁੰਦੇ ਹਨ। ਇਹ ਤਾਂਡਵ ਨਾਚ ਬਹੁਤਾ ਉਸ ਅੰਨ੍ਹੀ ਤੇ ਵਹੂਣੀ ਸੋਚ ਦੇ ਲੋਕਾਂ ਦਾ ਹੁੰਦਾ ਹੈ, ਜਿਹੜੇ ਆਸਥਾ ਨੂੰ ਜ਼ਿੰਦਗੀ ਤੋਂ ਪਾਰ ਜਾਣ ਦਾ ਭੁਲੇਖਾ ਸਿਰਜਦੇ ਹਨ। ਇਸੇ ਕਰਕੇ ਬਹੁਤੇ ਮੌਤ ਦੇ ਤਾਂਡਵ ਨਾਚ ਇਨਾਂ ਅਖੌਤੀ ਡੇਰਿਆਂ, ਧਾਰਮਿਕ ਅਸਥਾਨਾਂ ਦੀ ਪ੍ਰਕਰਮਾਂ ਕਰਦਿਆਂ ਹੁੰਦੇ ਹਨ। ਪਸ਼ੂ ਬਿਰਤੀ ਜਦੋਂ ਮਨੁੱਖ 'ਤੇ ਭਾਰੂ ਹੁੰਦੀ ਹੈ, ਤਾਂ ਅਸੀਂ ਇਹ ਭੁੱਲ ਜਾਂਦੇ ਕਿ ਜਿਹੜੇ ਸਾਧਨ ਵਸਤੂਆਂ ਨੂੰ ਢੋਣ ਲਈ ਬਣਾਏ ਹਨ, ਉਨ੍ਹਾਂ ਵਿੱਚ ਅਸੀਂ ਉਹ ਜ਼ਿੰਦਗੀਆਂ ਵਸਤੂਆਂ ਵਾਂਗ ਲੱਦ ਕੇ ਤੁਰ ਪੈਂਦੇ ਹਾਂ। ਜਿੰਨ੍ਹਾਂ ਨੇ ਇਨ੍ਹਾਂ ਵਾਹਨਾਂ ਨੂੰ ਸੜਕਾਂ ਉਤੇ ਰੋਕ ਕੇ ਜਾਂਚ ਪੜਤਾਲ ਕਰਨੀ ਹੁੰਦੀ ਹੈ, ਉਹ ਵੀ ਸੋਮਰਸ ਦਾ ਸੇਵਨ ਕਰ, ਅੰਗੂਰੀ ਹੋ ਕੇ ਕਿਸੇ ਸੁਰੱਖਿਅਤ ਥਾਂ 'ਤੇ ਸੌਂ ਜਾਂਦੇ ਹਨ।

ਭਾਵੇਂ ਉਨ੍ਹਾਂ ਨੂੰ ਤਨਖਾਹ ਸੌਣ ਦੀ ਨਹੀਂ, ਸਗੋਂ ਸੜਕ 'ਤੇ ਵਾਹਨਾਂ ਨੂੰ ਚੈੱਕ ਕਰਨ ਦੀ ਮਿਲਦੀ ਹੈ, ਉਹ ਮਿਲਣ ਵਾਲੀ ਤਨਖਾਹ ਦੇ ਨਾਲੋਂ ਉਪਰਲੀ ਕਮਾਈ ਵੱਧ ਕਰ ਲੈਂਦੇ ਹਨ, ਇਸੇ ਕਰਕੇ ਉਨ੍ਹਾਂ ਦੇ ਢਿੱਡ ਤੂੜੀ ਵਾਲੇ ਟਰੱਕ ਵਾਂਗ ਬਾਹਰ ਨੂੰ ਨਿਕਲ ਆਉਂਦੇ ਹਨ। ਜਦੋਂ ਕਿਧਰੇ ਕੋਈ ਹਾਦਸਾ ਵਾਪਰ ਜਾਂਦਾ ਹੈ ਤਾਂ ਫਿਰ ਜਿਹੜੀ ਸਰਕਾਰੀ ਮਸ਼ੀਨਰੀ ਲੰਮੀਆਂ ਤਾਣ ਕੇ ਸੁੱਤੀ ਪਈ ਹੁੰਦੀ ਹੈ, ਉਹ ਹਰਕਤ ਵਿੱਚ ਆ ਜਾਂਦੀ ਹੈ, ਫਿਰ ਕਾਨੂੰਨ ਦਾ ਪਾਠ ਪੜ੍ਹਾਇਆ ਹੀ ਨਹੀਂ ਜਾਂਦਾ, ਸਗੋਂ ਉਸਨੂੰ ਸਖਤੀ ਨਾਲ ਲਾਗੂ ਕਰਨ ਦੇ ਹੁਕਮ ਜਾਰੀ ਕੀਤੇ ਜਾਂਦੇ ਹਨ। ਮਰਨ ਵਾਲਿਆਂ ਦੇ ਵਾਰਸਾਂ ਨੂੰ ਮੱਦਦ ਦੇਣ ਦੇ ਹੁਕਮ ਹੁੰਦੇ ਹਨ, ਜ਼ਖ਼ਮੀਆਂ ਦਾ ਇਲਾਜ ਸਰਕਾਰੀ ਪੱਧਰ ਉੱਤੇ ਕਰਨ ਦੀਆਂ ਹਦਾਇਤਾਂ ਹੁੰਦੀਆਂ ਹਨ। ਅਜਿਹੇ ਹਾਦਸੇ ਮੁੜ ਨਾ ਹੋਣ ਤੋਂ ਰੋਕਣ ਲਈ ਸਖਤ ਹਦਾਇਤਾਂ ਹੁੰਦੀਆਂ ਹਨ, ਪਰ ਜਿਹੜੇ ਅਣਆਈ ਮੌਤ ਇੱਕ ਨਿੱਜੀ ਜਿਹੀ ਗਲਤੀ ਨਾਲ ਤੁਰ ਜਾਂਦੇ ਹਨ, ਉਨ੍ਹਾਂ ਦੇ ਪਿੱਛੇ ਰਹਿ ਗਏ ਯਾਦ ਕਰਕੇ ਰੋਂਦੇ, ਕੁਰਲਾਉਂਦੇ ਰਹਿੰਦੇ ਹਨ।



ਬੁੱਧ ਸਿੰਘ ਨੀਲੋਂ
94643-70823

ਅਸੀਂ ਵੱਡੀਆਂ ਵੱਡੀਆਂ ਗੱਡੀਆਂ ਤਾਂ ਲੈ ਲਈਆਂ ਹਨ ਪ੍ਰੰਤੂ ਸੜਕਾਂ ਉੱਤੇ ਇਹ ਗੱਡੀਆਂ ਕਿਵੇਂ ਚਲਾਉਣੀਆਂ ਹਨ, ਇਸ ਦੀ ਸਾਨੂੰ ਭੋਰਾ ਵੀ ਜਾਣਕਾਰੀ ਨਹੀਂ ਹੁੰਦੀ, ਬਿਨਾ ਕਿਸੇ ਜਾਂਚ ਪੜਤਾਲ 'ਤੇ ਡਰਾਈਵਿੰਗ ਲਾਈਸੈਂਸ ਜਾਰੀ ਹੁੰਦੇ ਹਨ। ਸੜਕ ਉੱਤੇ ਚੱਲਣ ਦੇ ਨਿਯਮਾਂ ਦਾ ਜਿਨ੍ਹਾਂ ਨੇ ਪਾਠ ਪੜ੍ਹਾਉਣਾ ਅਤੇ ਸਿਖਾਉਣਾ ਹੁੰਦਾ ਹੈ, ਉਹ ਵੀ ਆਪਣੀ ਕੀਮਤ ਦੱਸ ਕੇ, ਸਭ ਕੁੱਝ ਅਸਾਨ ਕਰ ਦਿੰਦੇ ਹਨ। ਜਦੋਂ ਕਾਨੂੰਨ ਲਾਗੂ ਕਰਨ ਵਾਲੇ ਆਪਣੀ ਕੀਮਤ ਵਸਤੂਆਂ ਵਾਂਗ ਪਾਉਂਦੇ ਹਨ, ਉਦੋਂ ਹੀ ਇਨ੍ਹਾਂ ਹਾਦਸਿਆਂ ਦਾ ਮੁੱਢ ਬੱਝਣਾ ਸ਼ੁਰੂ ਹੋ ਜਾਂਦਾ ਹੈ, ਜਿਹੜਾ ਪਰਿਵਾਰਾਂ ਦੇ ਪਰਿਵਾਰਾਂ ਦੀ ਜਾਨ ਲੈਂਦਾ ਹੈ।

ਉਂਝ ਭਾਵੇਂ ਅਸੀਂ ਨੈਤਿਕ ਕਦਰਾਂ ਕੀਮਤਾਂ, ਕਾਨੂੰਨ ਦਾ ਸਤਿਕਾਰ ਕਰਨ ਤੇ ਸੜਕਾਂ ਉਤੇ ਚੰਗੇ ਚਾਲਕ ਹੋਣ ਦੀਆਂ ਟਾਹਰਾਂ ਮਾਰਦੇ ਹਾਂ ਪਰ ਅਸੀਂ ਕਦੇ ਵੀ ਉਨ੍ਹਾਂ ਨਿਯਮਾਂ ਦਾ ਪਾਲਣ ਨਹੀਂ ਕਰਦੇ, ਜਿਨ੍ਹਾਂ ਦੀ ਅਸੀਂ ਸੁੰਹ ਚੁੱਕਦੇ ਹਾਂ। ਜਦੋਂ ਤੀਕ ਸਾਡੇ ਕਾਨੂੰਨ ਦੇ ਰਖਵਾਲੇ, ਗੱਡੀਆਂ, ਮੋਟਰਾਂ, ਸੜਕਾਂ ਤੇ ਡਰਾਈਵਰ ਲਾਈਸੈਂਸ ਜਾਰੀ ਕਰਨ ਵਾਲੇ ਆਪਣਾ ਮੁੱਲ ਮਸਤੂਆਂ ਵਾਂਗ ਪਾਉਂਦੇ ਰਹਿਣਗੇ, ਉਦੋਂ ਤੱਕ ਇਨਾਂ ਹਾਦਸਿਆਂ ਨੂੰ ਠੱਲ੍ਹ ਨਹੀਂ ਪਾਈ ਜਾ ਸਕਦੀ। ਇਨ੍ਹਾਂ ਹਾਦਸਿਆਂ ਤੋਂ ਬਚਣ ਲਈ ਜਦੋਂ ਤੀਕ ਅਸੀਂ ਖੁਦ ਆਪਣੇ ਆਪ ਨੂੰ ਜੁੰਮੇਵਾਰ ਨਹੀਂ ਸਮਝਦੇ ਉਦੋਂ ਤੀਕ ਇਹ ਹਾਦਸੇ ਜਾਰੀ ਰਹਿਣਗੇ।

ਕਸੂਰ ਇਨ੍ਹਾਂ ਸੜਕਾਂ ਦਾ ਨਹੀਂ, ਵਾਹਨਾਂ ਦਾ ਨਹੀਂ, ਸਗੋਂ ਇਹ ਉਨ੍ਹਾਂ ਜੁੰਮੇਵਾਰ ਸਰਕਾਰੀ ਤੇ ਗੈਰ ਸਰਕਾਰੀ ਤੰਤਰ ਦਾ ਹੈ, ਜਿਹੜਾ ਆਪਣਾ ਢਿੱਡ ਭਰਨ ਲਈ ਸਾਰੇ ਕਾਇਦੇ ਕਾਨੂੰਨ ਛਿੱਕੇ ਟੰਗਦੇ ਹਨ ਤੇ ਫਿਰ ਇਹ ਆਖਦੇ ਹਨ ਕਿ ਕਾਸ਼! ਸੜਕਾਂ ਦੇ ਢਿੱਡ ਹੁੰਦੇ। ਢਿੱਡ ਕੁੱਝ ਖਾ ਕੇ ਭਰ ਜਾਂਦੇ ਪਰ ਜਿੰਨ੍ਹਾਂ ਦੇ ਅਜੇ ਤੱਕ ਬੱਜਰੀ, ਰੇਤਾ, ਲੁੱਕ, ਮਿੱਟੀ, ਪਾਣੀ, ਸਰੀਆ ਤੇ ਮਾਇਆ ਦੇ ਨਾਲ ਢਿੱਡ ਨਹੀਂ ਭਰੇ,ਨਾ ਭਰਨੇ ਹਨ। ਇਨ੍ਹਾਂ ਹਾਦਸਿਆਂ ਨੂੰ ਰੋਕਣ ਲਈ ਸੜਕ ਨਿਯਮਾਂ ਦਾ ਪਾਠ ਸਿੱਖਿਆ ਵਿੱਚ ਸ਼ਾਮਲ ਕਰਨਾ ਪਵੇਗਾ, ਚੋਰ ਮੋਰੀਆਂ ਰਾਂਹੀ ਜਾਰੀ ਹੋਣ ਵਾਲੇ ਲਾਇਸੰਸਾਂ ਨੂੰ ਠੱਲ੍ਹ ਪਾਉਣ ਲਈ ਵਿਦੇਸ਼ਾਂ ਵਰਗੇ ਨਿਯਮ ਲਾਗੂ ਕਰਨੇ ਪੈਣਗੇ, ਇਸ ਸਭ ਕੁੱਝ ਦੀ ਜੁੰਮੇਵਾਰੀ ਇਕੱਲੀ ਸਰਕਾਰੀ ਮਸ਼ੀਨਰੀ ਦੀ ਨਹੀਂ ਸਗੋਂ ਸਾਡੀ ਸਭ ਦੀ ਬਣਦੀ ਹੈ, ਸਾਨੂੰ ਇਹ ਸਭ ਕੁੱਝ ਆਪਣੇ ਆਪ ਉੱਤੇ ਲਾਗੂ ਕਰਨਾ ਪਵੇਗਾ- ਫਿਰ ਹੀ ਅਸੀਂ ਦੂਸਰਿਆਂ ਨੂੰ ਨਸੀਅਤਾਂ ਦੇਣ ਦੀ ਹਿੰਮਤ ਕਰ ਸਕਦੇ । ਸੜਕਾਂ ਦੇ ਢਿੱਡ ਤਾਂ ਕਦੇ ਵੀ ਨਹੀਂ ਭਰਨੇ।







# ਰਿਸ਼ਤੇ...



ਰਿਸ਼ਤੇ ਹਮੇਸ਼ਾ ਤੋਂ ਮਨੁੱਖੀ ਜੀਵਨ ਦਾ ਆਧਾਰ ਰਹੇ ਹਨ। ਇਹਨਾਂ ਦਾ ਮਹੱਤਵ ਬਹੁਤ ਜਿਆਦਾ ਹੈ ਸਾਡੀ ਜਿੰਦਗੀ ਵਿੱਚ। ਜੇ ਇਹ ਕਿਹਾ ਜਾਵੇ ਕਿ ਰਿਸ਼ਤੇ ਹੀ ਮਨੁੱਖੀ ਜੀਵਨ ਹਨ ਤਾਂ ਅਤਕਥਨੀ ਨਹੀਂ ਹੋਵੇਗੀ।

ਬਦਲਦੇ ਸਮੇਂ ਵਿੱਚ ਰਿਸ਼ਤੇ ਵੀ ਬਦਲ ਰਹੇ ਹਨ ਰਿਸ਼ਤਿਆਂ ਦੇ ਰੂਪ ਬਦਲ ਰਹੇ ਹਨ। ਰਿਸ਼ਤਿਆਂ ਵਿੱਚ ਟੁੱਟ ਭੱਜ ਬਹੁਤ ਜਿਆਦਾ ਹੋ ਰਹੀ ਹੈ। ਰਿਸ਼ਤਿਆਂ ਵਿੱਚੋ ਨਿੱਘ ਖਤਮ ਹੋ ਰਿਹਾ ਹੈ। ਮੋਹ ਤੇ ਵਿਹੂਣੇ ਰਿਸ਼ਤੇ ਮਨੁੱਖ ਨੂੰ ਇਕੱਲੇਪਣ ਵੱਲ ਖਿੱਚ ਰਹੇ ਹਨ।

ਇੱਕ ਸਮਾਂ ਸੀ ਜਦੋਂ ਸਾਡੇ ਰਿਸ਼ਤੇ ਪੂਰੇ ਪਿੰਡ ਨਾਲ ਸਨ। ਪਿੰਡ ਦੇ ਹਰ ਘਰ ਨਾਲ ਕੋਈ ਨਾ ਕੋਈ ਰਿਸ਼ਤਾ ਜੁੜਦਾ ਸੀ। ਅਸੀ ਸਭ ਨੂੰ ਆਪਣਾ ਸਮਝਦੇ ਸੀ ਤੇ ਸਾਰਾ ਪਿੰਡ ਹੀ ਸਾਡਾ ਪਰਿਵਾਰ ਸੀ। ਪਰ ਬਦਲ ਦੇ ਯੁਗ ਨਾਲ ਬਹੁਤ ਕੁਝ ਬਦਲ ਗਿਆ। ਖਾਸ ਤੌਰ ਤੇ ਰਿਸ਼ਤਿਆਂ ਦੇ ਸਮੀਕਰਨ। ਰਿਸ਼ਤੇ ਜੋ ਮਨੁੱਖ ਦੇ ਮਨ ਨੂੰ ਸਕੂਨ ਦਿੰਦੇ ਸਨ ਹੌਲੀ ਹੌਲੀ ਬੋਝ ਬਣਨ ਲੱਗ ਗਏ। ਦਰਅਸਲ ਵਿਅਕਤੀਗਤ ਆਜ਼ਾਦੀ ਦਾ ਯੁਗ ਹੈ। ਇਸ ਵਿੱਚ ਹਰ ਕੋਈ ਆਪਣੀ ਸਪੇਸ ਭਾਲਦਾ ਹੈ। ਰਿਸ਼ਤਿਆਂ ਵਿੱਚੋ ਉਸਨੂੰ ਨਿੱਘ ਤਾਂ ਚਾਹੀਦਾ ਹੈ ਪਰ ਰਿਸ਼ਤੇ ਨੂੰ ਕੁਝ ਦੇਣਾ ਨਹੀ ਚਾਹੁੰਦਾ। ਰਿਸ਼ਤੇ ਸਾਨੂੰ ਜੇ ਬੰਨਦੇ ਹਨ ਤਾਂ ਸਾਡੀਆਂ ਕੁਝ ਸੀਮਾਵਾਂ ਵੀ ਨਿਰਧਾਰਿਤ ਕਰਦੇ ਹਨ। ਪਰ ਅੱਜ ਦੇ ਸਮੇਂ ਵਿੱਚ ਬੜਾ ਅਜੀਬ ਜਿਹਾ ਮਾਹੌਲ ਹੈ ਅਫਰਾ ਤਫਰੀ ਵਾਲਾ।

ਅੱਜ ਵਿਅਕਤੀਗਤ ਆਜ਼ਾਦੀ ਮਨੁੱਖ ਨੂੰ ਇਸ ਥਾਂ ਤੇ ਲਿਆ ਕੇ ਖੜਾ ਕਰ ਚੁੱਕੀ ਹੈ ਜਿੱਥੇ ਉਸ ਨੂੰ ਰਿਸ਼ਤਿਆਂ ਵਿੱਚੋ ਸਪੇਸ ਚਾਹੀਦੀ ਹੈ। ਹਰ ਵਿਅਕਤੀ ਰਿਸ਼ਤੇ ਵਿੱਚ ਜਿਉਂਦਾ ਹੋਇਆ ਵੀ ਆਪਣੀ ਜ਼ਿੰਦਗੀ ਜਿਉਣਾ ਚਾਹੁੰਦਾ ਹੈ। ਜਰਾ ਜਿੰਨੀ ਦਖਲ ਅੰਦਾਜ਼ੀ ਵੀ ਉਹ ਬਰਦਾਸ਼ਤ ਨਹੀ ਕਰਦਾ। ਅਜਿਹੇ ਵਿੱਚ ਰਿਸ਼ਤੇ ਅਕਸਰ ਟੁੱਟਦੇ ਹਨ। ਟੁੱਟਦੇ ਭੱਜਦੇ ਰਿਸ਼ਤੇ ਜਿੱਥੇ ਇੱਕ ਇਕੱਲਾਪਨ ਦਿੰਦੇ ਹਨ। ਉੱਥੇ ਨਾਲ ਹੀ ਉਹਨਾਂ ਦੀਆਂ ਕਿਰਚਾਂ ਕਿਤੇ ਨਾ ਕਿਤੇ ਨਸ਼ਤਰ ਦੀ ਤਰ੍ਹਾਂ ਦਿਲ ਵਿੱਚ ਚੁੱਬਦੀਆਂ ਰਹਿੰਦੀਆਂ ਹਨ। ਇੱਕ ਹੋਰ ਧਿਆਨ ਦੇਣ ਵਾਲੀ ਗੱਲ ਹੈ ਕਿ ਰਿਸ਼ਤੇ ਖਤਮ ਨਹੀਂ ਹੁੰਦੇ ਬਸ ਉਹਨਾਂ ਦਾ ਰੂਪ ਬਦਲ ਜਾਂਦਾ ਹੈ। ਉਹ ਪਿਆਰ ਤੋਂ ਨਫਰਤ ਵੱਲ ਚਲੇ ਜਾਂਦੇ ਹਨ।

ਉਹ ਜੋ ਤੁਹਾਡਾ ਸਭ ਤੋਂ ਚੰਗਾ ਦੋਸਤ ਹੁੰਦਾ ਸੀ। ਉਹ ਤੁਹਾਡਾ ਸਭ ਤੋ ਵੱਡਾ ਦੁਸ਼ਮਣ ਉਹ ਨਿਬੜਦਾ ਹੈ। ਇਹ ਚੀਜ਼ ਮਨੁੱਖ ਦੇ ਅੰਦਰਲੀ ਟੁੱਟ ਭੱਜ ਨੂੰ ਵਧਾਉਂਦੀ ਹੈ। ਦੁੱਧ ਦਾ ਜਲਿਆ ਲੱਸੀ ਵੀ ਫੂਕ ਫੂਕ ਕੇ ਪੀਂਦਾ ਹੈ। ਇੱਕ ਰਿਸ਼ਤੇ ਦੀ ਚੁਬਨ ਮਨੁੱਖ ਨੂੰ ਦੂਜੇ ਰਿਸ਼ਤਿਆਂ ਤੇ ਭਰੋਸਾ ਕਰਨ ਤੋ ਰੋਕਦੀ ਹੈ। ਇਸ ਸਭ ਦਾ ਹੱਲ ਕੀ ਹੈ? ਕੀ ਮਨੁੱਖ ਨੂੰ ਰਿਸ਼ਤਿਆਂ ਤੋਂ ਹੀ ਪਰੇ ਹੋ ਜਾਣਾ ਚਾਹੀਦਾ ਹੈ? ਪਰ ਬਿਨਾਂ ਰਿਸ਼ਤਿਆਂ ਤੋਂ ਜੀਣਾ ਸੰਭਵ ਨਹੀਂ। ਅਸੀਂ ਕੋਈ ਸੰਨਿਆਸੀ ਨਹੀ ਹਾਂ। ਸਾਨੂੰ ਲੋੜ ਹੈ ਆਪਣਿਆਂ ਦੀ। ਅੱਜ ਦੇ ਯੁੱਗ ਵਿੱਚ ਜਿੱਥੇ ਖੂਨ ਦੇ ਸੰਬੰਧਾਂ ਵਿੱਚ ਵੀ ਦਰਾਰਾਂ ਆਈਆਂ ਹਨ ਉਥੇ ਖੁਦ ਬਣਾਏ ਰਿਸ਼ਤਿਆਂ ਦੀ ਤਾਂ ਗੱਲ ਹੀ ਕੀ ਕਰਨੀ।

ਸਭ ਦਾ ਇੱਕ ਕਾਰਨ ਬਹੁਤ ਜਿਆਦਾ ਉਮੀਦਾਂ ਵੀ ਹਨ। ਅਸੀ ਕਿਸੇ ਦੇ ਰਿਸ਼ਤੇ ਵਿੱਚ ਦੂਸਰੇ ਤੋ ਉਮੀਦ ਬਹੁਤ ਜਿਆਦਾ ਕਰਦੇ ਹਾਂ। ਰਿਸ਼ਤਾ ਕੰਮ ਆਉਣ ਲਈ ਨਹੀਂ ਹੁੰਦਾ ਰਿਸ਼ਤਾ ਸਾਥ ਦੇਣ ਲਈ ਹੁੰਦਾ ਹੈ। ਇਹ ਜ਼ਰੂਰੀ ਨਹੀ ਕਿ ਜੇਕਰ ਕਿਸੇ ਨਾਲ ਕੋਈ ਨੇੜਤਾ ਹੈ ਤਾਂ ਉਹ ਤੁਹਾਡੇ ਕੰਮ ਕਰੇ ਤੁਹਾਡੇ ਮੁਤਾਬਕ ਚੱਲੇ। ਪਰ ਚਾਹੁੰਦੇ ਅਸੀ ਇਹੀ ਹਾਂ। ਸਮੇਂ ਦੀ ਮੰਗ ਇਹ ਹੈ ਕਿ ਸਾਨੂੰ ਜਿੰਨਾ ਆਪਣੇ ਵਿਅਕਤੀਗਤ ਆਜ਼ਾਦੀ ਦਾ ਖਿਆਲ ਹੈ ਉਨਾ ਹੀ ਆਪਣੇ ਨਾਲ ਵਾਲੇ ਦੀ ਆਜ਼ਾਦੀ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ। ਉਸਦੀਆਂ ਆਪਣੀਆਂ ਇੱਛਾਵਾਂ ਤੇ ਵਿਚਾਰ ਹਨ। ਉਸ ਨੂੰ ਆਪਣੇ ਆਪ ਮੁਤਾਬਿਕ ਜਿਉਣ ਦਾ ਹੱਕ ਵੀ ਹੈ। ਅਸੀ ਵੀ ਤਾਂ ਇਹੀ ਹੱਕ ਮੰਗਦੇ ਹਾਂ। ਫਿਰ ਜੋ ਅਸੀ ਆਪਣੇ ਆਪ ਲਈ ਚਾਹੁੰਦੇ ਹਾਂ ਉਹ ਦੂਜਿਆਂ ਨੂੰ ਦੇਣਾ ਸਾਨੂੰ ਮੁਸ਼ਕਿਲ ਕਿਉ ਲੱਗਦਾ ਹੈ? ਇੱਥੇ ਦੋਹਰੇ ਮਾਪਦੰਡ ਕਿਉ?

ਜੇਕਰ ਜ਼ਿੰਦਗੀ ਵਿੱਚ ਸੌਖੇ ਰਹਿਣਾ ਚਾਹੁੰਦੇ ਹੋ ਤਾਂ ਬਹੁਤੀਆਂ ਗੱਲਾਂ ਨੂੰ ਅਣਦੇਖਿਆ ਕਰਨਾ ਸਿੱਖੋ। ਇਹ ਬਹੁਤ ਜਰੂਰੀ ਹੈ। ਕਿਸੇ ਦਾ ਵਿਹਾਰ ਤੁਹਾਡੇ ਪ੍ਰਤੀ ਕਿਹੋ ਜਿਹਾ ਹੈ ਤੁਹਾਡੇ ਲਈ ਸਿਰਫ ਇਹ ਮਹੱਤਵ ਰੱਖਦਾ ਹੈ। ਉਹ ਕਿਸੇ ਦੂਸਰੇ ਨਾਲ ਕਿਹੋ ਜਿਹੇ ਸੰਬੰਧ ਰੱਖਦਾ ਹੈ ਇਸ ਨਾਲ ਤੁਹਾਡਾ ਕੋਈ ਲੈਣਾ ਦੇਣਾ ਹੋਣਾ ਨਹੀ ਚਾਹੀਦਾ। ਜਦ ਤੱਕ ਕੋਈ ਤੁਹਾਡੇ ਪ੍ਰਤੀ ਸਹੀ ਹੈ ਤਦ ਤੱਕ ਤੁਹਾਨੂੰ ਉਸ ਵਿੱਚ ਕੋਈ ਕਮੀ ਕੱਢਣ ਦਾ ਹੱਕ ਨਹੀ ਹੈ।

ਹਰ ਕਿਸੇ ਨੇ ਆਪਣੇ ਮੁਤਾਬਿਕ ਜਿਉਣਾ ਹੈ। ਹਰ ਕਿਸੇ ਦੀ ਆਪਣੀ ਪਸੰਦ ਨਾ ਪਸੰਦ ਹੈ। ਰਿਸ਼ਤੇ ਦਾ ਮਤਲਬ ਇਹ ਹਰਗਿਜ਼ ਨਹੀ ਹੈ ਕਿ ਕੋਈ ਤੁਹਾਡੇ ਹਿਸਾਬ ਨਾਲ ਜਿਉਣ ਲੱਗ ਜਾਵੇ। ਕਦੇ ਸੋਚੋ ਕਿ ਤੁਸੀ ਅਜਿਹਾ ਕਰਦੇ ਹੋ? ਸਾਨੂੰ ਦੂਜੇ ਦੇ ਤਰੀਕੇ ਨਾਲ ਜੀਣਾ ਪਵੇ ਤਾਂ ਉਹ ਬੋਝ ਲੱਗਣ ਲੱਗਦਾ ਹੈ। ਠੀਕ ਇਸੇ ਤਰ੍ਹਾਂ ਦੂਜੇ ਨੂੰ ਵੀ ਮਹਿਸੂਸ ਹੁੰਦਾ ਹੈ।

ਰਿਸ਼ਤੇ ਦਾ ਅਰਥ ਇਹ ਨਹੀ ਕਿ ਤੁਸੀ ਦੂਜੇ ਦੇ ਮਾਲਕ ਬਣ ਗਏ ਹੋ। ਨਹੀ ਬਿਲਕੁਲ ਨਹੀਂ। ਹਰ ਬੰਦਾ ਆਪਣੇ ਫੈਸਲਿਆਂ ਲਈ ਆਜ਼ਾਦ ਹੈ। ਉਹ ਕਿਸ ਨਾਲ ਬੋਲਣਾ ਚਾਹੁੰਦਾ ਹੈ ਕਿਸ ਨਾਲ ਗੱਲ ਕਰਨਾ ਚਾਹੁੰਦਾ ਹੈ ਕਿਸ ਨਾਲ ਸੰਬੰਧ ਰੱਖਣਾ ਚਾਹੁੰਦਾ ਹੈ ਇਹ ਉਸ ਦਾ ਆਪਣਾ ਨਿੱਜੀ ਫੈਸਲਾ ਹੈ। ਅਸੀ ਆਪਣੇ ਵਿਚਾਰ ਉਸਨੂੰ ਦੱਸ ਤਾਂ ਸਕਦੇ ਹਾਂ ਪਰ ਥੋਪ ਨਹੀ ਸਕਦੇ। ਬਸ ਨਿੱਕਾ ਜਿਹਾ ਨੁਕਤਾ ਸਮਝ ਲੈਣ ਦੀ ਲੋੜ ਹੈ। ਇਸੇ ਨਾਲ ਜ਼ਿੰਦਗੀ ਬਹੁਤ ਸੁਖਾਵੀ ਹੋ ਸਕਦੀ ਹੈ। ਜਦ ਤੱਕ ਕਿਸੇ ਰਿਸ਼ਤੇ ਵਿੱਚ ਤੁਹਾਨੂੰ ਤੁਹਾਡਾ ਅਧਿਕਾਰ ਮਿਲਦਾ ਹੈ ਖੁਸ਼ ਰਹੋ। ਦੂਜਾ ਆਪਣੇ ਬਾਕੀ ਸਮੇਂ ਵਿੱਚ ਕੀ ਕਰ ਰਿਹਾ ਹੈ ਇਸ ਵਿੱਚ



ਤੁਹਾਨੂੰ ਦਖਲ ਨਹੀਂ ਦੇਣਾ ਚਾਹੀਦਾ। ਇਹ ਖਾਸ ਤੌਰ ਤੇ ਉਨਾਂ ਰਿਸ਼ਤਿਆਂ ਲਈ ਹੈ ਜੋ ਅਸੀਂ ਆਪ ਬਣਾਉਂਦੇ ਹਾਂ। ਅਸੀ ਕਿਸੇ ਨੂੰ ਆਪਣੀ ਮਰਜ਼ੀ ਮੁਤਾਬਕ ਨਹੀ ਚਲਾ ਸਕਦੇ ਤੇ ਚਲਾਉਣਾ ਚਾਹੀਦਾ ਵੀ ਨਹੀ।

ਮਨੁੱਖੀ ਜੀਵਨ ਦੀ ਸਭ ਤੋ ਵੱਡੀ ਸਮੱਸਿਆ ਇਹੋ ਹੈ ਕਿ ਉਹ ਚਾਹੁੰਦਾ ਹੈ ਹਰ ਕੋਈ ਉਹਦੇ ਮੁਤਾਬਿਕ ਚੱਲੇ ਤੇ ਉਹ ਆਪਣੀ ਮਰਜ਼ੀ ਮੁਤਾਬਿਕ ਚੱਲੇ। ਬਸ ਇੰਨੀ ਗੱਲ ਜਿਸ ਨੇ ਸਮਝ ਲਈ ਉਸ ਦੀ ਜ਼ਿੰਦਗੀ ਅਸਾਨ ਹੈ। ਜੋ ਜਿੰਨਾ ਸਮਾਂ ਤੁਹਾਨੂੰ ਦੇ ਦੇਵੇ ਬਹੁਤ ਹੈ। ਉਸ ਤੋ ਜ਼ਿਆਦਾ ਦੀ ਮੰਗ ਨਾ ਕਰੋ। ਮਨੁੱਖ ਤਾਂ ਖੂਨ ਦੇ ਬਣਾਏ ਰਿਸ਼ਤਿਆਂ ਤੋ ਵੀ ਵਿਟਰ ਜਾਂਦਾ ਹੈ ਫਿਰ ਆਪਣੇ ਬਣਾਏ ਰਿਸ਼ਤਿਆਂ ਦੀ ਕੀ ਬਿਸਾਤ।

ਜੇਕਰ ਤੁਸੀ ਇਹ ਛੋਟੀਆਂ ਛੋਟੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਦੇ ਹੋ ਤੇ ਕੁਝ ਗੱਲਾਂ ਨੂੰ ਨਜ਼ਰ ਅੰਦਾਜ਼ ਕਰਦੇ ਹੋ ਤਾਂ ਤੁਸੀਂ ਇੱਕ ਸੁਖਾਵਾਂ ਜੀਵਨ ਜੀ ਸਕਦੇ ਹੋ। ਬਹੁਤ ਹੀ ਪਰੇਸ਼ਾਨੀ ਤਾਂ ਇਸੇ ਗੱਲ ਦੀ ਹੀ ਹੈ ਕਿ ਦੂਜਾ ਕੀ ਕਰ ਰਿਹਾ ਹੈ। ਸੋਚ ਕੇ ਦੇਖੋ ਤੁਸੀ ਇਸ ਤੋ ਲੈਣਾ ਵੀ ਕੀ ਹੈ। ਤੁਸੀਂ ਚਾਹੋ ਇੱਕ ਵਾਰ ਅਗਲੇ ਨਾਲ ਗੱਲ ਕਰ ਸਕਦੇ ਹੋ ਪਰ ਉਸਨੂੰ ਮਜਬੂਰ ਨਾ ਕਰੋ ਆਪਣੀ ਗੱਲ ਮੰਨਣ ਲਈ।

ਮਨੁੱਖੀ ਜੀਵਨ ਦਾ ਆਧਾਰ ਰਿਸ਼ਤੇ ਹਨ। ਖੂਨ ਦੇ ਬਣਾਏ ਰਿਸ਼ਤਿਆਂ ਤੋਂ ਮੁਨਕਰ ਹੋ ਰਹੇ ਮਨੁੱਖ ਨੂੰ ਆਪਣੇ ਬਣਾਏ ਰਿਸ਼ਤਿਆਂ ਵਿੱਚ ਜਿਉਂਦੇ ਰਹਿਣ ਲਈ ਖੁੱਲੇਪਨ ਦੀ ਲੋੜ ਹੈ। ਪਤੰਗ ਨੂੰ ਵੀ ਥੋੜੀ ਜਿਹੀ ਢਿੱਲ ਦਿਓ ਤਾਂ ਹੀ ਉਡਦੀ ਹੈ। ਇਹੀ ਗੱਲ ਰਿਸ਼ਤਿਆਂ ਤੇ ਵੀ ਲਾਗੂ ਹੁੰਦੀ ਹੈ।

ਰਿਸ਼ਤਿਆਂ ਨੂੰ ਸਮਝਦਾਰੀ ਨਾਲ ਜੀਉ। ਜਿੰਨਾ ਮਿਲ ਰਿਹਾ ਹੈ ਉਸ ਵਿੱਚ ਖੁਸ਼ ਰਹੋ। ਕਿਸੇ ਨੂੰ ਬੰਨਣ ਦੀ ਕੋਸ਼ਿਸ਼ ਕਦੀ ਨਾ ਕਰੋ। ਜੇ ਕੋਈ ਤੁਹਾਡੇ ਨਾਲ ਰਹਿਣਾ ਚਾਹੁੰਦਾ ਹੈ ਤਾਂ ਆਪਣੇ ਆਪ ਤੁਹਾਡੇ ਲਈ ਸਮਾਂ ਕੱਢੇਗਾ। ਤੁਸੀ ਲੱਖ ਬਹਿਸਾਂ ਕਰ ਲਓ ਜੇ ਉਸਨੇ ਤੁਹਾਨੂੰ ਸਮਾਂ ਨਹੀ ਦੇਣਾ ਤਾਂ ਨਹੀ ਦੇਣਾ।

ਤੁਸੀ ਦੂਸਰੇ ਤੇ ਬੰਦਿਸ਼ਾਂ ਲਾਉਂਦੇ ਹੋਏ ਖੁਦ ਵੀ ਪਰੇਸ਼ਾਨ ਹੁੰਦੇ ਹੋ ਤੇ ਉਸ ਨੂੰ ਵੀ ਪਰੇਸ਼ਾਨ ਕਰਦੇ ਹੋ। ਮਨੁੱਖੀ ਜੀਵਨ ਹੈ ਇੱਥੇ ਕਿਸੇ ਨੇ ਬਾਰ-ਬਾਰ ਨਹੀ ਆਉਣਾ। ਹਰ ਕਿਸੇ ਨੂੰ ਆਪਣੇ ਢੰਗ ਨਾਲ ਜਿਉਣ ਦਾ ਹੱਕ ਹੈ। ਅਸੀ ਕਿਸੇ ਦਾ ਬੁਨਿਆਦੀ ਹੱਕ ਖੋਹਣ ਵਾਲੇ ਕੌਣ ਹਾਂ?

ਇੱਕ ਜਰੂਰੀ ਸੁਝਾਅ ਇਹ ਹੈ ਕਿ ਕੁਝ ਚੰਗਾ ਪੜ੍ਹਨ ਦੀ ਆਦਤ ਪਾਓ। ਇਹ ਆਦਤ ਤੁਹਾਨੂੰ ਇਹ ਇਕੱਲਾਪਣ ਮਹਿਸੂਸ ਨਹੀ ਹੋਣ ਦਿੰਦੀ। ਬਹੁਤੀ ਵਾਰ ਤਾਂ ਅਸੀ ਇਕੱਲੇਪਣ ਨੂੰ ਭਰਨ ਲਈ ਹੀ ਦੂਜਿਆਂ ਵੱਲ ਵੇਖਦੇ ਹਾਂ। ਕੋਸ਼ਿਸ਼ ਕਰੋ ਆਪਣੇ ਆਪ ਲਈ ਖੁਦ ਯਤਨ ਕਰੋ।

ਹਰਪ੍ਰੀਤ ਕੌਰ ਸੰਧੂ



# ਟੀ.ਪੀ.ਏ.ਆਰ ਕਲੱਬ ਦੀ 63 ਮੈਂਬਰੀ ਟੀਮ ਸ਼ਨੀਵਾਰ 20 ਅਪ੍ਰੈਲ ਨੂੰ ਚੜ੍ਹੇਗੀ ਸੀ.ਐਨ. ਟਾਵਰ ਦੀਆਂ 1776 ਪੌੜੀਆਂ



ਬਰੈਂਪਟਨ, (ਡਾ. ਝੰਡ) -ਸੀ.ਐੱਨ. ਟਾਵਰ ਦੀਆਂ 1776 ਪੌੜੀਆਂ ਚੜ੍ਹਨ ਦਾ ਈਵੈਂਟ ਸਾਲ ਵਿਚ ਦੋ ਵਾਰ ਅਪ੍ਰੈਲ ਅਤੇ ਅਕਤੂਬਰ ਮਹੀਨਿਆਂ ਵਿੱਚ ਕਰਵਾਇਆ ਜਾਂਦਾ ਹੈ। ਅਪ੍ਰੈਲ ਮਹੀਨੇ ਹੋਣ ਵਾਲਾ ਈਵੈਂਟ 'ਡਬਲਿਊ. ਡਬਲਿਊ.ਐੱਫ਼. ਕਲਾਈਬ ਫ਼ਾਰ ਨੇਚਰ' ਵੱਲੋਂ ਕਰਵਾਇਆ ਜਾਂਦਾ ਹੈ ਅਤੇ ਅਕਤੂਬਰ ਮਹੀਨੇ ਵਾਲਾ 'ਯੂਨਾਈਟਿਡ ਕਲਾਈਬ-ਅੱਪ' ਵੱਲੋਂ ਆਯੋਜਿਤ ਕੀਤਾ ਜਾਂਦਾ ਹੈ। ਹਜ਼ਾਰਾਂ ਦੀ ਗਿਣਤੀ ਵਿਚ ਲੋਕ ਹਰ ਸਾਲ ਇਨ੍ਹਾਂ ਦੋਹਾਂ ਈਵੈਂਟਾਂ ਵਿਚ ਭਾਗ ਲੈਂਦੇ ਹਨ। ਬਰੈਂਪਟਨ ਵਿਚ ਪਿਛਲੇ 10 ਸਾਲ ਤੋਂ ਸਰਗ਼ਰਮ ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ (ਟੀਪੀਏਆਰ ਕਲੱਬ) ਦੇ ਮੈਂਬਰ ਇਨ੍ਹਾਂ ਦੋਹਾਂ ਈਵੈਂਟਾਂ ਵਿਚ ਬੜੇ ਜੋਸ਼ ਤੇ ਉਤਸ਼ਾਹ ਨਾਲ ਭਾਗ ਲੈਂਦੇ ਹਨ। ਕਈ ਵਾਰ ਉਹ ਇਸ ਵਿੱਚ ਟੀਮ ਵਜੋਂ ਅਤੇ ਕਈ ਵਾਰ ਨਿੱਜੀ ਰੂਪ ਵਿਚ ਵੀ ਸ਼ਾਮਲ ਹੁੰਦੇ ਹਨ।

ਇਸ ਵਾਰ ਸਾਲ 2024 ਦਾ ਮਿਡ-ਸਪਰਿੰਗ 'ਡਬਲਿਊ. ਡਬਲਿਊ.ਐੱਫ਼. ਕਲਾਈਬ ਫ਼ਾਰ ਨੇਚਰ' ਈਵੈਂਟ 20 ਅਤੇ 21 ਅਪ੍ਰੈਲ ਨੂੰ ਹੋ ਰਿਹਾ ਹੈ ਅਤੇ ਇਸ ਵਿਚ ਟੀਪੀਏਆਰ ਕਲੱਬ ਦੇ 63 ਮੈਂਬਰ ਟੀਮ ਦੇ ਰੂਪ ਵਿਚ 20 ਅਪ੍ਰੈਲ ਨੂੰ ਹਿੱਸਾ ਲੈ ਰਹੇ ਹਨ। ਸੀ.ਐੱਨ. ਟਾਵਰ ਦੀਆਂ 1776 ਪੌੜੀਆਂ ਚੜ੍ਹਨ ਲਈ ਉਹ ਪਿਛਲੇ ਚਾਰ-ਪੰਜ ਹਫ਼ਤਿਆਂ ਤੋਂ ਹਰ ਹਫ਼ਤੇ ਵੀਕ-ਐਂਡ 'ਤੇ ਕਿਸੇ ਨਾ ਕਿਸੇ ਬਹੁ-ਮੰਜ਼ਲੀ ਬਿਲਡਿੰਗ ਦੀਆਂ ਪੌੜੀਆਂ ਚੜ੍ਹਨ ਦਾ ਅਭਿਆਸ ਕਰ ਰਹੇ ਹਨ।

ਇੱਥੇ ਇਹ ਜ਼ਿਕਰਯੋਗ ਹੈ ਕਿ ਕਈ ਉੱਦਮੀ ਸੰਸਥਾਵਾਂ ਇਸ ਈਵੈਂਟ ਲਈ ਹਰ ਸਾਲ ਫ਼ੰਡ ਇਕੱਤਰ ਕਰਦੀਆਂ ਹਨ ਜੋ ਦਾਨ ਦੇ ਰੂਪ ਵਿੱਚ ਅੱਗੋਂ ਕਈ ਲੋੜਵੰਦ ਸੰਸਥਾਵਾਂ ਨੂੰ ਦਿੱਤਾ ਜਾਂਦਾ ਹੈ। ਇਸ ਵਾਰ 'ਟੀ.ਡੀ. ਕਲਾਈਬਿੰਗ ਟਾਈਟਨਜ਼' ਵੱਲੋਂ 25,534 ਡਾਲਰ, 'ਅਵੀਵਾ ਕੈਨੇਡਾ ਕਲਾਈਬਰਜ਼ ਟੀ.ਓ.' ਵੱਲੋਂ 17,151 ਡਾਲਰ, 'ਸਟੇਅਰਿੰਗ ਇਜ਼ ਕੇਅਰਿੰਗ' ਵੱਲੋਂ 10,248 ਡਾਲਰ, 'ਗੁਰੂ ਗੋਬਿੰਦ ਸਿੰਘ ਚਿਲਡਰਨਜ਼ ਫ਼ਾਊਡੇਸ਼ਨ' ਵੱਲੋਂ 8,775 ਡਾਲਰ ਅਤੇ 'ਐੱਮ.ਐਂਡ ਐੱਮ.' ਵੱਲੋਂ 6445 ਡਾਲਰ ਇਕੱਠੇ ਕੀਤੇ ਗਏ ਹਨ। ਇਸ ਈਵੈਂਟ ਵਿਚ ਹਿੱਸਾ ਲੈਣ ਲਈ ਈਵੈਂਟ ਦੇ ਪ੍ਰਬੰਧਕਾਂ ਵੱਲੋਂ 150 ਡਾਲਰ ਪ੍ਰਤੀ ਵਿਅੱਕਤੀ ਫ਼ੀਸ ਰੱਖੀ ਗਈ ਹੈ। ਟੀਪੀਏਆਰ ਕਲੱਬ ਦੀ ਟੀਮ ਵਜੋਂ ਰਜਿਸਟ੍ਰੇਸ਼ਨ ਕਰਵਾਉਣ ਵਾਲੇ ਮੈਂਬਰਾਂ ਨੂੰ 22 ਮਾਰਚ ਤੋਂ ਪਹਿਲਾਂ ਆਪਣਾ ਨਾਂ ਕਰਵਾਉਣ 'ਤੇ 'ਡਰੀਮ ਬਿੱਗ ਐਂਡ ਸਟਾਰਗੇਟ' ਵੱਲੋਂ 20 ਡਾਲਰ ਪ੍ਰਤੀ ਮੈਂਬਰ ਦੇ ਹਿਸਾਬ ਨਾਲ ਕੱਵਰੇਜ ਕੀਤੀ ਗਈ ਅਤੇ ਇਸ ਤਰ੍ਹਾਂ ਇਸ ਤਰੀਕ ਤੱਕ 62 ਮੈਂਬਰਾਂ ਵੱਲੋਂ 130 ਡਾਲਰ ਫ਼ੀਸ ਨਾਲ ਆਪਣੀ ਰਜਿਸਟ੍ਰੇਸ਼ਨ ਕਰਵਾਈ ਗਈ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਅਕਤੂਬਰ 2023 ਦੇ 'ਮਿਡ-ਫ਼ਾਲ ਈਵੈਂਟ' ਵਿਚ ਇਸ ਕਲੱਬ ਦੇ ਸਰਗ਼ਰਮ ਮੈਂਬਰ ਸੁਰਿੰਦਰ ਸਿੰਘ ਨਾਗਰਾ ਵੱਲੋਂ 71 ਸਾਲ ਦੀ ਉਮਰ ਵਿਚ ਇਹ ਪੌੜੀਆਂ 18 ਮਿੰਟ 24 ਸਕਿੰਟ ਵਿਚ ਚੜ੍ਹ ਕੇ ਆਪਣੇ ਉਮਰ-ਵਰਗ ਵਿਚ ਇਹ ਰਿਕਾਰਡ ਕਾਇਮ ਕੀਤਾ ਗਿਆ ਸੀ। ਇਸ ਨੂੰ ਮੁੱਖ ਰੱਖਦਿਆਂ ਹੋਇਆਂ ਕਲੱਬ ਦੇ ਪ੍ਰਬੰਧਕਾਂ ਵੱਲੋਂ 70 ਸਾਲ ਤੋਂ ਉੱਪਰਲੇ ਵਿਅੱਕਤੀਆਂ ਨੂੰ ਸੁਰਿੰਦਰ ਨਾਗਰਾ ਦਾ ਇਹ ਰਿਕਾਰਡ ਤੋੜਨ ਲਈ 500 ਡਾਲਰ ਇਨਾਮ ਰੱਖਿਆ ਗਿਆ ਹੈ। ਕਲੱਬ ਦੇ ਮੈਂਬਰਾਂ ਵਿਚ ਇਸ ਈਵੈਂਟ ਲਈ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।

## ਪਟਨਾ ਸਾਹਿਬ ਮੱਥਾ ਟੇਕਣ ਗਈ ਕਪੂਰਥਲਾ ਦੀ ਮਹਿਲਾ ਹੋਈ ਲਾਪਤਾ



ਪੂਰਥਲਾ ਦੀ ਸੁਲਤਾਨਪੁਰ ਲੋਧੀ ਸਬ ਡਿਵੀਜ਼ਨ ਦੇ ਪਿੰਡ ਸਾਲਾਪੁਰ ਦੋਨਾ ਦੀ ਰਹਿਣ ਵਾਲੀ ਇਕ ਔਰਤ ਦੇ ਪਟਨਾ ਸਾਹਿਬ ਵਿਚ ਲਾਪਤਾ ਹੋਣ ਦੀ ਖ਼ਬਰ ਹੈ। ਪਰਿਵਾਰਕ ਮੈਂਬਰਾਂ ਨੇ ਇਸ ਸਬੰਧੀ ਸੁਲਤਾਨਪੁਰ ਲੋਧੀ ਪੁਲਿਸ ਨੂੰ ਵੀ ਸੂਚਿਤ ਕਰ ਦਿਤਾ ਹੈ। ਇਸ ਦੀ ਪੁਸ਼ਟੀ ਕਰਦਿਆਂ ਐਸ.ਐਚ.ਓ. ਹਰਗੁਰਦੇਵ ਸਿੰਘ ਨੇ ਦਸਿਆ ਕਿ ਪਰਿਵਾਰਕ ਮੈਂਬਰਾਂ ਤੋਂ ਜਾਣਕਾਰੀ ਲੈ ਕੇ ਜਾਂਚ ਕਰਦੇ ਹੋਏ ਪਟਨਾ ਸਾਹਿਬ ਦੇ ਸਬੰਧਤ ਥਾਣੇਦਾਰ ਨੂੰ ਈਮੇਲ ਰਾਹੀ ਸੰਪਰਕ ਕਰਕੇ ਔਰਤ ਦੀ ਭਾਲ ਕਰਨ ਲਈ ਕਿਹਾ ਗਿਆ।

ਲਾਪਤਾ ਮਹਿਲਾ ਦੇ ਪਤੀ ਮੁਖਤਿਆਰ ਸਿੰਘ ਨੇ ਥਾਣਾ ਸੁਲਤਾਨਪੁਰ ਲੋਧੀ ਦੇ ਮੁੱਛ ਅਫ਼ਸਰ ਨੂੰ ਪੱਤਰ ਲਿਖਿਆ ਹੈ। ਮੁਖਤਿਆਰ ਸਿੰਘ ਨੇ ਦਸਿਆ ਕਿ ਉਨ੍ਹਾਂ ਦੀ ਪਤਨੀ ਬਲਵੀਰ ਕੌਰ 2 ਅਪ੍ਰੈਲ ਨੂੰ ਸਵੇਰੇ ਕਰੀਬ ਸਾਢੇ 5 ਵਜੇ ਸ੍ਰੀ ਪਟਨਾ ਸਾਹਿਬ ਦਰਸ਼ਨ ਲਈ ਗਈ ਸੀ। ਉਸ ਦੀ 8 ਅਪ੍ਰੈਲ ਨੂੰ ਆਖਰੀ ਵਾਰ ਇਟਲੀ ਰਹਿੰਦੇ ਉਸ ਦੇ ਲੜਕੇ ਮਨਜੀਤ ਸਿੰਘ ਨਾਲ ਫ਼ੋਨ ਉਤੇ ਗੱਲ ਹੋਈ ਸੀ। ਉਸ ਨੇ ਅਪਣੇ ਪੁੱਤ ਨੂੰ ਕਿਹਾ ਸੀ ਕਿ ਉਸ ਦੇ ਦਰਦ ਹੋ ਰਿਹਾ ਹੈ ਅਤੇ ਉਹ 9 ਅਪ੍ਰੈਲ ਨੂੰ ਵਾਪਸ ਚਲੀ ਜਾਵੇਗੀ। ਇਸ ਤੋਂ ਬਾਅਦ ਵੀ ਉਸ ਦਾ ਫ਼ੋਨ ਬੰਦ ਆ ਰਿਹਾ ਹੈ। ਪਰਿਵਾਰ ਨੇ ਕਈ ਦਿਨ ਉਡੀਕ ਕਰਨ ਮਗਰੋਂ ਹੁਣ ਪੁਲਿਸ ਤੋਂ ਮਦਦ ਮੰਗੀ ਹੈ।

ਇਕ ਹਫ਼ਤੇ ਤਕ ਪਟਨਾ ਸਾਹਿਬ ਵਿਚ ਔਰਤ ਦੀ ਭਾਲ ਕਰਨ ਤੋਂ ਬਾਅਦ ਪਰਿਵਾਰਕ ਮੈਂਬਰ ਬੁੱਧਵਾਰ ਨੂੰ ਵਾਪਸ ਪਰਤ ਗਏ ਹਨ। ਦੂਜੇ ਪਾਸੇ ਸੁਲਤਾਨਪੁਰ ਲੋਧੀ ਥਾਣੇ ਦੇ ਐਸਐਚਓ ਹਰਗੁਰਦੇਵ ਸਿੰਘ ਅਨੁਸਾਰ ਉਹ ਪਟਨਾ ਸਾਹਿਬ ਪੁਲਿਸ ਦੇ ਸੰਪਰਕ ਵਿਚ ਹਨ। ਪਟਨਾ ਸਾਹਿਬ ਪੁਲਿਸ ਔਰਤ ਦੀ ਭਾਲ 'ਚ ਲੱਗੀ ਹੋਈ ਹੈ।

## ਮਸਜਿਦ ਬਣਾਉਣ ਲਈ ਹੋਈ ਆਂਡੇ ਦੀ ਨਿਲਾਮੀ, ਮਿਲੇ 2.26 ਲੱਖ ਰੁਪਏ



ਉੱਤਰੀ ਕਸ਼ਮੀਰ ਦੇ ਬਾਰਾਮੂਲਾ ਵਿੱਚ ਇੱਕ ਮਸਜਿਦ ਦੇ ਨਿਰਮਾਣ ਲਈ ਇੱਕ ਅੰਡੇ ਦੀ ਨਿਲਾਮੀ ਕੀਤੀ ਗਈ ਹੈ। ਹੱਦ ਉਦੋਂ ਹੋ ਗਈ ਜਦੋਂ ਦਾਨ ਕੀਤੇ ਇੱਕ ਆਂਡੇ ਦੀ ਨਿਲਾਮੀ ਵਿੱਚ 2.26 ਲੱਖ ਰੁਪਏ ਮਿਲੇ। ਮਸਜਿਦ ਪ੍ਰਬੰਧਕ ਕਮੇਟੀ ਨੇ ਇਹ ਜਾਣਕਾਰੀ ਦਿੱਤੀ ਹੈ, ਦੱਸਿਆ ਗਿਆ ਹੈ ਕਿ ਬਾਰਾਮੂਲਾ ਦੇ ਸੋਪੋਰ ਵਿੱਚ ਇੱਕ ਮਸਜਿਦ ਬਣਾਈ ਜਾ ਜਾ ਰਹੀ ਸੀ।

ਇਹ ਮਾਮਲਾ ਸ਼੍ਰੀਨਗਰ ਤੋਂ 55 ਕਿਲੋਮੀਟਰ ਦੂਰ ਸੋਪੋਰ ਦੇ ਮਲਪੋਰ ਪਿੰਡ ਦਾ ਹੈ, ਜਿੱਥੇ ਸਥਾਨਕ ਮਸਜਿਦ ਕਮੇਟੀ ਨੇ ਨਕਦੀ ਅਤੇ ਵਸਤੂ ਦੋਵਾਂ ਰੂਪਾਂ ਵਿੱਚ ਦਾਨ ਲੈਣਾ ਸ਼ੁਰੂ ਕਰ ਦਿੱਤਾ ਹੈ। ਇਕ ਬਜ਼ੁਰਗ ਔਰਤ ਨੇ ਆਪਣਾ ਨਾਂ ਨਾ ਦੱਸਣ ਦੀ ਸ਼ਰਤ 'ਤੇ ਦੱਸਿਆ ਕਿ ਉਸ ਨੇ ਆਪਣੀ ਮੁਰਗੀ ਦਾ ਇਕ ਤਾਜ਼ਾ ਆਂਡਾ ਦਾਨ ਕੀਤਾ ਸੀ। ਦਾਨ ਕੀਤੀਆਂ ਗਈਆਂ ਸਾਰੀਆਂ ਵਸਤੂਆਂ ਨੂੰ ਨਿਲਾਮੀ ਲਈ ਰੱਖਿਆ ਗਿਆ ਅਤੇ ਸਭ ਤੋਂ ਵੱਧ ਰਕਮ ਆਂਡੇ ਲਈ ਮਿਲੀ ਸੀ।।

**ਤਿੰਨ ਦਿਨ ਤੱਕ ਚੱਲੀ ਆਂਡੇ ਦੀ ਬੋਲੀ :-** ਇੱਕ ਸਥਾਨਕ ਨਿਵਾਸੀ ਨੇ ਦੱਸਿਆ ਕਿ ਲੋਕਾਂ ਨੇ ਤਿੰਨ ਦਿਨ ਤੱਕ ਅੰਡੇ ਦੀ ਬੋਲੀ ਲਗਾਈ ਅਤੇ ਹਰ ਦੌਰ ਤੋਂ ਬਾਅਦ ਸਫਲ ਬੋਲੀ ਲਗਾਉਣ ਵਾਲੇ ਨੇ ਆਪਣੀ ਬੋਲੀ ਦੀ ਰਕਮ ਅਦਾ ਕੀਤੀ ਅਤੇ ਫਿਰ ਹੋਰ ਪੈਸੇ ਇਕੱਠੇ ਕਰਨ ਲਈ ਆਂਡੇ ਨੂੰ ਦਾਨ ਦੇ ਰੂਪ 'ਚ ਕਮੇਟੀ ਨੂੰ ਦਿੱਤੇ। ਨਿਲਾਮੀ ਦੇ ਆਖਰੀ ਦਿਨ ਦਾਨਿਸ਼ ਅਹਿਮਦ ਨਾਂ ਦੇ ਨੌਜਵਾਨ ਕਾਰੋਬਾਰੀ ਨੇ 70 ਹਜ਼ਾਰ ਰੁਪਏ 'ਚ ਅੰਡੇ ਨੂੰ ਖਰੀਦਿਆ।

**ਅੰਡੇ ਤੋਂ ਇਕੱਠੇ ਹੋਏ 2,26,350 ਰੁਪਏ :-** ਗੁਆਂਢੀ ਵਾਰਪੋਰਾ ਇਲਾਕੇ ਦੇ ਵਸਨੀਕ ਅਹਿਮਦ ਨੇ ਕਿਹਾ, "ਅਸੀਂ ਇਸ ਮਸਜਿਦ ਦੇ ਨਿਰਮਾਣ ਨੂੰ ਜਲਦੀ ਤੋਂ ਜਲਦੀ ਪੂਰਾ ਕਰਨ ਲਈ ਬਹੁਤ ਉਤਸੁਕ ਹਾਂ। ਕਿਉਂਕਿ ਮਸਜਿਦ ਨੂੰ ਵੱਡਾ ਬਣਾਉਣ ਦੀ ਯੋਜਨਾ ਹੈ, ਇਸ ਲਈ ਵੱਡੀ ਰਕਮ ਦੀ ਲੋੜ ਹੈ। ਮੈਂ ਕੋਈ ਅਮੀਰ ਆਦਮੀ ਨਹੀਂ, ਪਰ ਇਹ ਪਵਿੱਤਰ ਸਥਾਨ ਪ੍ਰਤੀ ਮੇਰਾ ਜਨੂੰਨ ਅਤੇ ਭਾਵਨਾ ਸੀ। ਅਹਿਮਦ ਅਨੁਸਾਰ ਅੰਡੇ ਦੀ ਕਈ ਦੌਰ ਦੀ ਨਿਲਾਮੀ ਦੌਰਾਨ ਕੁੱਲ 2,26,350 ਰੁਪਏ ਇਕੱਠੇ ਹੋਏ।

# ਜਿਉਂਦੇ ਜੀ, ਮਰ ਜਾਈਏ ਜਾਂ ਮਰ ਕੇ ਜ਼ਿੰਦਾ ਰਹੀਏ: ਚਮਕੀਲਾ



ਮੇਰੇ ਵਿਚਾਰ ਅਨੁਸਾਰ ਚਮਕੀਲੇ ਦਾ ਕਸੂਰ ਸਿਰਫ਼ ਇਤਨਾ ਸੀ ਕਿ ਉਸਨੇ ਉਹ ਸਭ ਸ਼ਰ੍ਹੇਆਮ ਕਰਤਾ, ਜੋ ਸਾਡਾ ਸਮਾਜ ਲੁਕ ਕੇ ਕਰਦਾ ਸੀ। ਵੈਸੇ ਮੇਰਾ ਮੰਨਣਾ ਹੈ ਕਿ ਕਲਾਕਾਰ ਨੂੰ ਅਸੱਭਿਅਕ ਜਾਂ ਅਸ਼ਲੀਲ ਗੱਲ ਨੂੰ ਵੀ ਸੱਭਿਅਕ ਸ਼ਬਦਾਂ ਵਿੱਚ ਕਹਿਣ ਦੀ ਕਲਾ ਆਉਣੀ ਚਾਹੀਦੀ ਹੈ। ਪਰ ਸਾਡਾ ਪੰਜਾਬੀ ਸਮਾਜ ਨੰਗੀ ਚਿੱਟੀ ਵੱਧ ਜਲਦੀ ਸਮਝਦਾ ਹੈ, ਕਲਾਤਮਕ ਢੰਗ ਨਾਲ਼ ਪੇਸ਼ ਕਰਨ ਨਾਲ਼ ਉਨ੍ਹਾਂ ਨੂੰ ਮਜ਼ਾ ਨਹੀਂ ਆਉਂਦਾ। ਚਮਕੀਲਾ ਵੀ ਇਸੇ ਦਾ ਸ਼ਿਕਾਰ ਹੋਇਆ ਸੀ। ਪਰ ਪੱਛੜੇ ਸਮਾਜਾਂ ਵਿੱਚ ਜੋ ਕੁਝ ਲੁਕ ਕੇ ਹੁੰਦਾ, ਜੇ ਉਹ ਸ਼ਰ੍ਹੇਆਮ ਹੋਣ ਲੱਗ ਪਵੇ ਤਾਂ ਧਰਮ, ਸੱਭਿਆਚਾਰ ਤੇ ਸਮਾਜ ਨੂੰ ਖ਼ਤਰਾ ਖੜ ਜਾਂਦਾ। ਲੋਕਾਂ ਦੀ ਅਣਖ ਜਾਗ ਪੈਂਦੀ ਹੈ, ਭਾਵਨਾਵਾਂ ਭੜਕ ਜਾਂਦੀਆਂ, ਲੋਕ ਮਰਨ ਮਾਰਨ ਨੂੰ ਤਿਆਰ ਹੋ ਜਾਂਦੇ ਆ।

ਵਿਕਸਿਤ ਸਮਾਜਾਂ ਵਿੱਚ ਅਜਿਹਾ ਸਭ ਕੁਝ ਸਾਹਮਣੇ ਹੁੰਦਾ ਹੈ। ਅਜਿਹੇ ਮਸਲਿਆਂ ਨੂੰ ਨਿੱਜਤਾ ਨਾਲ਼ ਜੋੜ ਕੇ ਦੇਖਿਆ ਜਾਂਦਾ ਹੈ। ਹਰ ਇੱਕ ਨੂੰ ਆਪਣੀ ਮਰਜੀ ਅਨੁਸਾਰ ਜੀਣ, ਕੁਝ ਵੀ ਕਰਨ ਦੀ ਖੁੱਲ੍ਹ ਹੈ। ਉਹ ਧਰਮਾਂ, ਸੱਭਿਆਚਾਰਾਂ, ਸਮਾਜਿਕ ਬੰਧਨਾਂ ਤੋਂ ਉਪਰ ਉੱਠ ਜਾਂਦੇ ਹਨ। ਉਨ੍ਹਾਂ ਲਈ ਦੇਸ਼ ਦੇ ਕਨੂੰਨ ਅਤੇ ਨਿੱਜੀ ਕਿਰਦਾਰ ਦਾ ਵੱਧ ਮਹੱਤਵ ਹੁੰਦਾ ਹੈ। ਜਦਕਿ ਪੱਛੜੇ ਸਮਾਜ ਨੈਤਿਕਤਾ ਦਾ ਜਿਤਨਾ ਵੱਧ ਰੌਲ਼ਾ ਪਾਉਂਦੇ ਹਨ, ਅੰਦਰੋਂ ਉਤਨੇ ਹੀ ਵੱਧ ਅਨੈਤਿਕ ਹੁੰਦੇ ਹਨ। ਪੱਛੜੇ ਸਮਾਜਾਂ ਵਿੱਚ ਜਿਨ੍ਹਾਂ ਅੰਦਰ ਅਜਿਹਾ ਕੂੜ ਵੱਧ ਹੁੰਦਾ, ਉਹ ਹੀ ਸਮਾਜ ਦੇ ਵੱਧ ਠੇਕੇਦਾਰ ਬਣਦੇ ਆ।

ਪਿਛਲੇ ਕੁਝ ਹਫ਼ਤਿਆਂ ਤੋਂ ਚਮਕੀਲਾ ਫਿਲਮ ਦੀ ਚਰਚਾ ਸੀ। ਫਿਲਮ ਦੇਖਣ ਤੋਂ ਬਾਅਦ ਇਵੇਂ ਮਹਿਸੂਸ ਹੋਇਆ ਕਿ ਫਿਲਮ ਚਮਕੀਲੇ ਦੇ ਕਤਲ ਨਾਲ ਸਬੰਧਤ ਅਨੇਕਾਂ ਮੁੱਦੇ ਉਭਾਰਨ ਵਿੱਚ ਸਫ਼ਲ ਰਹੀ ਹੈ। ਪਰ ਵੱਧ ਮੁੱਦਾ ਉਸਦੀ ਅਸ਼ਲੀਲ ਤੇ ਅਸੱਭਿਅਕ ਗਾਇਕੀ ਦਾ ਹੀ ਭਾਰੂ ਰਿਹਾ। ਪਰ ਇਸੇ ਵਿਸ਼ੇ 'ਤੇ ਬਣੀਆਂ ਪਹਿਲੀਆਂ ਦੋ ਫ਼ਿਲਮਾਂ ਵਾਂਗ ਚਮਕੀਲੇ ਦੇ ਕਾਤਲਾਂ ਨੂੰ ਇਸ ਫ਼ਿਲਮ ਵਿੱਚ ਵੀ ਸ਼ੱਕ ਦੇ ਘੇਰੇ ਵਿੱਚ ਰੱਖਿਆ ਗਿਆ ਹੈ। ਇੱਕ ਪਾਸੇ ਸਮਕਾਲੀ ਗਾਇਕਾਂ, ਦੂਜੇ ਪਾਸੇ ਖਾੜਕੂਆਂ ਅਤੇ ਤੀਜੇ ਪਾਸੇ ਚਮਕੀਲੇ ਤੇ ਅਮਰਜੋਤ ਦੇ ਪਰਿਵਾਰਾਂ ਵੱਲ ਸ਼ੱਕ ਦੀ ਸੂਈ ਘੁਮਾਈ ਗਈ ਹੈ। ਪਰ ਨਤੀਜਾ ਕੋਈ ਨਹੀਂ ਕੱਢਿਆ ਗਿਆ।

ਜਦਕਿ ਅਸਲੀਅਤ ਇਹ ਹੈ ਕਿ ਉਸ ਇਲਾਕੇ ਦੇ ਲੋਕਾਂ ਅਤੇ ਪੁਲਿਸ ਨੂੰ ਇੱਕ ਦੋ ਦਿਨਾਂ ਵਿੱਚ ਹੀ ਕਤਲ ਕਰਨ ਵਾਲ਼ੇ ਖਾੜਕੂਆਂ ਦਾ ਪਤਾ ਲੱਗ ਗਿਆ ਸੀ। ਮੈਨੂੰ ਯਾਦ ਹੈ, ਅਸੀਂ ਉਸ ਵਕਤ ਫਗਵਾੜੇ ਪੜ੍ਹਦੇ ਸੀ, ਉੱਥੇ ਅਗਲੇ ਦਿਨ ਹੀ ਪਤਾ ਲੱਗ ਗਿਆ ਸੀ ਕਿ ਦੀਪਾ ਹੇਰਾਂ ਤੇ ਗੁਰਨੇਕ ਸਿੰਘ ਨੇਕਾ ਦੇ ਕਮਾਂਡੋ ਫੋਰਸ ਗਰੁੱਪ ਨੇ ਇਹ ਕਾਰਾ ਕੀਤਾ ਸੀ। ਸ਼ਾਇਦ ਦੋ ਕੁ ਮਹੀਨਿਆਂ ਵਿੱਚ ਹੀ ਪੁਲਿਸ ਨੇ ਤਿੰਨ ਖਾੜਕੂਆਂ ਦੀਪਾ ਹੇਰਾਂ,ਬਾਬਾ ਨੇਕਾ ਤੇ ਸੁਖਦੇਵ ਸੋਢੀ ਨੂੰ ਪੁਲਿਸ ਮੁਕਾਬਲੇ ਵਿੱਚ ਮਾਰ ਦਿੱਤਾ ਸੀ। ਫਿਰ ਵੀ ਪਤਾ ਨਹੀਂ ਕਿਉਂ ਇਸ ਕਤਲ ਨੂੰ ਸ਼ੱਕੀ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ?

ਅਸ਼ਲੀਲ ਅਤੇ ਸਮਾਜ ਦੀਆਂ ਕਦਰਾਂ ਕੀਮਤਾਂ ਦੇ ਮਿਆਰ ਤੋਂ ਨੀਵੇਂ ਗੀਤ ਤਾਂ ਅਨੇਕਾਂ ਦੋ ਗਾਣੇ ਗੀਤ ਗਾਉਣ ਵਾਲ਼ੇ ਅਨੇਕਾਂ ਗਾਇਕ ਥੋੜੇ ਬਹੁਤੇ ਫ਼ਰਕ ਨਾਲ਼ ਪਹਿਲਾਂ ਤੋਂ ਗਾਉਂਦੇ ਸਨ ਅਤੇ ਅੱਜ ਵੀ ਗਾ ਰਹੇ ਹਨ। ਮੇਰੇ ਵਿਚਾਰ ਅਨੁਸਾਰ ਸਿੱਖ ਸਮਾਜ ਲਈ ਅਸ਼ਲੀਲਤਾ ਨਾਲੋਂ ਵੱਧ ਵਿਚਾਰਨ ਵਾਲਾ ਮਸਲਾ ਉਸ ਵਕਤ ਵੀ ਅਤੇ ਅੱਜ ਵੀ ਇਹ ਹੋਣਾ ਚਾਹੀਦਾ ਹੈ ਕਿ ਅਸੀ ਕਦੋਂ ਤੱਕ 17-18ਵੀਂ ਸਦੀ ਦੀ ਮਾਨਸਿਕਤਾ ਅਤੇ ਤਰੀਕਿਆਂ ਨਾਲ਼ ਆਪਣੇ ਧਾਰਮਿਕ, ਸਮਾਜਿਕ ਤੇ ਰਾਜਨੀਤਕ ਮਸਲੇ ਹਥਿਆਰਾਂ ਜਾਂ ਸੋਧਿਆਂ ਰਾਹੀ ਹੱਲ ਕਰਦੇ ਰਹਾਂਗੇ? ਚਮਕੀਲਾ ਫ਼ਿਲਮ ਲੱਗਣ ਤੋਂ ਪਹਿਲਾਂ ਅਤੇ ਹੁਣ ਫਿਲਮ ਲੱਗਣ ਤੋਂ ਬਾਅਦ ਚਮਕੀਲੇ, ਉਸਦੀ ਗਰਭਵਤੀ ਪਤਨੀ ਅਮਰਜੋਤ ਤੇ ਉਨ੍ਹਾਂ ਦੇ ਸਾਥੀਆਂ ਦੇ ਕਤਲ ਕਰਨ ਵਾਲ਼ੇ ਖਾੜਕੂਆਂ ਦੇ ਇੰਗਲੈਂਡ ਰਹਿੰਦੇ ਸਾਥੀ ਲਸ਼ਵਿੰਦਰ ਡੱਲੇਵਾਲ਼ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਹੈ ਕਿ ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਖਾਲਿਸਤਾਨ ਕਮਾਂਡੋ ਫੋਰਸ ਨੇ ਇਹ ਸੋਧੇ ਲਾਏ ਸਨ।

ਫਿਰ ਵੀ ਸਿੱਖ ਸਮਾਜ ਵਿੱਚ ਇਹ ਚਰਚਾ ਕਿਉਂ ਨਹੀਂ ਹੋ ਰਹੀ ਕਿ ਵਿਚਾਰਾਂ ਦੇ ਵਿਰੋਧ ਕਾਰਨ ਬੰਦੇ ਕਤਲ ਕਰਨੇ ਅਸੀਂ ਕਦੋਂ ਤੱਕ ਬਰਦਾਸ਼ਤ ਕਰਾਂਗੇ? ਹਿੰਸਾ ਤੇ ਨਫ਼ਰਤ ਦੀ ਇਹ ਰਾਜਨੀਤੀ ਗੁਰਬਾਣੀ ਦੇ ਕਿਹੜੇ ਅਸੂਲ ਜਾਂ ਮਰਿਯਾਦਾ ਅਨੁਸਾਰ ਹੈ? ਸੋਧੇ ਜਾਂ ਬਦਲੇ ਗੁਰੂਆਂ ਦੀ ਸਿੱਖੀ ਨਹੀ, ਇਹ ਮਰਦ ਪ੍ਰਧਾਨ ਸਮਾਜ ਦਾ ਮਧਯੁਗੀ ਕਬੀਲਾ ਕਲਚਰ ਹੈ। ਚਮਕੀਲਾ ਤਾਂ ਚਲੋ ਅਸ਼ਲੀਲ ਗੀਤ ਗਾਉਂਦਾ ਸੀ, ਉਸਨੂੰ ਤਾਂ ਮਾਰਨਾ ਜਰੂਰੀ ਸੀ। ਕੀ ਖਾੜਕੂ ਲਹਿਰ ਦੌਰਾਨ 4-5 ਸੌ ਕਾਮਰੇਡ ਇਸ ਕਰਕੇ ਕਤਲ ਨਹੀ ਕਰ ਦਿੱਤੇ ਗਏ ਸਨ ਕਿ ਉਹ ਬੇਗੁਨਾਹਾਂ ਦੇ ਕਤਲਾਂ ਦਾ ਵਿਚਾਰਧਾਕ ਵਿਰੋਧ ਕਰਦੇ ਸਨ? ਕੀ ਇਹ ਵੀ ਸੱਚ ਨਹੀਂ ਕਿ ਸੈਂਕੜੇ ਆਮ ਬੇਗੁਨਾਹ ਤੇ ਨਿਹੱਥੇ ਨਿਰੰਕਾਰੀ ਇਸ ਲਈ ਕਤਲ ਕਰ ਦਿੱਤੇ ਗਏ ਸਨ ਕਿ ਉਹ ਨਿਰੰਕਾਰੀ ਸਨ? ਕੀ ਬੱਸਾਂ ਟ੍ਰੇਨਾਂ ਵਿੱਚ ਮਰਨ ਵਾਲ਼ੇ ਬੇਗੁਨਾਹ ਲੋਕਾਂ ਦਾ ਕਸੂਰ ਇਤਨਾ ਹੀ ਨਹੀਂ ਸੀ ਕਿ ਉਹ ਹਿੰਦੂ ਸਨ? ਅਸੀਂ ਕਦੋ ਇਹ ਸਮਝਾਂਗੇ ਕਿ ਹਿੰਸਾ ਤੇ ਨਫਰਤ ਦੀ ਰਾਜਨੀਤੀ ਸਿੱਖਾਂ ਵਰਗੀ ਇੱਕ ਛੋਟੀ ਜਿਹੀ ਘੱਟ-ਗਿਣਤੀ ਲਈ ਘਾਤਕ ਰਾਹ ਹੈ। ਸਾਡੀਆਂ ਅਜਿਹੀਆਂ ਨੀਤੀਆਂ ਬਹੁ-ਗਿਣਤੀ ਨੂੰ ਗੁੰਮਰਾਹ ਕਰਕੇ ਰਾਜ ਕਰ ਰਹੀਆਂ ਧਿਰਾਂ ਦੇ ਹੱਕ ਵਿੱਚ ਹੀ ਭੁਗਤਦੀਆਂ ਹਨ। ਲੋਕ ਕਦੋ ਪੰਥ ਦੇ ਵਾਰਿਸਾਂ ਤੋਂ ਸਵਾਲ ਪੁੱਛਣਗੇ ਕਿ ਧਰਮ ਦੇ ਨਾਮ 'ਤੇ ਬੇਗੁਨਾਹਾਂ ਦੇ ਕਤਲ ਕਦੋ ਬੰਦ ਹੋਣਗੇ?

ਬੇਸ਼ੱਕ ਆਮ ਲੋਕ ਅਜਿਹੇ ਕਤਲਾਂ ਹੱਕ ਵਿੱਚ ਨਹੀਂ ਹੁੰਦੇ, ਪਰ ਜਦੋਂ ਸਰਕਾਰਾਂ ਅਜਿਹੇ ਅਨਸਰਾਂ 'ਤੇ ਕਾਰਵਾਈ ਕਰਦੀਆਂ ਹਨ ਤਾਂ ਇਨ੍ਹਾਂ ਧਿਰਾਂ ਵੱਲੋਂ ਸਿਰਜੇ ਜਾਂਦੇ, ਸਿੱਖਾਂ ਖਿਲਾਫ਼ ਵਿਤਕਰਿਆਂ ਤੇ ਗ਼ੁਲਾਮੀ ਦੇ ਝੂਠੇ ਬਿਰਤਾਂਤਾਂ ਤੋ ਗੁੰਮਰਾਹ ਹੋ ਕੇ ਇਨ੍ਹਾਂ ਧਿਰਾਂ ਦੇ ਹੱਕ ਵਿੱਚ ਭੁਗਤ ਜਾਂਦੇ ਹਨ। ਜਿਸ ਨਾਲ ਸਿੱਖ ਕਮਿਉਨਿਟੀ ਲੰਬੇ ਸਮੇਂ ਤੋ ਵਾਰ-ਵਾਰ ਨੁਕਸਾਨ ਉਠਾ ਰਹੀ ਹੈ।

ਚਮਕੀਲਾ ਮੂਵੀ ਦੇ ਹੇਠਾਂ ਦਿੱਤੇ ਜਾ ਰਹੇ ਇੱਕ ਕਲਿੱਪ ਦਾ ਡਾਇਲਾਗ ਸਾਡੇ ਸਭ ਦੇ ਸੋਚਣ ਵਿਚਾਰਨ ਲਈ ਹੈ: ਜਿਉਂਦੇ ਜੀ, ਮਰ ਜਾਈਏ ਜਾਂ ਮਰ ਕੇ ਜ਼ਿੰਦਾ ਰਹੀਏ?

ਇਸ ਬਾਰੇ ਅਸੀ ਸੋਚਣਾ ਹੈ ਕਿ ਕੁਝ ਸਵਾਰਥੀ ਲੀਡਰਾਂ, ਵਿਦਵਾਨਾਂ ਅਤੇ ਪ੍ਰਚਾਰਕਾਂ ਦੀਆਂ ਮੌਕਾਪ੍ਰਸਤ ਨੀਤੀਆਂ। ਨੂੰ ਕਦੋ ਤੱਕ ਮੂਕ ਦਰਸ਼ਕ ਬਣ ਕੇ ਦੇਖਦੇ ਰਹਿਣਾ ਹੈ?



ਹਰਚਰਨ ਸਿੰਘ
ਪ੍ਰਹਾਰ

## ਪਿੰਡ ਵਾਸੀਆਂ ਨੇ ਨਸ਼ੇ ਅਤੇ ਬੇਰੁਜ਼ਗਾਰੀ ਨੂੰ ਲੈ ਕੇ ਪਿੰਡ ਅੰਦਰ ਲਗਾਏ ਫਲੈਕਸ ਬੋਰਡ

ਪਟਿਆਲਾ ਜ਼ਿਲੇ ਦੇ ਨਾਭਾ ਡਵੀਜ਼ਨ ਦੇ ਅੰਦਰ ਪੈਂਦੇ ਪਿੰਡ ਰਾਮਗੜ੍ਹ 'ਚ ਪਿੰਡ ਵਾਸੀਆਂ ਵੱਲੋਂ ਬੇਰੋਜ਼ਗਾਰੀ, ਨਸ਼ਿਆਂ, ਪਰਵਾਸ, ਕਿਸਾਨੀ ਕਰਜ਼ੇ, ਮਨਰੇਗਾ ਮਜ਼ਦੂਰਾਂ ਦੀ ਦੁਰਦਸ਼ਾ ਆਦਿ ਮੁੱਦਿਆਂ ਅਤੇ ਸਵਾਲਾਂ ਦੇ ਜਵਾਬ ਨੂੰ ਲੈ ਕੇ ਇੱਕ ਫਲੈਕਸ ਲਗਾਇਆ ਹੈ। ਇਨ੍ਹਾਂ ਮਹੱਤਵਪੂਰਨ ਮੁੱਦਿਆਂ 'ਤੇ ਜਵਾਬ ਦਿੱਤੇ ਬਿਨਾਂ ਕਿਸੇ ਵੀ ਉਮੀਦਵਾਰ ਦਾ ਸਵਾਗਤ ਨਹੀ ਕੀਤਾ ਜਾਵੇਗਾ। ਦਰਅਸਲ 'ਚ ਪਿੰਡ ਰਾਮਗੜ੍ਹ ਵਾਸੀਆਂ ਨੇ ਪਿੰਡ 'ਚ ਵੋਟਾਂ ਮੰਗਣ ਲਈ ਆਉਣ ਵਾਲੇ ਉਮੀਦਵਾਰਾਂ ਨੂੰ ਸਵਾਲ ਕਰਨ ਦੀ ਰਣਨੀਤੀ ਬਣਾਈ ਹੈ। ਪਿੰਡ ਵਾਸੀਆਂ ਅਨੁਸਾਰ ਇਹ ਇੱਕ ਸਪਸ਼ਟ ਸੰਦੇਸ਼ ਹੈ - ਪਹਿਲਾਂ ਜਵਾਬ ਦਿਓ, ਫਿਰ ਐਂਟਰ ਹੋਵੋ। ਫਲੈਕਸ ਬੋਰਡ ਲਗਾਉਣ ਦਾ ਫੈਸਲਾ ਪਿੰਡ ਵਾਸੀਆਂ ਦੀ ਸਰਬਸੰਤੀ ਨਾਲ ਲਿਆ ਗਿਆ ਹੈ। ਪਿੰਡ ਦੇ ਇੱਕ ਨੌਜਵਾਨ ਮਨਪ੍ਰੀਤ ਸਿੰਘ ਨੇ ਨਿਰਾਸ਼ਾ ਪ੍ਰਗਟਦਿਆਂ ਕਿਹਾ ਹੈ ਕਿ ਨਸ਼ਾ ਮੁਕਤ ਪੰਜਾਬ ਦੇ ਵਾਅਦਿਆਂ ਦੇ ਬਾਵਜੂਦ ਸਾਡੇ ਪਿੰਡਾਂ ਵਿੱਚ ਨਸ਼ਾ ਆਮ ਮਿਲ ਰਿਹਾ ਹੈ ਅਤੇ ਨਸ਼ੇ ਨੂੰ ਰੋਕਿਆ ਨਹੀ ਜਾ ਰਿਹਾ। ਅਸੀ ਉਮੀਦ ਕਰਦੇ ਹਾਂ ਕਿ ਉਮੀਦਵਾਰ ਸਾਡੇ ਪਿੰਡ ਵਿੱਚ ਪੈਰ ਰੱਖਣ ਤੋ ਪਹਿਲਾਂ ਫਲੈਕਸ ਬੋਰਡ 'ਤੇ ਪੁੱਛੇ ਸਵਾਲਾਂ ਦਾ ਸਥਾਈ ਹੱਲ ਪੇਸ਼ ਕਰਨਗੇ। ਬਲਬੀਰ ਸਿੰਘ ਦਾ ਕਹਿਣਾ ਹੈ ਕਿ "ਸਾਡੇ ਵੱਲੋ ਪੁੱਛੇ ਗਏ ਸਵਾਲਾਂ ਦਾ ਉਦੇਸ਼ ਉਮੀਦਵਾਰਾਂ ਨੂੰ ਬੇਰੁਜ਼ਗਾਰੀ, ਕਰਜ਼ੇ ਅਤੇ ਪਿੰਡ ਦੇ ਛੋਟੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਆ ਰਹੀਆਂ ਦਰਪੇਸ਼ ਮੁਸ਼ਕਿਲਾਂ ਤੋ ਜਾਣੂ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਉਮੀਦਵਾਰਾਂ ਨੂੰ ਮਨਰੇਗਾ ਮਜ਼ਦੂਰਾਂ ਦੇ ਹੋ ਰਹੇ ਸ਼ੋਸ਼ਣ ਅਤੇ ਪਿੰਡਾਂ 'ਚੋ ਲਗਾਤਾਰ ਹੋ ਰਹੇ ਪਰਵਾਸ ਦੇ ਕਾਰਕਾਂ 'ਤੇ ਵੀ ਧਿਆਨ ਦੇਣਾ ਚਾਹੀਦਾ ਹੈ।"

GTA Plumbing & Electrical Supplies
GTA Plumbling & Electrical Supplies
ONE STOP SHOP FOR ALL PLUMBING & ELECTRICAL SUPPLIES
* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets, ABS, Copper and all type of fitting
905-792-0036
18 Strathearn Ave South A, Unit#25-27
Brampton (Steeles & Dixie)

ASK Mortgage Ltd.
Business Loan
Credit Line
Truck/Taxi Loan
New Immigrant Package
416-366-1234
Jaswinder Khosa
416-894-9400
1332 Khalsa Drive Unit 12

ਦੇਸੀ ਦਵਾਈਆਂ ਦਾ ਚਮਤਕਾਰ
ਹਰਬਲ ਵਿਆਗਰਾ:-ਮਰਦਾਨਾ ਤਾਕਤ ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ
ਨਸ਼ਾ ਛੁਡਾਓ
STOP
ਸ਼ਰਾਬ, ਅਫੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ
ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।
ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ, ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ
ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ਪਾਕੀ, ਐਲਰਜੀ, ਵਾਲ ਝੜਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay & Lucky Stone, Book and Appointment Today!

# ਫਟਕੜੀ ਦੇ ਫਾਇਦੇ !



ਫਟਕੜੀ ਇਕ ਅਜਿਹਾ ਖਣਿਜ ਹੈ ਜਿਸ ਦਾ ਇਸਤੇਮਾਲ ਦਵਾਈ ਵਜੋਂ ਕੀਤਾ ਜਾਂਦਾ ਹੈ। ਇਸ ਦੀ ਵਰਤੋਂ ਨਾਲ ਸਕਿਨ ਤੋਂ ਲੈ ਕੇ ਸਿਹਤ ਵੀ ਦਰੁਸਤ ਰਹਿੰਦੀ ਹੈ। ਫਟਕੜੀ ਦੇ ਕੁਦਰਤੀ ਇਲਾਜ ਤੇ ਰੋਗਰੋਕੂ ਗੁਣਾਂ ਦੇ ਕਾਰਨ ਹੀ ਸਾਡੇ ਦੇਸ਼ ਵਿਚ ਹੀ ਨਹੀਂ ਸਗੋਂ ਦੁਨੀਆ ਦੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਫਟਕੜੀ ਦੀ ਨੈਚੁਰਲ ਸਮੈੱਲ ਤੇ ਐਂਟੀ ਸੈਪਟਿਕ ਗੁਣ ਇਸ ਖਣਿਜ ਨੂੰ ਖਾਸ ਬਣਾਉਂਦੇ ਹਨ ਤੇ ਦੁਨੀਆ ਵਿਚ ਇਸ ਦੀ ਪਛਾਣ ਕਾਇਮ ਕਰਦੇ ਹਨ।

ਫਟਕੜੀ ਦਾ ਰਵਾਇਤੀ ਇਲਾਜ ਤੇ ਸਕਿਨ ਕੇਅਰ ਲਈ ਇਸਤੇਮਾਲ ਕਰਨ ਦਾ ਲੰਬਾ ਇਤਿਹਾਸ ਰਿਹਾ ਹੈ। ਇਹ ਆਪਣੇ ਫੈਸਲੇ ਤੇ ਐਂਟੀ ਸੈਪਟਿਕ ਗੁਣਾਂ ਲਈ ਪਛਾਣੀ ਜਾਂਦੀ ਹੈ, ਖਾਸ ਤੌਰ 'ਤੇ ਇਸ ਵਿਚ ਮੌਜੂਦ ਐਲੂਮੀਨੀਅਮ ਗੁਣਾਂ ਕਾਰਨ ਪਛਾਣੀ ਜਾਂਦੀ ਹੈ। ਜਾਣੋ ਇਸ ਦੇ ਫਾਇਦੇ

**ਦੰਦਾਂ ਨੂੰ ਹੈਲਦੀ ਰੱਖਦੀ ਹੈ ਫਟਕੜੀ**

ਫਟਕੜੀ ਇਕ ਅਜਿਹਾ ਖਣਿਜ ਹੈ ਜਿਸ ਦਾ ਇਸਤੇਮਾਲ ਟੂੱਥਪੇਸਟ ਤੇ ਮਾਊਥਵਾਸ਼ ਵਰਗੀ ਓਰਲ ਹੈਲਥ ਨੂੰ ਦਰੁਸਤ ਕਰਨ ਵਾਲੇ ਪ੍ਰੋਡਕਟ ਵਜੋਂ ਕੀਤਾ ਜਾਂਦਾ ਹੈ। ਇਹ ਮਸੂੜਿਆਂ ਦੀ ਸੋਜਿਸ਼ ਨੂੰ ਘੱਟ ਕਰਦਾ ਹੈ ਤੇ ਬੈਕਟੀਰੀਆ ਨੂੰ ਮੂੰਹ ਵਿਚ ਪੈਦਾ ਹੋਣ ਤੋਂ ਰੋਕਦੀ ਹੈ।

**ਸਕਿਨ 'ਤੇ ਟਾਨਿਕ ਦੀ ਤਰ੍ਹਾਂ ਕਰਦੀ ਹੈ ਅਸਰ**

ਫਟਕੜੀ ਦਾ ਇਸਤੇਮਾਲ ਸਕਿਨ 'ਤੇ ਜਾਦੂਈ ਅਸਰ ਕਰਦਾ ਹੈ। ਇਸ ਦੇ ਗੁਣ ਬਲੈਕਹੈਡਸ ਤੇ ਵ੍ਹਾਈਟਹੈਡਸ ਤੋਂ ਛੁਟਕਾਰਾ ਦਿਵਾਂਦੇ ਹਨ ਤੇ ਮੁਹਾਸਿਆਂ ਨੂੰ ਦੂਰ ਕਰਨ ਵਿਚ ਮਦਦ ਕਰਦੇ ਹਨ। ਇਹ ਮੁਹਾਸਿਆਂ ਦੇ ਦਾਗਾਂ ਨੂੰ ਠੀਕ ਕਰਨ ਵਿਚ ਵੀ ਮਦਦਗਾਰ ਹੈ। ਫਟਕੜੀ ਸਕਿਨ ਦੇ ਓਪਨ ਪੋਰਸ ਨੂੰ ਕਸਣ ਤੇ ਸਕਿਨ ਨੂੰ ਤਾਜ਼ਾ ਰੱਖਣ ਵਿਚ ਤੇ ਸਕਿਨ ਦੀ ਚਮਕ ਬਣਾਏ ਰੱਖਣ ਵਿਚ ਮਦਦ ਕਰਦੀ ਹੈ।

**ਨੈਚੁਰਲ ਡਿਓਡਰੈਂਟ ਦਾ ਕਰਦੀ ਹੈ ਕੰਮ**

ਫਟਕੜੀ ਆਪਣੇ ਰੋਗ ਰੋਗੂ ਤੇ ਜੀਵਾਣੂ ਰੋਕੂ ਗੁਣਾ ਕਾਰਨ ਬੇਹਤਰੀ ਡਿਓਡਰੈਂਟ ਦੀ ਤਰ੍ਹਾਂ ਕੰਮ ਕਰਦੀ ਹੈ। ਗਰਮੀ ਦੇ ਦਿਨਾਂ ਵਿਚ ਇਹ ਵਧੀਆ ਡਿਓਡਰੈਂਟ ਹੈ। ਇਹ ਸਰੀਰ ਵਿਚ ਗੰਧ ਪੈਦਾ ਕਰਨ ਵਾਲੇ ਬੈਕਟੀਰੀਆ ਨਾਲ ਲੜੀ ਹੈ ਤੇ ਤੁਹਾਨੂੰ ਪੂਰਾ ਦਿਨ ਤਰੋ-ਤਾਜ਼ਾ ਮਹਿਸੂਸ ਕਰਾਉਂਦੀ ਹੈ।

**ਸਾਵਧਾਨੀਆਂ**

ਭਾਵੇਂ ਹੀ ਫਟਕੜੀ ਆਪਣੇ ਫਾਇਦਿਆਂ ਲਈ ਮਸ਼ਹੂਰ ਹੈ ਪਰ ਫਿਰ ਵੀ ਇਸ ਦਾ ਇਸਤੇਮਾਲ ਹਮੇਸ਼ਾ ਸਾਵਧਾਨੀ ਨਾਲ ਕਰਨਾ ਚਾਹੀਦਾ ਹੈ। ਇਹ ਇਕ ਨੈਚੁਰਲ ਇਹ ਇੱਕ ਐਸਟ੍ਰਿਜੈਂਟ ਹੈ ਜੋ ਚਮੜੀ ਵਿੱਚ ਖੁਸ਼ਕੀ ਦਾ ਕਾਰਨ ਬਣ ਸਕਦਾ ਹੈ। ਇਸ ਦੀ ਲਗਾਤਾਰ ਵਰਤੋਂ ਕਰਨ ਨਾਲ ਚਮੜੀ ਦਾ ਕੁਦਰਤੀ ਤੇਲ ਘੱਟ ਹੋ ਸਕਦਾ ਹੈ, ਜਿਸ ਕਾਰਨ ਚਮੜੀ ਖੁਸ਼ਕ ਹੋ ਸਕਦੀ ਹੈ। ਜਦੋਂ ਸੰਵੇਦਨਸ਼ੀਲ ਚਮੜੀ ਵਾਲੇ ਲੋਕ ਇਸਨੂੰ ਅੰਡਰਆਰਮਸ ਵਰਗੇ ਨਾਜ਼ੁਕ ਖੇਤਰਾਂ 'ਤੇ ਲਗਾਉਂਦੇ ਹਨ, ਤਾਂ ਇਹ ਚਮੜੀ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਇਸਦਾ ਇਸਤੇਮਾਲ ਕਰਨ ਤੋਂ ਪਹਿਲਾਂ ਸਕਿਨ 'ਤੇ ਇਸ ਦਾ ਟੈਸਟ ਜ਼ਰੂਰ ਕਰੋ। ਇਸ ਨੂੰ ਬਿਨਾਂ ਟੈਸਟ ਕੀਤੇ ਸਕਿਨ 'ਤੇ ਇਸਤੇਮਾਲ ਨਹੀਂ ਕਰੋ। ਇਸ ਨਾਲ ਸਕਿਨ 'ਚ ਜਲਨ ਤੇ ਸਕਿਨ ਵਿਚ ਖੁਸ਼ਕੀ ਹੋਣ ਦਾ ਖਤਰਾ ਵਧ ਹੁੰਦਾ ਹੈ। ਫਟਕੜੀ ਦਾ ਇਸਤੇਮਾਲ ਖੁਸ਼ਕੀ ਤੇ ਜਲਨ ਨੂੰ ਵਧਾ ਸਕਦਾ ਹੈ। ਫਟਕੜੀ ਪਿਗਮੈਂਟੇਸ਼ਨ ਦਾ ਕਾਰਨ ਬਣ ਸਕਦੀ ਹੈ।

# ਖਾਣਾ ਖਾਣ ਤੋਂ ਬਾਅਦ 10 ਮਿੰਟ ਲਈ ਜ਼ਰੂਰ ਕਰੋ ਸੈਰ

ਖਾਣਾ ਖਾਣ ਤੋਂ ਬਾਅਦ ਸੈਰ ਕਰਨਾ ਜ਼ਰੂਰੀ ਹੈ। ਇਹ ਸੈਰ 10 ਮਿੰਟ ਜਾਂ 15 ਮਿੰਟ ਦੀ ਹੋ ਸਕਦੀ ਹੈ। ਜੇਕਰ ਤੁਸੀਂ ਖਾਣਾ ਖਾਣ ਤੋਂ ਬਾਅਦ ਸੈਰ ਨਹੀਂ ਕਰਦੇ ਹੋ ਤਾਂ ਤੁਹਾਨੂੰ ਦਿਲ ਤੋਂ ਲੈ ਕੇ ਦਿਮਾਗ ਤੱਕ ਦੀਆਂ ਬੀਮਾਰੀਆਂ ਲੱਗ ਸਕਦੀਆਂ ਹਨ। ਇੰਨਾ ਹੀ ਨਹੀਂ ਮੋਟਾਪਾ ਵਧ ਸਕਦਾ ਹੈ ਅਤੇ ਸ਼ੂਗਰ ਵੀ ਵਧ ਸਕਦੀ ਹੈ। ਇਸੇ ਲਈ ਦੁਨੀਆ ਭਰ ਦੇ ਮਾਹਿਰਾਂ ਦਾ ਮੰਨਣਾ ਹੈ ਕਿ ਖਾਣਾ ਖਾਣ ਤੋਂ ਬਾਅਦ 10 ਤੋਂ 15 ਮਿੰਟ ਤੱਕ ਸੈਰ ਕਰਨਾ ਜ਼ਰੂਰੀ ਹੈ। ਜੇਕਰ ਤੁਸੀਂ ਖਾਣਾ ਖਾਣ ਤੋਂ ਬਾਅਦ 10 ਮਿੰਟ ਵੀ ਸੈਰ ਕਰਦੇ ਹੋ ਤਾਂ ਇਸ ਨਾਲ ਤੁਹਾਡਾ ਦਿਲ ਅਤੇ ਦਿਮਾਗ ਦੋਵੇਂ ਤੰਦਰੁਸਤ ਰਹਿੰਦੇ ਹਨ।

**ਤੁਰੰਤ ਸੈਰ ਲਈ ਬਾਹਰ ਨਾ ਜਾਓ : –** ਚਾਹੇ ਤੁਸੀਂ ਲੰਚ ਜਾਂ ਡਿਨਰ ਕੀਤਾ ਹੋਵੇ, ਤੁਹਾਨੂੰ ਖਾਣਾ ਖਾਣ ਤੋਂ ਤੁਰੰਤ ਬਾਅਦ ਸੈਰ ਨਹੀਂ ਕਰਨੀ ਚਾਹੀਦੀ। ਜੇਕਰ ਤੁਸੀਂ ਖਾਣਾ ਖਾਣ ਤੋਂ ਤੁਰੰਤ ਬਾਅਦ ਸੈਰ ਲਈ ਜਾਂਦੇ ਹੋ ਤਾਂ ਇਸ ਨਾਲ ਪੇਟ ਦਰਦ ਹੋ ਸਕਦਾ ਹੈ। ਇਸ ਲਈ ਖਾਣਾ ਖਾਣ ਤੋਂ ਲਗਭਗ 1 ਘੰਟੇ ਬਾਅਦ ਹੀ ਸੈਰ ਲਈ ਜਾਣਾ ਬਿਹਤਰ ਹੋਵੇਗਾ। ਖਾਣਾ ਖਾਣ ਤੋਂ ਤੁਰੰਤ ਬਾਅਦ ਇਕ ਥਾਂ 'ਤੇ ਬੈਠੇ ਨਾ ਰਹੋ। ਜੇਕਰ ਤੁਸੀਂ ਡੈਸਕ ਵਰਕ ਕਰਦੇ ਹੋ ਜਿਸ ਵਿਚ ਤੁਹਾਨੂੰ ਲਗਾਤਾਰ ਬੈਠਣਾ ਪੈਂਦਾ ਹੈ, ਤਾਂ ਬਿਹਤਰ ਹੈ ਕਿ ਤੁਸੀਂ ਕੁਝ ਦੇਰ ਲਈ ਕੁਰਸੀ ਤੋਂ ਉੱਠੋ ਅਤੇ ਖਾਣਾ ਖਾਣ ਤੋਂ 1 ਘੰਟੇ ਬਾਅਦ 8-10 ਕਦਮ ਚੱਲੋ। ਇਸ ਨਾਲ ਤੁਹਾਨੂੰ ਖਾਣਾ ਖਾਣ ਤੋਂ ਬਾਅਦ ਪੇਟ 'ਚ ਭਾਰੀਪਨ ਮਹਿਸੂਸ ਨਹੀਂ ਹੋਵੇਗਾ।

**ਸੈਰ ਕਰਨ ਦਾ ਸਹੀ ਤਰੀਕਾ ਜਾਣਨਾ ਵੀ ਹੈ ਮਹੱਤਵਪੂਰਨ**

ਇਹ ਜਾਣਨਾ ਵੀ ਜ਼ਰੂਰੀ ਹੈ ਕਿ ਖਾਣਾ ਖਾਣ ਤੋਂ ਬਾਅਦ ਕਿਵੇਂ ਤੁਰਨਾ ਹੈ। ਭੋਜਨ ਖਾਣ ਤੋਂ ਬਾਅਦ ਕਦੇ ਵੀ ਭੱਜਣਾ ਨਹੀਂ ਚਾਹੀਦਾ। ਸੈਰ ਕਰਦੇ ਸਮੇਂ, ਗਤੀ ਇੱਟ ਦੀ ਸੈਰ ਨਾਲੋਂ ਥੋੜ੍ਹੀ ਘੱਟ ਹੋਣੀ ਚਾਹੀਦੀ ਹੈ। ਇੱਟ ਵਾਕ ਵਿੱਚ ਅਸੀਂ ਤੇਜ਼ ਕਦਮਾਂ ਨਾਲ ਚੱਲਦੇ ਹਾਂ। ਸਪੀਡ ਅਜਿਹੀ ਰਹਿੰਦੀ ਹੈ ਕਿ ਕਿਸੇ ਨੂੰ ਸਾਹ ਦੀ ਕਮੀ ਮਹਿਸੂਸ ਨਾ ਹੋਵੇ ਅਤੇ ਆਰਾਮ ਨਾਲ ਗੱਲ ਕਰ ਸਕੇ। ਖਾਣਾ ਖਾਣ ਤੋਂ ਬਾਅਦ ਤੁਰਨ ਦੀ ਰਫ਼ਤਾਰ ਇੱਟਾਂ ਦੀ ਸੈਰ ਨਾਲੋਂ ਥੋੜ੍ਹੀ ਘੱਟ ਹੋਣੀ ਚਾਹੀਦੀ ਹੈ, ਪਰ ਇੰਨੀ ਘੱਟ ਨਹੀਂ ਕਿ ਸਿਰਫ਼ ਤੁਰਨ ਵਾਂਗ ਮਹਿਸੂਸ ਹੋਵੇ।

**ਇਹ ਹਨ ਸੈਰ ਕਰਨ ਦੇ ਫਾਇਦੇ:- ਦਿਲ ਤੰਦਰੁਸਤ ਰਹਿੰਦਾ ਹੈ –** ਸੈਰ ਕਰਨ ਨਾਲ ਦਿਲ ਦੀਆਂ ਬਿਮਾਰੀਆਂ ਦੂਰ ਰਹਿੰਦੀਆਂ ਹਨ। ਪੈਦਲ ਚੱਲਣ ਨਾਲ ਪੈਦਾ ਹੋਣ ਵਾਲਾ ਪਸੀਨਾ ਖਰਾਬ ਕੋਲੈਸਟ੍ਰੋਲ ਨੂੰ ਘਟਾਉਂਦਾ ਹੈ, ਜਿਸ ਨਾਲ ਦਿਲ ਸਿਹਤਮੰਦ ਰਹਿੰਦਾ ਹੈ। ਟ੍ਰਾਈਗਲਿਸਰਾਈਡਸ ਦਿਲ ਦੀਆਂ ਕਈ ਬਿਮਾਰੀਆਂ ਦਾ ਕਾਰਨ ਬਣਦੇ ਹਨ। ਖਾਣਾ ਖਾਣ ਤੋਂ ਬਾਅਦ ਸੈਰ ਕਰਨ ਨਾਲ ਖੂਨ ਵਿੱਚ ਟ੍ਰਾਈਗਲਿਸਰਾਈਡਸ ਬਣਨ ਦਾ ਖ਼ਤਰਾ ਘੱਟ ਜਾਂਦਾ ਹੈ।

**ਮਨ ਸ਼ਾਂਤ ਰਹਿੰਦਾ ਹੈ–** ਸੈਰ ਕਰਨ ਨਾਲ ਸਰੀਰ 'ਚੋ ਖੁਸ਼ੀ ਦੇ ਹਾਰਮੋਨਸ ਨਿਕਲਦੇ ਹਨ। ਇਹ ਮਾਨਸਿਕ ਸ਼ਾਂਤੀ ਪ੍ਰਦਾਨ ਕਰਦਾ ਹੈ ਅਤੇ ਤੁਹਾਨੂੰ ਹੋਰ ਚੀਜ਼ਾਂ 'ਤੇ ਬਿਹਤਰ ਧਿਆਨ ਦੇਣ ਦੀ ਇਜਾਜ਼ਤ ਦਿੰਦਾ ਹੈ। – ਸੈਰ ਦਾ ਮਨੋਵਿਗਿਆਨਕ ਪ੍ਰਭਾਵ ਵੀ ਹੁੰਦਾ ਹੈ। ਸੈਰ ਕਰਦੇ ਸਮੇਂ ਵਿਅਕਤੀ ਆਪਣੇ ਆਲੇ-ਦੁਆਲੇ ਦੀਆਂ ਚੀਜ਼ਾਂ ਨੂੰ ਦੇਖ ਕੇ ਮਨੋਰੰਜਨ ਕਰਦਾ ਹੈ, ਜਿਸ ਨਾਲ ਉਸ ਦਾ ਤਣਾਅ ਘੱਟ ਹੁੰਦਾ ਹੈ।

**ਪਾਚਨ ਤੰਤਰ ਮਜ਼ਬੂਤ ਹੁੰਦਾ ਹੈ –** ਸੈਰ ਕਰਨ ਨਾਲ ਪਾਚਨ ਤੰਤਰ ਵੀ ਮਜ਼ਬੂਤ ਹੁੰਦਾ ਹੈ। ਸੈਰ ਦੌਰਾਨ ਪੇਟ ਅਤੇ ਅੰਤੜੀਆਂ ਦੀ ਉਤੇਜਨਾ ਵਧ ਜਾਂਦੀ ਹੈ ਜਿਸ ਨਾਲ ਭੋਜਨ ਜਲਦੀ ਅਤੇ ਚੰਗੀ ਤਰ੍ਹਾਂ ਪਚ ਜਾਂਦਾ ਹੈ। – ਕੁਝ ਲੋਕਾਂ ਨੂੰ ਕਈ ਵਾਰ ਖਾਣਾ ਖਾਣ ਤੋਂ ਬਾਅਦ ਪੇਟ ਵਿੱਚ ਗੈਸ ਦੀ ਸ਼ਿਕਾਇਤ ਹੁੰਦੀ ਹੈ। ਸੈਰ ਕਰਨ ਨਾਲ ਗੈਸਟਰੋਇੰਟੇਸਟਾਈਨਲ ਸਿਸਟਮ ਚੰਗੀ ਤਰ੍ਹਾਂ ਕੰਮ ਕਰਦਾ ਹੈ ਅਤੇ ਗੈਸ ਆਸਾਨੀ ਨਾਲ ਨਿਕਲ ਜਾਂਦੀ ਹੈ।

# ਖ਼ੂਨ ਵਗਣ ਨਾਲ (ਹੀਮੋਫਿਲਿਆ) ਹੋ ਸਕਦਾ ਹੈ ਖ਼ਤਰਾ

ਵਿਸ਼ਵ ਹੀਮੋਫਿਲੀਆ ਦਿਵਸ ਸਾਲ 2024 ਦਾ ਥੀਮ ਹੈ– "ਸਭ ਲਈ ਬਰਾਬਰ ਪਹੁੰਚ: ਹਰ ਖ਼ੂਨ ਵਗਣ ਵਾਲੀ ਬਿਮਾਰੀ ਨੂੰ ਪਛਾਣਨਾ" ਸਭ ਲਈ ਪਹੁੰਚ, ਦੇ ਨਾਲ ਭਾਗੀਦਾਰੀ, ਤਰੱਕੀ ਲਈ ਸਰਕਾਰੀ ਗੈਰ-ਸਰਕਾਰੀ ਪੱਧਰ 'ਤੇ ਵਿਰਾਸਤ ਵਿੱਚ ਮਿਲੇ ਖ਼ੂਨ ਵਗਣ ਦੀਆਂ ਬਿਮਾਰੀਆਂ ਨੂੰ ਰਾਸ਼ਟਰੀ ਨੀਤੀ ਨਾਲ ਜੋੜ ਕੇ ਜਾਗਰੂਕਤਾ ਪੈਦਾ ਕਰਨਾ ਅਤੇ ਅੰਕੜਾ ਘੱਟ ਕਰਨਾ ਹੈ"–ਅਨਿਲ ਧੀਰ, ਕਾਲਮਨਿਸਟ, ਹੈਲਥ ਐਜੂਕੇਟਰਰ ਅਵਾਰਡ ਵਿਜੇਤਾ, ਸੋਸ਼ਲ ਐਕਟੀਵਿਸਟ

**ਹੈਲਥ ਮੀਡੀਆ ਕੈਨੇਡਾ :** ਵਿਸ਼ਵ ਭਰ ਵਿੱਚ 17 ਅਪ੍ਰੈਲ, 2024 ਨੂੰ ਵਿਸ਼ਵ ਹੀਮੋਫਿਲੀਆ ਦਿਵਸ ਬਿਮਾਰੀ ਸੰਬੰਧੀ ਜਾਗਰੂਕਤਾ ਲਈ ਮਨਾਇਆ ਜਾ ਰਿਹਾ ਹੈ। ਇਸਦਾ ਮਕਸਦ ਖ਼ੂਨ ਵਗਣ ਦੀਆਂ ਬਿਮਾਰੀਆਂ ਦੇ ਗਰੁੱਪ ਪ੍ਰਤੀ ਇੱਕਜੁੱਟ ਹੋਕੇ ਦੇਖਭਾਲ ਅਤੇ ਬਦਲਾਅ ਦੁਆਰਾ ਜਾਗਰੁਕਤਾ ਪੈਦਾ ਕਰਨਾ ਹੈ। ਸਾਰਿਆਂ ਲਈ ਇਲਾਜ਼ ਦਾ ਦ੍ਰਿਸ਼ਟੀਕੋਣ ਇੱਕ ਅਜਿਹੀ ਦੁਨੀਆ ਲਈ ਹੈ ਜਿੱਥੇ ਵਿਰਾਸਤ 'ਚ ਖ਼ੂਨ ਵਗਣ ਵਾਲੀਆਂ ਬਿਮਾਰੀਆਂ ਸੰਬੰਧੀ ਵਿਗਾੜ ਵਾਲੇ ਲੋਕਾਂ ਦੀ ਦੇਖਭਾਲ ਤੱਕ ਪਹੁੰਚ ਹੈ, ਭਾਵੇਂ ਉਹਨਾਂ ਦੇ ਖ਼ੂਨ ਵਗਣ ਦੀ ਬਿਮਾਰੀ ਦੀ ਕਿਸਮ, ਲਿੰਗ, ਉਮਰ ਜਾਂ ਉਹ ਕਿਤੇ ਵੀ ਰਹਿੰਦੇ ਹੋਣ।

ਵਿਸ਼ਵ ਵਿਆਪੀ ਪੱਧਰ 'ਤੇ ਹੀਮੋਫਿਲਿਆ ਦੇ ਮਰਦ ਰੋਗੀਆਂ ਦਾ ਆਂਕੜਾ ਕਰੀਬਨ 2.6 ਮਿਲੀਅਨ ਪਹੁੰਚ ਚੁੱਕਾ ਹੈ। ਹੀਮੋਫਿਲਿਆ ਏ 5000 ਵਿੱਚੋਂ ਇੱਕ ਨੂੰ ਪ੍ਰਭਾਵਿਤ ਕਰ ਰਿਹਾ ਹੈ। ਹੀਮੋਫਿਲਿਆ ਏ ਨਾਲ ਪੀੜਿਤ ਲਗਭਗ 400 ਤੋਂ ਵੱਧ ਬੱਚੇ ਜਨਮ ਲੈਂਦੇ ਹਨ। ਇਸ ਬਿਮਾਰੀ ਨਾਲ ਰਹਿਣ ਵਾਲੇ ਲੋਕਾਂ ਦੇ ਅਸਲ ਆਂਕੜੇ ਦਾ ਪਤਾ ਲਗਾਇਆ ਜਾ ਰਿਹਾ ਹੈ। ਸੈਂਕੜੇ ਸਾਲ ਪਹਿਲਾਂ ਦੂਜੀ ਸਦੀ ਵਿਚ ਬਹੁਤ ਜ਼ਿਆਦਾ ਜਾਂ ਅਸਾਧਾਰਨ ਖ਼ੂਨ ਵਗਣ ਨਾਲ ਮੌਤ ਦਾ ਜ਼ਿਕਰ ਯਹੂਦੀ ਰੱਬੀ ਲਿਖਤਾਂ ਅਤੇ ਬਾਈਬਲ ਦੇ ਨਵੇਂ ਨੇਮ ਵਿੱਚ ਆਇਆ ਹੈ।

ਹੀਮੋਫਿਲਿਆ 19 ਅਤੇ 20 ਵੀਂ ਸਦੀ ਵਿਚ ਇੰਗਲੈਂਡ, ਜਰਮਨੀ, ਰੂਸ ਅਤੇ ਸਪੇਨ ਦੇ ਸ਼ਾਹੀ ਪਰਿਵਾਰਾਂ ਨੂੰ ਪ੍ਰਭਾਵਤ ਕੀਤਾ ਸੀ। ਮੰਨਿਆ ਜਾਂਦਾ ਹੈ ਕਿ 1837-1901 ਰਾਜ ਕਰਨ ਵਾਲੀ ਇੰਗਲੈਂਡ ਦੀ ਮਹਾਰਾਣੀ ਵਿਕਟੋਰੀਆ ਹੀਮੋਫਿਲਿਆ–ਬੀ ਨਾਲ ਪੀੜਿਤ ਸੀ। ਵਿਕਟੋਰੀਆ ਤੋਂ ਬਾਅਦ ਤਿੰਨ ਪੀੜੀਆਂ ਤੱਕ ਵੱਖ-ਵੱਖ ਸ਼ਾਹੀ ਪਰਿਵਾਰ ਦੇ ਮੈਂਬਰਾਂ ਵਿਚ ਇਸਦਾ ਅਸਰ ਦੇਖਿਆ ਗਿਆ। ਹੀਮੋਫਿਲਿਆ ਇੱਕ ਦੁਰਲਭ ਬਿਮਾਰੀ ਹੈ ਜਿਸ ਵਿਚ ਸਰੀਰਕ ਖ਼ੂਨ ਆਮ ਤੌਰ 'ਤੇ ਜੰਮਦਾ ਨਹੀਂ, ਕਿਉਂਕਿ ਇਸ ਹਾਲਤ ਵਿਚ ਕਾਫੀ ਖ਼ੂਨ ਇਕੱਠੇ ਕਰਨ ਵਾਲੇ ਪ੍ਰੋਟੀਨ ਦੀ ਕਮੀ ਹੋ ਜਾਂਦੀ ਹੈ। ਖ਼ੂਨ ਵਗਣ ਦੀ ਹਾਲਤ ਵਿਚ ਸਰੀਰ ਆਮ ਤੌਰ 'ਤੇ ਖ਼ੂਨ ਦੇ ਸੈੱਲਾਂ ਨੂੰ ਇਕੱਠਾ ਕਰ ਦਿੰਦਾ ਹੈ ਅਤੇ ਖ਼ੂਨ ਵਹਿਣ ਨੂੰ ਰੋਕਣ ਲਈ ਇੱਕ ਗਤਲਾ ਬਣਦਾ ਹੈ। ਇਹ ਪ੍ਰਕਿਰਿਆ ਕੱਝ ਖ਼ੂਨ ਦੇ ਕਣਾਂ-ਪਲੇਟਲੈਟਾਂ ਅਤੇ ਪਲਾਜ਼ਮਾ ਪ੍ਰੋਟੀਨ ਦੁਆਰਾ ਲਿਆਂਦੀ ਜਾਂਦੀ ਹੈ।

ਕਿਸੇ ਸੱਟ ਲੱਗਣ ਤੋਂ ਬਾਅਦ ਲੰਬੇ ਸਮੇਂ ਤੱਕ ਖ਼ੂਨ ਵਗ ਸਕਦਾ ਹੈ। ਕਲੋਟਿੰਗ ਫੈਕਟਰ ਪ੍ਰੋਟੀਨ ਦੀ ਗੰਭੀਰ ਕਮੀ ਕਾਰਨ ਸਰੀਰ ਅੰਦਰ ਜ਼ਿਆਦਾ ਖ਼ੂਨ ਵਗਣਾ ਜਾਨਲੇਵਾ ਵੀ ਹੋ ਸਕਦਾ ਹੈ। ਬਿਮਾਰੀ ਦੀ ਹਾਲਤ ਵਿਚ ਆਮ 'ਤੇ ਡੂੰਘੀ ਸੱਟ, ਸਰਜਰੀ, ਦੰਦਾਂ ਦੇ ਕੰਮ ਤੋਂ ਬਾਅਦ, ਇੰਜੈਕਸ਼ਨ ਤੋਂ ਬਾਅਦ ਦੇਰ ਤੱਕ ਖ਼ੂਨ ਵਗਣਾ, ਪਿਸ਼ਾਬ ਜਾਂ ਮੱਲ ਤਿਆਗ ਵੇਲੇ, ਅਣਪਛਾਤੇ ਕਾਰਨਾਂ ਕਰਕੇ ਖ਼ੂਨ ਵਗਣਾ ਸ਼ੁਰੂ ਹੋ ਜਾਂਦਾ ਹੈ। ਹੀਮੋਫਿਲਿਆ ਏ, ਬੀ, ਅਤੇ ਸੀ ਵੱਖ-ਵੱਖ ਕਿਸਮ ਦੇ ਦੇਖੇ ਜਾਂਦੇ ਹਨ। ਐਕੁਆਇਰਡ ਹਿਮੋਫਿਲਿਆ ਦੀ ਕਿਸਮ ਵਿੱਚ ਕਮਜ਼ੋਰ ਇਮੀਉਨ ਸਿਸਟਮ 'ਤੇ ਖ਼ੂਨ ਜੰਮਣ ਦੇ ਕਾਰਕਾਂ 'ਤੇ ਹਮਲਾ ਕਰ ਸਕਦੀ ਹੈ। ਜ਼ਿਆਦਾਤਰ ਵਿਰਾਸਤ ਤੋਂ ਮਿਲਣ ਵਾਲਾ ਰੋਗ ਮੰਨਿਆ ਗਿਆ ਹੈ। ਇਸ ਬਿਮਾਰੀ ਨਾਲ ਜੁੜੇ ਇੱਕ ਜੀਨ ਵਿਚ ਅਚਾਨਕ ਤਬਦੀਲੀ ਆਉਂਦੀ ਹੈ। ਕੁੱਝ ਪ੍ਰਤੀਸ਼ਤ ਲੋਕਾਂ ਵਿੱਚ ਫੈਮਿਲੀ ਹਿਸਟਰੀ ਨਹੀਂ ਮਿਲਦੀ।

**ਖਿਆਲ ਰੱਖੋ:** ਡਰਾਈਵਿੰਗ ਦੌਰਾਣ ਸੀਟ ਬੈਲਟ, ਬਾਈਕ ਚਲਾਣ ਵੇਲੇ ਹੈਲਮੇਟ, ਦਰਦਾਂ ਦੀਆਂ ਦਵਾਈਆਂ ਘੱਟ ਅਤੇ ਡਾਕਟਰੀ ਸਲਾਹ ਨਾਲ ਹੀ ਲਵੋ।

ਇਲਾਜ ਲਈ ਡੀਸਮੋਪਰੇਸਿਨ ਹਾਰਮੋਨ ਸਰੀਰ ਨੂੰ ਵਧੇਰੇ ਗਤਲਾ ਫੈਕਟਰ ਨੂੰ ਛੱਡਣ ਲਈ ਉਤੇਜਿਤ ਕਰ ਸਕਦਾ ਹੈ। ਨਾੜੀ ਵਿਚ ਇਸਦੇ ਟੀਕੇ ਦੇ ਨਾਲ-ਨਾਲ ਨੱਕ ਦੀ ਸਪ੍ਰੇਅ ਵੀ ਮਦਦ ਕਰ ਸਕਦਾ ਹੈ। ਦਵਾਈਆਂ ਕਲਾਟਸ ਨੂੰ ਟੁੱਟਣ ਤੋਂ ਰੋਕਣ ਵਿਚ ਨਦਦ ਕਰਦੀਆਂ ਹਨ। ਫਾਈਬਰਿਨ ਸੀਲੈਂਟਸ ਦੰਦਾਂ ਦੀ ਥੈਰੇਪੀ ਵਿਚ ਫਾਇਦਾ ਕਰਦੀ ਹੈ। ਇਸ ਨਾਲ ਜਖਮੀਆਂ ਦਾ ਇਲਾਜ ਕੀਤਾ ਜਾਂਦਾ ਹੈ। ਆਮ ਖ਼ੂਨ ਵਗਣ ਦੀ ਹਾਲਤ ਵਿਚ ਦਬਾਅ 'ਤੇ ਪੱਟੀ ਅਤੇ ਆਈਸ ਪੈਕ ਨਾਲ ਹੈਲਪ ਮਿਲ ਸਕਦੀ ਹੈ।



**Anil Dheer**
Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)

**ਨੋਟ :** ਹੀਮੋਫਿਲਿਆ ਦੀਆਂ ਗੁੰਝਲਾਂ ਕਾਰਨ ਸਰੀਰ ਅੰਦਰ ਜ਼ਿਆਦਾ ਖ਼ੂਨ ਵਗਣ ਨਾਲ ਸਰੀਰ ਅੰਦਰ ਸੋਜ, ਸੁੰਨਪਨ, ਜੋੜਾਂ ਦਾ ਗੰਭੀਰ ਦਰਦ ਸ਼ੁਰੂ ਹੋ ਸਕਦਾ ਹੈ। ਔਰਤਾਂ ਵਿਚ ਭਾਰੀ ਮਾਹਵਾਰੀ ਕਾਰਨ ਖ਼ੂਨ ਵਹਿ ਸਕਦਾ ਹੈ। ਦਿਮਾਗੀ ਖ਼ੂਨ ਵਗਣ ਨਾਲ ਤੇਜ਼ ਸਿਰ ਦਰਦ, ਗਰਦਨ ਵਿਚ ਅਕੜਾਅ, ਚੱਕਰ ਆਉਣੇ, ਉਲਟੀਆਂ, ਵਿਵਹਾਰ ਵਿਚ ਬਦਲਾਅ, ਅਚਾਨਕ ਕਮਜ਼ੋਰੀ, ਤੁਰਨ ਵਿਚ ਮੁਸ਼ਕਲ, ਲੱਛਣ ਸਾਹਮਣੇ ਆਂਉਂਦੇ ਹੀ ਹਸਪਤਾਲ 'ਤੇ ਐਮਰਜੈਂਸੀ ਨਾਲ ਸੰਪਰਕ ਕਰਨਾ ਚਾਹੀਦਾ ਹੈ।

## WORLD HAEMOPHILIA DAY














# ਤਾਮਿਲਨਾਡੂ: 'ਸਿੱਖ ਧਰਮ ਅਪਨਾਉਣ ਕਾਰਨ' ਲੋਕ ਸਭਾ ਉਮੀਦਵਾਰ 'ਤੇ ਚੋਣ ਪ੍ਰਚਾਰ ਦੌਰਾਨ ਹਮਲੇ ਦੀ ਕੋਸ਼ਿਸ਼



ਥੂਥੁਕੁਡੀ: ਬਹੁਜਨ ਦ੍ਰਾਵਿੜ ਪਾਰਟੀ (ਬੀ.ਡੀ.ਪੀ.) ਨਾਲ ਜੁੜੇ ਇਕ ਆਜ਼ਾਦ ਉਮੀਦਵਾਰ ਨੇ ਮੰਗਲਵਾਰ ਨੂੰ ਪੁਲਿਸ ਸੁਰੱਖਿਆ ਦੀ ਮੰਗ ਕਰਦਿਆਂ ਦੋਸ਼ ਲਾਇਆ ਕਿ ਕੀਜ਼ਾ ਠੱਟਾਪਰਾਈ ਵਿਚ ਕੁੱਝ ਨੌਜੁਆਨਾਂ ਨੇ ਉਸ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਠੱਟਾਪਰਾਈ ਪੁਲਿਸ ਕੋਲ ਦਰਜ ਕਰਵਾਈ ਅਪਣੀ ਸ਼ਿਕਾਇਤ 'ਚ ਥੂਥੁਕੁਡੀ ਲੋਕ ਸਭਾ ਉਮੀਦਵਾਰ ਅਸੀਰੀਅਰ ਸ਼ਨਮੁਗਸੁੰਦਰਮ ਸਿੰਘ (37) ਨੇ ਕਿਹਾ ਕਿ ਨੌਜੁਆਨਾਂ ਨੇ ਉਸ ਦੀ ਧਾਰਮਕ ਪਛਾਣ ਨੂੰ ਲੈ ਕੇ ਉਸ ਨੂੰ ਗਾਲ੍ਹਾਂ ਕੱਢੀਆਂ ਅਤੇ ਉਸ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਪਿੱਛੇ ਜਿਹੇ ਸਿੱਖ ਧਰਮ ਅਪਣਾ ਲਿਆ ਸੀ।

ਜ਼ਿਕਰਯੋਗ ਹੈ ਕਿ ਬੀ.ਡੀ.ਪੀ. ਨੇ ਆਉਣ ਵਾਲੀਆਂ ਚੋਣਾਂ ਲਈ ਦਖਣੀ ਜ਼ਿਲ੍ਹਿਆਂ 'ਚ ਸੱਤ ਸਿੱਖ ਉਮੀਦਵਾਰ ਖੜੇ ਕੀਤੇ ਹਨ। ਸੂਤਰਾਂ ਨੇ ਦਸਿਆ ਕਿ ਉਹ ਕਾਂਸ਼ੀ ਰਾਮ ਅਤੇ ਪੇਰੀਅਰ ਦੇ ਸਿਧਾਂਤਾਂ ਦਾ ਪ੍ਰਚਾਰ ਕਰਨ ਲਈ ਮੁਹਿੰਮ ਚਲਾ ਰਹੇ ਹਨ ਅਤੇ ਤਬਦੀਲੀ ਲਿਆਉਣ ਲਈ ਸਮਾਜਕ ਬਰਾਬਰੀ ਅਤੇ ਏਕਤਾ ਨੂੰ ਯਕੀਨੀ ਬਣਾਉਣ ਦੀ ਜ਼ਰੂਰਤ 'ਤੇ ਜ਼ੋਰ ਦੇ ਰਹੇ ਹਨ।

ਸ਼ਨਮੁਗਸੁੰਦਰਮ ਨੇ ਜ਼ਿਲ੍ਹਾ ਚੋਣ ਅਧਿਕਾਰੀ-ਕਮ-ਕੁਲੈਕਟਰ ਜੀ. ਲਕਸ਼ਮੀਪਤੀ ਨੂੰ ਇਕ ਪਟੀਸ਼ਨ ਸੌਂਪੀ ਅਤੇ ਕਿਹਾ ਕਿ ਇਹ ਹਮਲਾ ਸੋਮਵਾਰ ਸ਼ਾਮ ਕਰੀਬ 6 ਵਜੇ ਕੀਜ਼ਾ ਠੱਟਾਪਰਾਈ 'ਚ ਚੋਣ ਪ੍ਰਚਾਰ ਦੌਰਾਨ ਹੋਇਆ। ਪਟੀਸ਼ਨ ਮੁਤਾਬਕ ਜਦੋਂ ਉਮੀਦਵਾਰ ਗਲੀ ਤੋਂ ਬਾਹਰ ਨਿਕਲ ਰਿਹਾ ਸੀ ਤਾਂ ਇਲਾਕੇ 'ਚ ਪੁਲ ਦੇ ਕੋਲ ਖੜ੍ਹੇ ਇਕ ਨੌਜੁਆਨ ਨੇ ਉਸ ਦੀ ਸਿੱਖ ਪਛਾਣ ਨੂੰ ਨਿਸ਼ਾਨਾ ਬਣਾਉਂਦੇ ਹੋਏ ਅਪਮਾਨਜਨਕ ਟਿਪਣੀ ਕੀਤੀ ਅਤੇ ਉਸ 'ਤੇ ਸ਼ੀਸ਼ੇ ਦੀ ਟੁੱਟੀ ਹੋਈ ਬੋਤਲ ਨਾਲ ਚਾਕੂ ਮਾਰਨ ਦੀ ਕੋਸ਼ਿਸ਼ ਕੀਤੀ। ਹਾਲਾਂਕਿ, ਉਹ ਭੱਜਣ 'ਚ ਕਾਮਯਾਬ ਹੋ ਗਿਆ ਅਤੇ ਬਾਅਦ 'ਚ ਪੁਲਿਸ ਸ਼ਿਕਾਇਤ ਦਰਜ ਕਰਵਾਈ। ਇਸ ਦੌਰਾਨ ਠੱਟਾਪਰਾਈ ਪੁਲਿਸ ਨੇ ਮੁਲਜ਼ਮ ਵਿਰੁਧ ਮਾਮਲਾ ਦਰਜ ਕਰ ਲਿਆ ਹੈ, ਜਿਸ ਦੀ ਪਛਾਣ ਅਜੀਤ ਵਾਸੀ ਕੀਜ਼ਾ ਠੱਟਾਪਰਾਈ ਵਜੋਂ ਹੋਈ ਹੈ। ਟੀ.ਐਨ.ਆਈ.ਈ. ਨਾਲ ਗੱਲ ਕਰਦਿਆਂ ਸ਼ਨਮੁਗਸੁੰਦਰਮ ਨੇ ਕਿਹਾ ਕਿ ਦੋਸ਼ੀ ਅਪਮਾਨਜਨਕ ਟਿਪਣੀਆਂ ਕਰਦੇ ਸਮੇਂ ਨਸ਼ੇ ਦੀ ਹਾਲਤ 'ਚ ਸੀ, ਅਤੇ ਇਹ ਵੀ ਕਿਹਾ ਕਿ ਅਜਿਹੀ ਹੀ ਇਕ ਘਟਨਾ ਉਸ ਸਮੇਂ ਵਾਪਰੀ ਸੀ ਜਦੋਂ ਉਹ ਪਹਿਲਾਂ ਓਟਾਪੀਡਾਰਮ 'ਚ ਚੋਣ ਪ੍ਰਚਾਰ ਕਰ ਰਿਹਾ ਸੀ। ਉਨ੍ਹਾਂ ਕਿਹਾ, ''ਓਟਾਪੀਡਾਰਮ 'ਚ ਲੋਕਾਂ 'ਚੋ ਇਕ ਵਿਅਕਤੀ ਨੇ ਮੇਰੇ ਇਕ ਸਮਰਥਕ ਨੂੰ ਧਮਕੀ ਦਿਤੀ ਕਿ ਉਹ ਮੇਰੀ ਚੋਣ ਮੁਹਿੰਮ ਲਈ ਪ੍ਰਚਾਰ ਨਾ ਕਰੇ। ਇਸ ਲਈ ਮੈਂ ਪੁਲਿਸ ਨੂੰ ਅਪੀਲ ਕਰਦਾ ਹਾਂ ਕਿ ਮੇਰੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਇਕ ਬੰਦੂਕਧਾਰੀ ਨਿਯੁਕਤ ਕੀਤਾ ਜਾਵੇ।''

## ਸੁਫ਼ਨੇ ਰਹਿ ਗਏ ਕੋਰੇ

(ਜਮੀਲ ਪਾਲ ਦੀ ਵੇਲ)
ਸੁਫ਼ਨੇ ਰਹਿ ਗਏ ਕੋਰੇ
ਸੱਜਣ!
ਸਾਡੇ ਸੁਫ਼ਨੇ ਰਹਿ ਗਏ ਕੋਰੇ
ਅੱਖੀਆਂ ਅੰਦਰ ਪਾੜ ਪਏ,
ਜਿਉ ਕੰਧਾਂ ਵਿੱਚ ਮਘੋਰੇ।
ਜੱਗ ਕੂੜ ਪਸਾਰਾ ਕਹਿਰ ਦਾ
ਸਾਨੂੰ ਚਸਕਾ ਲੱਗਾ ਜ਼ਹਿਰ ਦਾ
ਦਿਲ ਪਾਰਾ ਕਿਤੇ ਨਾ ਠਹਿਰਦਾ
ਸਾਨੂੰ ਧੁੜਕੂ ਅੱਠੇ ਪਹਿਰ ਦਾ
ਇੱਕ ਪਾਸਾ ਮਰਿਆ ਸ਼ਹਿਰ ਦਾ
ਵਿਚ ਭੁੱਖਾ ਫਨੀਅਰ ਲਹਿਰਦਾ।
ਮਾਵਾਂ ਨੇ ਖੀਸੇ ਫੋਲ ਕੇ
ਪੁੱਤ ਸਫ਼ਰਾਂ 'ਤੇ ਟੋਰੇ
ਸਾਡੇ ਸੁਫ਼ਨੇ ਰਹਿ ਗਏ ਕੋਰੇ
ਅਸੀਂ ਸਈਆਂ ਨੈਣਾਂ ਵਾਲੀਆਂ
ਸਾਨੂੰ ਜੋਇਆ ਅੰਨ੍ਹੇ ਹਾਲੀਆਂ
ਮਨ ਖੋਭੇ ਸੱਧਰਾਂ ਗਾਲੀਆਂ
ਸਾਡਾ ਜੀਵਨ ਵਿੱਚ ਕੁਠਾਲੀਆਂ
ਖਸਮਾਂ ਦੀਆਂ ਅੱਗਾਂ ਬਾਲੀਆਂ
ਦਿਲ ਗੁੰਨ੍ਹੇ ਵਿਚ ਕੁਨਾਲੀਆਂ।
ਇਸ ਔਂਤਰ ਜਾਣੇ ਸਮੇਂ ਨੇ
ਸਾਹ ਬਰਫ਼ਾਂ ਵਾਂਗੂੰ ਖੋਰੇ
ਸਾਡੇ ਸੁਫ਼ਨੇ ਰਹਿ ਗਏ ਕੋਰੇ!

# ਧਰਮ ਅਤੇ ਸਿਆਸਤ ਬਣੇ ਕਮਾਈ ਦਾ ਧੰਦਾ



ਅੱਜ ਜੇ ਧਰਮ ਅਤੇ ਸਿਆਸਤ ਦੀ ਗੱਲ ਕੀਤੀ ਜਾਵੇ ਤਾਂ ਸਪਸ਼ਟ ਵੇਖਿਆ ਜਾ ਸਕਦਾ ਹੈ ਕਿ ਇਹ ਦੋਵੇਂ ਹੀ ਮਨੁੱਖ ਨੂੰ ਲਾਲਚ ਵਿੱਚ ਫਸਾ ਕੇ ਆਪਣਾ-ਆਪਣਾ ਧੰਦਾ ਚਲਾਉਣ ਲਈ ਵਰਤ ਰਹੇ ਹਨ। ਇਹਨਾਂ ਦੋਵਾਂ ਨੇ ਹੀ ਮਨੁੱਖਤਾ ਦਾ ਜੀਵਨ ਪੱਧਰ ਉੱਚਾ ਚੁੱਕਣ ਦੀ ਬਜਾਏ ਝੂਠੇ ਲਾਲਚ ਉਭਾਰਕੇ ਮਨੁੱਖ ਨੂੰ ਆਪਣੇ ਚੁੰਗਲ ਵਿੱਚ ਫਸਾਇਆ ਜਾ ਰਿਹਾ ਹੈ। ਜੇ ਧਰਮ ਦੀ ਗੱਲ ਕਰਦੇ ਹਾਂ ਤਾਂ ਧਰਮ ਨੂੰ ਫਰਜ਼ ਸਮਝਣ ਦੀ ਬਜਾਏ ਇਸ ਨੂੰ ਧੰਦੇ ਵਜੋਂ ਵਰਤਿਆ ਜਾ ਰਿਹਾ ਹੈ। ਮਨੁੱਖ ਦੀ ਜ਼ਿੰਦਗੀ ਵਿੱਚ ਕੋਈ ਦੁੱਖ ਮੁਸੀਬਤ ਨਾ ਆਵੇ ਜਾਂ ਆਈ ਮੁਸੀਬਤ ਦੇ ਖਾਤਮੇ ਲਈ ਉਪਾਅ ਵਜੋਂ ਤਰ੍ਹਾਂ ਤਰ੍ਹਾਂ ਦੇ ਪੂਜਾ ਪਾਠ ਕਰਵਾਉਣ ਬਦਲੇ ਵੱਡੇ ਖਰਚ ਹਰ ਧਰਮ ਵਿੱਚ ਵਸੂਲੇ ਜਾਂਦੇ ਹਨ। ਭਾਵੇਂ ਆਮ ਜ਼ਿੰਦਗੀ ਵਿੱਚ ਮਨੁੱਖ ਨੂੰ ਇਮਾਨਦਾਰ, ਸੱਚਾ ਸੁੱਚਾ ਅਤੇ ਆਪਣੀ ਕਿਰਤ ਕਮਾਈ ਦਾ ਕੁਝ ਹਿੱਸਾ ਦਾਨ ਪੁੰਨ ਕਰਨ ਵਾਲਾ ਜੀਵਨ ਜਿਉਣ ਵਰਗੇ ਉਪਦੇਸ਼ ਤਾਂ ਧਰਮਾਂ ਦੇ ਪ੍ਰਚਾਰਕਾਂ ਵੱਲੋਂ ਦਿੱਤੇ ਜਾ ਰਹੇ ਹਨ ਪਰ ਜਦੋਂ ਅਜਿਹੀ ਜ਼ਿੰਦਗੀ ਜਿਉਣ ਦੇ ਲਾਭ, ਮਰਨ ਤੋਂ ਬਾਅਦ ਮਿਲਣ ਦੇ ਵਿਖਿਆਨ ਕੀਤੇ ਜਾਂਦੇ ਹਨ ਤਾਂ ਸ਼ੰਕੇ ਖੜ੍ਹੇ ਹੋਣੇ ਜ਼ਰੂਰੀ ਹਨ। ਜੇ ਚੰਗੇ ਮਾੜੇ ਕੰਮਾਂ ਦਾ ਫਲ ਮੌਤ ਬਾਅਦ ਅਗਲੇ ਜਨਮ ਵਿੱਚ ਮਿਲਣਾ ਹੈ ਤਾਂ ਇਸਦਾ ਉਹਨਾਂ ਕੋਲ ਵਿਗਿਆਨਿਕ ਤੌਰ 'ਤੇ ਕੋਈ ਸਬੂਤ ਨਹੀਂ, ਸਿਰਫ ਆਪੇ ਬਣਾਈਆਂ ਸਾਖੀਆਂ ਉੱਪਰ ਯਕੀਨ ਕਰਨ ਦੀ ਵਕਾਲਤ ਕੀਤੀ ਜਾਂਦੀ ਹੈ। ਮਰਨ ਉਪਰੰਤ ਸਵਰਗ ਦੀ ਪ੍ਰਾਪਤੀ, ਜਨਮ ਮਰਨ ਤੋਂ ਮੁਕਤੀ ਜਾਂ ਕੀਤੇ ਗਏ ਦਾਨ ਪੁੰਨ ਦੇ ਫਲ ਵਜੋਂ ਅਗਲੇ ਜਨਮ ਵਿੱਚ ਵੱਡੇ ਧਨ ਪਦਾਰਥ ਮਿਲਣ ਦੇ ਲਾਲਚ ਰਾਹੀਂ ਮਨੁੱਖ ਨੂੰ ਬਚਪਨ ਤੋਂ ਹੀ ਆਪਣੇ ਦਿਮਾਗ ਦੀ ਵਰਤੋਂ ਕੀਤੇ ਬਿਨਾਂ ਅਜਿਹੀਆਂ ਸਾਖੀਆਂ 'ਤੇ ਯਕੀਨ ਕਰਨ ਦਾ ਆਦੀ ਬਣਾਇਆ ਗਿਆ ਹੈ।

ਧਰਮਾਂ ਅਨੁਸਾਰ ਕੋਈ ਧਰਮ ਕਹਿੰਦਾ ਹੈ ਕਿ ਸਵਰਗ ਵਿੱਚ ਹੂਰਾਂ ਮਿਲਣਗੀਆਂ, ਕੋਈ ਕਹਿੰਦਾ ਉੱਥੇ ਦੁੱਧ ਘਿਓ ਦੀਆਂ ਨਦੀਆਂ ਵਹਿੰਦੀਆਂ ਹਨ ਅਤੇ ਕੋਈ ਉੱਥੇ ਸੁੰਦਰ ਬਾਗ਼ ਬਗੀਚੇ ਲੱਗੇ ਹੋਣ ਦੀ ਗੱਲ ਕਰਦਾ ਹੈ। ਭਾਵ ਕਿ ਮੌਜੂਦਾ ਜ਼ਿੰਦਗੀ ਵਿੱਚ ਹੱਡ ਭੰਨਵੀਂ ਮਿਹਨਤ ਕਰਨ ਦੇ ਬਾਵਜੂਦ ਵੀ ਜੇ ਮਨੁੱਖ ਜਿਉਣ ਯੋਗ ਚੰਗੀਆਂ ਸਹੂਲਤਾਂ ਤੋਂ ਵਾਂਝਾ ਰਹਿੰਦਾ ਹੈ ਤਾਂ ਉਹਨਾਂ ਦੀ ਪੂਰਤੀ ਅਗਲੇ ਜਨਮ ਜਾਂ ਸਵਰਗ ਵਿੱਚ ਕਰਵਾਉਣ ਦੇ ਢੰਗ ਹਰ ਧਰਮ ਵੱਲੋਂ ਦੱਸੇ ਜਾਂਦੇ ਹਨ। ਪਰ ਮੌਜੂਦਾ ਜਨਮ ਜਾਂ ਇਸੇ ਜ਼ਿੰਦਗੀ ਵਿੱਚ ਅਜਿਹੇ ਸਵਰਗ ਦੀ ਪ੍ਰਾਪਤੀ ਕਰਨ ਬਾਰੇ ਕੋਈ ਵੀ ਧਰਮ ਨਹੀਂ ਬੋਲਦਾ। ਇਸ ਜਨਮ ਨੂੰ ਪਿਛਲੇ ਜਨਮ ਦੇ ਕੀਤੇ ਚੰਗੇ ਮਾੜੇ ਕੰਮਾਂ ਦਾ ਭੁਗਤਾਨ ਕਹਿੰਦਿਆਂ ਮੌਜੂਦਾ ਜ਼ਿੰਦਗੀ ਨੂੰ ਇੱਕ ਸੁਪਨਾ ਅਤੇ ਪਾਣੀ ਦਾ ਬੁਲਬੁਲਾ ਕਹਿ ਕੇ ਨਕਾਰ ਦਿੱਤਾ ਜਾਂਦਾ ਹੈ ਅਤੇ ਅਗਲੇ ਜਨਮ ਵਿੱਚ ਖੁਸ਼ਹਾਲ ਜ਼ਿੰਦਗੀ ਜਿਉਣ ਦਾ ਲਾਲਚ ਦੇ ਕੇ ਹੁਣ ਤੋਂ ਹੀ ਵੱਧ ਤੋਂ ਵੱਧ ਦਾਨ ਕਰਨ ਲਈ ਉਕਸਾਇਆ ਜਾਂਦਾ ਹੈ।

ਜਦੋਂ ਅਜਿਹੀਆਂ ਦਾਅਵੇਦਾਰੀਆਂ ਕਰਨ ਵਾਲੇ 'ਮਹਾਂ ਪੁਰਸ਼ਾਂ' ਦੇ ਖ਼ੁਦ ਦੀ ਜ਼ਿੰਦਗੀ ਜਿਉਣ ਢੰਗਾਂ ਨੂੰ ਵੇਖਦੇ ਹਾਂ ਤਾਂ ਉਹਨਾਂ ਵੱਲੋਂ ਦਿੱਤੇ ਜਾਂਦੇ ਉਪਦੇਸ਼ ਬਹੁਤ ਹਾਸੋਹੀਣੇ ਜਾਪਣ ਲੱਗ ਜਾਂਦੇ ਹਨ। ਉਹਨਾਂ ਵੱਲੋਂ ਕੀਤੇ ਜਾਂਦੇ ਦਾਅਵੇ ਝੂਠੇ ਅਤੇ ਦਿਸ਼ਾ ਹੀਣ ਲੱਗਣ ਲੱਗਦੇ ਹਨ ਕਿਉਂਕਿ ਇਹਨਾਂ ਵੱਲੋਂ ਦਿੱਤੇ ਜਾਂਦੇ ਉਪਦੇਸ਼ਾਂ ਨੂੰ ਵਾਚਦਿਆਂ ਇਸ ਤਰ੍ਹਾਂ ਲਗਦਾ ਹੈ ਜਿਵੇਂ ਉਹ ਧਰਮ ਦੇ ਨਾਂ ਹੇਠ ਸਮਾਜ ਨੂੰ ਸਵਰਗਾਂ ਦੀ ਟਿਕਟ ਅਤੇ ਮੁਕਤੀ ਦਿਵਾਉਣ ਦੇ ਲਾਲਚ ਦੇ ਕੇ ਆਪਣੇ ਪ੍ਰਵਚਨਾਂ ਨੂੰ ਮਨਵਾਉਣ ਲਈ ਰਿਸ਼ਵਤ ਦੇ ਰਹੇ ਹੋਣ। ਅਣਭੋਲ ਸਮਾਜ ਇਸੇ ਲਾਲਚ ਵਿੱਚ ਆ ਕੇ ਉਹਨਾਂ ਵੱਲੋਂ ਕੀਤੇ ਜਾ ਰਹੇ ਪ੍ਰਵਚਨਾਂ ਨੂੰ ਸੱਚ ਮੰਨਕੇ ਸਾਰੀ ਜ਼ਿੰਦਗੀ ਇਸ ਜਨਮ ਨੂੰ ਇੱਕ ਸੁਪਨਾ ਅਤੇ ਪਾਣੀ ਦਾ ਬੁਲਬੁਲਾ ਸਮਝਕੇ ਕੋਹਲੂ ਦੇ ਬੈਲ ਵਾਂਗ ਇੱਕੋ ਘੇਰੇ ਦੇ ਦੁਆਲੇ ਘੁੰਮੀ ਜਾ ਰਿਹਾ ਹੈ। ਇਸ ਰਹੱਸ ਨੂੰ ਸਮਝੇ ਬਿਨਾਂ ਕੋਈ ਵੀ ਸਮਾਜਿਕ ਪ੍ਰਾਣੀ ਆਪਣੇ ਇਸ ਜਨਮ ਵਾਲੀ ਜ਼ਿੰਦਗੀ ਸੁਧਾਰਨ ਦੀ ਬਜਾਏ ਪ੍ਰਲੋਕ ਸੁਧਾਰਨ ਦੇ ਚੱਕਰ ਵਿੱਚ ਦਿਨ ਕਟੀ ਕਰਨ ਤੋਂ ਅੱਗੇ ਨਹੀਂ ਵਧ ਸਕੇਗਾ। ਭਾਵੇਂ ਅੱਜ ਤਕ ਕੋਈ ਵੀ ਅਜਿਹਾ ਸਬੂਤ ਕਿਧਰੇ ਵੇਖਣ ਵਿੱਚ ਨਹੀਂ ਆਇਆ, ਜਿਸ ਰਾਹੀਂ ਕਿਸੇ ਨੇ ਅਖੌਤੀ ਸਵਰਗ ਦਾ ਨਰੀਖਣ ਕਰਨ ਦੀ ਖੋਜ ਦੇ ਹਵਾਲੇ ਨਾਲ, ਕੋਈ ਵਿਗਿਆਨਿਕ ਦਾਅਵਾ ਕੀਤਾ ਹੋਵੇ। ਪਰ ਜੇਕਰ ਸਮਾਜ ਨੂੰ ਅਜਿਹੇ ਗੁਮਰਾਹਕੁੰਨ ਪ੍ਰਚਾਰ ਨੂੰ ਰੱਦ ਕਰਕੇ ਕੋਈ ਇਸੇ ਜਨਮ ਨੂੰ ਸਵਰਗ ਬਣਾਉਣ ਦੀ ਪ੍ਰੇਰਣਾ ਨਾਲ ਧਰਮਾਂ ਦੇ ਝੂਠ ਬਾਰੇ ਆਪਣੇ ਵਿਚਾਰ ਪ੍ਰਗਟਾਉਂਦਾ ਹੈ, ਤਾਂ ਧਰਮਾਂ ਦੇ ਠੇਕੇਦਾਰ ਆਪਣੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਣ ਦੀ ਦੁਹਾਈ ਪਾ ਕੇ ਉਸ ਖਿਲਾਫ 295 ਏ ਦਾ ਪਰਚਾ ਦਰਜ ਕਰਵਾਉਣ ਲਈ ਅੱਗੇ ਆ ਜਾਂਦੇ ਹਨ। ਇਹਨਾਂ ਦੀ ਭਾਵਨਾ ਨੂੰ ਠੇਸ ਇਸ ਕਰਕੇ ਨਹੀਂ ਪੁੱਜਦੀ ਕਿ ਇਹਨਾਂ ਦੀ ਕੋਈ ਧਾਰਮਿਕ ਭਾਵਨਾ ਹੁੰਦੀ ਹੈ, ਸਗੋਂ ਇਸ ਕਰਕੇ ਪੁੱਜਦੀ ਹੈ ਕਿ ਲੋਕਾਂ ਨੂੰ ਇਹਨਾਂ ਵੱਲੋਂ ਫੈਲਾਏ ਜਾਂਦੇ ਕੂੜ ਪ੍ਰਚਾਰ ਦੀ ਅਸਲੀਅਤ ਬਾਰੇ ਸਮਝ ਨਾ ਆ ਜਾਵੇ। ਸੋ ਇਸ ਤਰ੍ਹਾਂ ਹਰ ਧਰਮ ਵਿੱਚ ਬਿਨਾਂ ਕਿਸੇ ਰੋਕ ਟੋਕ ਤੋਂ ਲੋਕਾਂ ਨੂੰ ਮੂਰਖ ਬਣਾਕੇ ਉਹਨਾਂ ਵੱਲੋਂ ਕੀਤੇ ਦਾਨ ਪੁੰਨ ਅਤੇ ਚੜ੍ਹਾਵਿਆਂ ਦੇ ਬਲਬੂਤੇ ਹਰ ਧਰਮ ਵਿੱਚ ਪਲ ਰਿਹਾ ਮੁੱਖ ਪੁਜਾਰੀ ਵਰਗ ਲੋਕਾਂ ਦੀ ਅਗਿਆਨਤਾ ਕਾਰਣ ਮਾਲੋਮਾਲ ਹੋ ਕੇ, ਆਪ ਇਸੇ ਜਨਮ ਵਿੱਚ ਸਵਰਗ ਭੋਗ ਰਿਹਾ ਹੈ, ਜੋ ਕਿ ਹੋਰਾਂ ਨੂੰ ਮਰਨ ਉਪਰੰਤ ਸਵਰਗ ਦੀ ਆਸ ਰੱਖਣ ਲਈ ਪ੍ਰੇਰਦਾ ਹੈ। ਲੋਕਾਂ ਦੀ ਕਿਰਤ 'ਤੇ ਪਲਣ ਵਾਲੇ ਇਹ 'ਮਹਾਂ ਪੁਰਸ਼' ਆਪਣੀ ਸਵਰਗਮਈ ਜ਼ਿੰਦਗੀ ਵਿੱਚ ਰੰਗ ਰਲੀਆਂ ਭੋਗਦੇ ਹੋਏ ਅਕਸਰ ਹੀ ਅਜਿਹੇ ਕਾਰਨਾਮੇਂ ਕਰ ਬਹਿੰਦੇ ਹਨ, ਜਿਹਨਾਂ ਕਾਰਣ ਕਈਆਂ ਨੂੰ ਜੇਲ੍ਹ ਦੀ ਹਵਾ ਖਾਂਦੇ ਵੀ ਵੇਖਿਆ ਜਾ ਸਕਦਾ ਹੈ। ਇਹਨਾਂ ਲਈ ਜੇਲ੍ਹ ਵਿੱਚ ਵੀ ਸਿਆਸੀ ਅਤੇ ਸਰਕਾਰੀ ਸਰਪ੍ਰਸਤੀ ਇਸ ਕਰਕੇ ਬਣੀ ਰਹਿੰਦੀ ਹੈ ਤਾਂ ਕਿ ਇਹਨਾਂ ਦੇ 'ਭਗਤਾਂ' ਦੀਆਂ ਵੋਟਾਂ ਪ੍ਰਾਪਤ ਹੁੰਦੀਆਂ ਰਹਿਣ।

ਇਸ ਬਾਰੇ ਸਾਡੇ ਦੇਸ਼ ਦਾ ਰਾਜ ਪ੍ਰਬੰਧ ਚਲਾਉਣ ਵਾਲੀਆਂ ਸਿਆਸੀ ਪਾਰਟੀਆਂ ਦਾ ਵਰਤਾਰਾ ਪ੍ਰਤੱਖ ਵੇਖਿਆ ਜਾ ਸਕਦਾ ਹੈ ਕਿ ਕਿਵੇਂ ਬਲਾਤਕਾਰੀ ਤੇ ਕਾਤਲ ਬਾਬਿਆਂ ਦਾ ਪ੍ਰਭਾਵ ਲੋਕਾਂ ਵਿੱਚ ਬਰਕਰਾਰ ਰੱਖਿਆ ਜਾ ਰਿਹਾ ਹੈ। ਇਹਨਾਂ ਵੱਲੋਂ ਵੀ ਧਰਮਾਂ ਦੀ ਤਰ੍ਹਾਂ ਹੀ ਝੂਠੀਆਂ ਮਾਨਤਾਵਾਂ ਮੰਨਣ ਦੇ ਬਦਲ ਵਿੱਚ ਦਿੱਤੇ ਝੂਠੇ ਲਾਲਚਾਂ ਦੀ ਤਰ੍ਹਾਂ ਹੀ ਲੋਕਾਂ ਨੂੰ ਝੂਠੇ ਸਬਜ਼ਬਾਗ ਵਿਖਾ ਕੇ ਵੋਟਾਂ ਲੈਣ ਲਈ ਉਹਨਾਂ ਨੂੰ ਆਪਣੀ ਰਾਜ ਸੱਤਾ ਦੀ ਪ੍ਰਾਪਤੀ ਲਈ ਵਰਤਿਆ ਜਾ ਰਿਹਾ ਹੈ। ਇਸ ਤਰ੍ਹਾਂ ਝੂਠ ਦਾ ਬੋਲ ਬਾਲਾ ਧਰਮ ਅਤੇ ਸਿਆਸਤ ਵਿੱਚ ਆਪਸੀ ਮਿਲੀ ਭੁਗਤ ਨਾਲ ਨਿਰੰਤਰ ਚੱਲ ਰਿਹਾ ਹੈ। ਇਸੇ ਕਰਕੇ ਧਰਮਾਂ ਵਿੱਚ ਪ੍ਰਚਲਿਤ ਗੈਰ ਵਿਗਿਆਨਿਕ ਧਾਰਨਾਵਾਂ ਨੂੰ ਖਤਮ ਕਰਨ ਅਤੇ ਧਰਮ ਨਿਰਪੱਖਤਾ ਦਾ ਸੰਵਿਧਾਨਿਕ ਪੱਖ ਲਾਗੂ ਕਰਨ ਲਈ ਕੋਈ ਵੀ ਸਰਕਾਰ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਅ ਰਹੀ। ਧਰਮ ਨਿਰਪੱਖਤਾ ਜੋ ਕਿ ਮਨੁੱਖ ਨੂੰ 'ਧਰਮ ਦੀ ਆਜ਼ਾਦੀ' ਅਤੇ 'ਧਰਮ ਤੋਂ ਆਜ਼ਾਦੀ' ਨੂੰ ਮਾਨਤਾ ਦਿੰਦੀ ਹੈ।

ਫਿਰਕਾਪ੍ਰਸਤ ਸਿਆਸਤਦਾਨਾਂ ਵੱਲੋਂ ਸੰਵਿਧਾਨਿਕ ਅਤੇ ਇਨਸਾਨੀ ਕਦਰਾਂ ਕੀਮਤਾਂ ਦੀ ਥਾਂ ਧਰਮਾਂ ਦੇ ਵਖਰੇਵਿਆਂ ਨੂੰ ਵਰਤਕੇ ਸਮਾਜ ਵਿੱਚ ਆਪਸੀ ਨਫਰਤ ਵਧਾਈ ਜਾ ਰਹੀ ਹੈ। ਵਿਸ਼ੇਸ਼ ਤੌਰ 'ਤੇ ਹਿੰਦੂ ਰਾਸ਼ਟਰ ਬਣਾਉਣ ਦੀ ਵਿਚਾਰਧਾਰਾ ਰਾਹੀਂ ਸੰਵਿਧਾਨ ਵਿਰੋਧੀ ਕਾਰਗੁਜ਼ਾਰੀ ਕੀਤੀ ਜਾ ਰਹੀ ਹੈ। ਦੇਸ਼ ਵਿੱਚ ਸੱਤਾ ਦੇ ਜ਼ੋਰ ਇਨਸਾਨੀਅਤ ਵਿਰੋਧੀ ਅਜਿਹੇ ਹਾਲਾਤ ਪੈਦਾ ਕਰਕੇ, ਜਿੱਥੇ ਆਪਣੀਆਂ ਨਾਕਾਮੀਆਂ ਨੂੰ ਛੁਪਾਇਆ ਜਾ ਰਿਹਾ, ਉੱਥੇ ਲੋਕਾਂ ਨੂੰ ਧਰਮਾਂ ਦੇ ਅੰਧਵਿਸ਼ਵਾਸੀ ਅਤੇ ਗੈਰ ਵਿਗਿਆਨਿਕ ਦਾਅਵਿਆਂ ਨੂੰ ਹੀ ਠੀਕ ਮੰਨਦੇ ਰਹਿਣ ਲਈ ਅਧਾਰ ਮੁਹਈਆ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਇਹਨਾਂ ਨੇ ਧਰਮਾਂ ਵਿੱਚ ਪ੍ਰਚਲਿਤ ਅੰਧਵਿਸ਼ਵਾਸਾਂ ਨੂੰ ਖਤਮ ਕਰਨ ਦੀ ਬਜਾਏ ਉਹਨਾਂ ਨੂੰ ਉਤਸ਼ਾਹਿਤ ਕਰਨ ਲਈ ਵੱਧ ਅਤੇ ਲੋਕ ਸਮੱਸਿਆਵਾਂ ਹੱਲ ਕਰਨ ਲਈ ਨਾ ਮਾਤਰ ਹੀ ਕਾਰਗੁਜ਼ਾਰੀ ਨਿਭਾਈ ਹੈ। ਧਰਮਾਂ ਵਿੱਚ ਚੱਲ ਰਹੀਆਂ ਗੈਰ ਵਿਗਿਆਨਿਕ ਮਾਨਤਾਵਾਂ ਨੂੰ ਉਜਾਗਰ ਕਰਨ ਵਾਲੇ ਬੁੱਧੀਜੀਵੀ ਤਬਕੇ ਖਿਲਾਫ, ਧਾਰਮਿਕ ਕੱਟੜ ਪੰਥੀਆਂ ਵੱਲੋਂ 295 ਏ ਵਰਗੇ ਕੇਸ ਦਰਜ ਕਰਨਾ ਵੀ ਸਰਕਾਰਾਂ ਦੀ ਧਰਮਾਂ ਦੀਆਂ ਗੈਰਵਿਗਿਆਨਿਕ ਧਾਰਨਾਵਾਂ ਨੂੰ ਬਰਕਰਾਰ ਰੱਖਣ ਦੀ ਸਾਂਝ ਦਾ ਹੀ ਪ੍ਰਤੀਕ ਹੈ। ਕਿਉਂਕਿ ਇਹ ਰਾਜਨੇਤਾ ਅਤੇ ਧਰਮ ਦੇ ਨਾਂ 'ਤੇ ਗੁਮਰਾਹ ਕਰਨ ਵਾਲੇ ਆਗੂ, ਦੋਵੇਂ ਹੀ ਲੋਕਾਂ ਨੂੰ ਅਸਲ ਗਿਆਨ ਦੇਣ ਤੋਂ ਵਾਂਝੇ ਰੱਖਕੇ ਆਪਣੀ ਸਲਤਨਤ ਇੱਕ ਦੂਜੇ ਦਾ ਸਹਿਯੋਗੀ ਬਣਕੇ ਚਲਾ ਰਹੇ ਹਨ। ਦੂਜੇ ਪਾਸੇ ਸਮਾਜ ਨੂੰ ਚੇਤਨ ਕਰਨ ਵਾਲੇ ਕਿੰਨੇ ਹੀ ਗਿਆਨਵਾਨ ਕਾਰਕੁੰਨਾਂ ਨੂੰ ਮਨਘੜਤ ਕੇਸਾਂ ਵਿੱਚ ਬਿਨਾਂ ਕੇਸ ਚਲਾਏ ਹੀ ਕਈ ਕਈ ਸਾਲਾਂ ਤੋਂ ਜੇਲ੍ਹੀਂ ਡੱਕਿਆ ਹੋਇਆ ਹੈ।

ਇੱਕ ਸਮਾਂ ਸੀ ਜਦੋਂ ਧਰਮ ਵੱਲੋਂ ਦੇਸ਼ ਦੇ ਰਾਜੇ ਨੂੰ 'ਰੱਬ' ਵੱਲੋਂ ਭੇਜੇ ਦੂਤ ਵਜੋਂ ਪ੍ਰਚਾਰਿਆ ਜਾਂਦਾ ਸੀ, ਜਿਸ ਕਰਕੇ ਰਾਜੇ ਦੇ ਮੂੰਹ ਵਿੱਚੋਂ ਨਿਕਲੇ ਸ਼ਬਦਾਂ ਨੂੰ ਰੱਬੀ ਹੁਕਮ ਕਹਿ ਕੇ ਲੋਕਾਂ ਉੱਪਰ ਲਾਗੂ ਕੀਤਾ ਜਾਂਦਾ ਸੀ। ਪਰ ਅੱਜ ਵਿਗਿਆਨ ਦੀ ਤਰੱਕੀ ਕਾਰਣ ਵਿਕਸਿਤ ਹੋਏ ਗਿਆਨ ਨੇ ਅਜਿਹੀਆਂ ਮਾਨਤਾਵਾਂ ਨੂੰ ਭਾਵੇਂ ਰੱਦ ਕਰਨ ਵਿੱਚ ਸਫਲਤਾ ਪ੍ਰਾਪਤ ਕਰ ਲਈ ਹੈ ਪਰ ਰਾਜੇ ਦੀ ਥਾਂ ਵਿਕਸਿਤ ਹੋਈ ਰਾਜ ਕਰਤਾ ਸ਼੍ਰੇਣੀ ਅੱਜ ਵੀ ਆਪਣੇ ਲੋਕ ਵਿਰੋਧੀ ਅਤੇ ਗੈਰ ਜਮਹੂਰੀ ਬੇਹੂਦਾ ਫੈਸਲੇ ਲੋਕਾਂ ਉੱਪਰ ਠੋਸਣ ਨੂੰ ਆਪਣਾ ਅਧਿਕਾਰ ਸਮਝਦੀ ਆ ਰਹੀ ਹੈ। ਕਿਸਾਨੀ ਅੰਦੋਲਨ ਨੂੰ ਇਸ ਵਰਤਾਰੇ ਦੇ ਪ੍ਰਤੱਖ ਸਬੂਤ ਵਜੋਂ ਵੇਖਿਆ ਜਾ ਸਕਦਾ ਹੈ। ਹੋਰ ਵੀ ਅਨੇਕਾਂ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ ਜਿਹਨਾਂ ਰਾਹੀਂ ਲੋਕਾਂ ਉੱਪਰ ਠੋਸੇ ਗਏ ਗਲਤ ਫੈਸਲਿਆਂ ਦੀ ਪੁਸ਼ਟੀ ਹੁੰਦੀ ਹੈ। ਹੁਣ ਰਾਜ ਸੱਤਾ ਦੇ ਜ਼ੋਰ ਇਸ ਸ਼੍ਰੇਣੀ ਵੱਲੋਂ ਪੁਰਾਣੀ ਸੰਸਕ੍ਰਿਤੀ ਨੂੰ ਧਰਮ ਦੇ ਪਰਦੇ ਹੇਠ ਸਮਾਜ ਵਿੱਚ ਲਾਗੂ ਕਰਨ ਲਈ ਪੱਬਾਂ ਭਾਰ ਹੋ ਕੇ ਜ਼ੋਰ ਅਜ਼ਮਾਈ ਕੀਤੀ ਜਾ ਰਹੀ ਹੈ, ਜਿਸ ਕਰਕੇ ਰਾਜਿਆਂ ਦੀ ਤਰ੍ਹਾਂ ਰਾਜ ਕਰਨ ਦੇ ਨਿਸ਼ਾਨ (ਸੰਗੋਲ) ਦੀ ਵਰਤੋਂ ਨਾਲ ਜਮਹੂਰੀਅਤ ਨੂੰ ਦਰਕਿਨਾਰ ਕੀਤਾ ਜਾ ਰਿਹਾ ਹੈ। ਇਸ ਕੰਮ ਲਈ ਵੀ ਧਰਮ ਨੂੰ ਅੱਗੇ ਰੱਖਿਆ ਜਾ ਰਿਹਾ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ ਸੰਵਿਧਾਨਿਕ ਮਰਯਾਦਾਵਾਂ ਦੀ ਪਾਲਣਾ ਕਰਨ ਬਾਰੇ ਸੌਂਹ ਚੁੱਕਣ ਦੇ ਬਾਵਜੂਦ ਵੀ ਸ਼ਰੇਆਮ ਇੱਕ ਵਿਸ਼ੇਸ਼ ਧਰਮ ਦੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਵੋਟਾਂ ਵਿੱਚ ਤਬਦੀਲ ਕਰਨ ਲਈ ਘੋਰ ਉਲੰਘਣਾ ਕੀਤੀ ਜਾ ਰਹੀ ਹੈ। ਮੰਦਰਾਂ ਦੇ ਨਾਂ ਹੇਠ ਦੇਸ਼ ਵਿੱਚ ਹੀ ਨਹੀਂ ਸਗੋਂ ਦੇਸ਼ ਤੋਂ ਬਾਹਰ ਆਬੂ ਧਾਬੀ ਵਿੱਚ ਜਾ ਕੇ ਵੀ ਮੰਦਰ ਉਦਘਾਟਨ ਸਮਾਰੋਹ ਵਿੱਚ ਭਾਗ ਲੈਂਦਿਆਂ ਸੱਤਾ ਦੀ ਦੁਰਵਰਤੋਂ ਕੀਤੀ ਗਈ ਹੈ। ਜਦੋਂ ਕਿ ਸੰਵਿਧਾਨ ਕਿਸੇ ਵੀ ਧਰਮ ਵਿੱਚ ਇਸ ਤਰ੍ਹਾਂ ਸਰਕਾਰੀ ਦਖਲ ਅਤੇ ਸਰਕਾਰੀ ਖ਼ਜ਼ਾਨੇ ਦੀ ਵਰਤੋਂ ਕਰਨ ਦੀ ਆਗਿਆ ਨਹੀਂ ਦਿੰਦਾ। ਅੱਜ ਕਿਸੇ ਵੀ ਸਿਆਸੀ ਪਾਰਟੀ ਕੋਲ ਦੇਸ਼ ਨੂੰ ਵਿਕਾਸ ਦੇ ਰਸਤੇ ਤੋਰਨ ਦਾ ਕੋਈ ਏਜੰਡਾ ਨਹੀਂ, ਸਗੋਂ ਧਰਮਾਂ, ਜਾਤਾਂ ਆਦਿ ਦੇ ਨਾਂ 'ਤੇ ਵੰਡਣ ਦੀ ਰਾਜਨੀਤੀ ਰਾਹੀਂ ਅੰਗਰੇਜ਼ਾਂ ਨੂੰ ਵੀ ਮਾਤ ਪਾਇਆ ਜਾ ਰਿਹਾ ਹੈ। ਇੱਥੋਂ ਤਕ ਕਿ ਦੇਸ਼ ਦੀ ਅਜ਼ਾਦੀ ਲਈ ਕੁਰਬਾਨ ਹੋਏ ਗ਼ਦਰੀ ਸ਼ਹੀਦਾਂ ਅਤੇ ਭਗਤ ਸਿੰਘ ਵਰਗੇ ਲੋਕ ਨਾਇਕਾਂ ਦੀਆਂ ਕੁਰਬਾਨੀਆਂ ਨੂੰ ਵੀ ਆਪਣੇ ਰਾਜਸੀ ਹਿਤਾਂ ਲਈ ਵਰਤਿਆ ਜਾ ਰਿਹਾ ਹੈ। ਦੇਸ਼ ਨੂੰ ਈਸਟ ਇੰਡੀਆ ਕੰਪਨੀ ਦੀ ਲੁੱਟ ਤੋਂ ਮੁਕਤ ਕਰਵਾਉਣ ਲਈ ਇਹਨਾਂ ਵੱਲੋਂ ਦਿੱਤੀਆਂ ਕੁਰਬਾਨੀਆਂ ਨੂੰ ਭੁਲਾ ਕੇ, ਅੱਜ ਫਿਰ ਦੇਸ਼ ਦੀ ਅਜਿਹੀਆਂ ਹੀ ਵੱਡੀਆਂ ਕੰਪਨੀਆਂ/ ਕਾਰਪੋਰੇਟਾਂ ਰਾਹੀਂ ਲੁੱਟ ਕਰਵਾਉਣ ਲਈ ਸਿਆਸਤਦਾਨਾਂ ਵੱਲੋਂ ਦੇਸ਼ ਵਿਰੋਧੀ ਨੀਤੀਆਂ ਬਣਾਈਆਂ ਜਾ ਰਹੀਆਂ ਹਨ।

ਲੋਕਾਂ ਦੀਆਂ ਵੋਟਾਂ ਲੈ ਕੇ ਸਤ੍ਹਾ 'ਤੇ ਬਿਰਾਜਮਾਨ ਅਤੇ ਸੱਤਾ ਵਿਹੂਣੇ ਲੀਡਰ ਆਪਣੇ ਨਿੱਜ ਲਈ ਪਾਰਟੀਆਂ ਬਦਲਣ ਵੇਲੇ ਕਿਵੇਂ ਲੋਕਾਂ ਦੇ ਅੱਖੀ ਘੱਟਾ ਪਾ ਰਹੇ ਹਨ, ਸਾਰਾ ਦੇਸ਼ ਵੇਖ ਰਿਹਾ ਹੈ। ਸਾਰੀਆਂ ਪਾਰਟੀਆਂ ਵਿੱਚ ਆਪਣਾ ਰਾਜ ਸਥਾਪਿਤ ਕਰਨ ਲਈ ਕਿਵੇਂ ਇੱਕ ਦੂਜੀ ਪਾਰਟੀ ਦੇ ਵਿਧਾਇਕ, ਐੱਮ ਪੀ ਆਦਿ ਨੂੰ ਧਮਕਾਉਣ ਜਾਂ ਖਰੀਦੋ ਫਰੋਖਤ ਕਰਨ ਦੀ ਦੌੜ ਚੱਲ ਰਹੀ ਹੈ, ਵੀ ਕੋਈ ਲੁਕੀ ਛਿਪੀ ਗੱਲ ਨਹੀਂ ਰਹੀ। ਕਿਵੇਂ ਰਾਜ ਸੱਤਾ 'ਤੇ ਬਣੇ ਰਹਿਣ ਲਈ ਸਰਕਾਰੀ ਏਜੰਸੀਆਂ ਦੀ ਦੁਰਵਰਤੋਂ ਕਰਕੇ ਵੱਡੀਆਂ ਕਾਰੋਬਾਰੀ ਕੰਪਨੀਆਂ ਪਾਸੋਂ ਡਰਾ ਧਮਕਾ ਕੇ ਹਜ਼ਾਰਾਂ ਕਰੋੜ ਰੁਪਏ ਦੇ ਫੰਡ ਬਟੋਰੇ ਗਏ, ਜਿਸ ਨੂੰ ਮਾਨਯੋਗ ਸੁਪਰੀਮ ਕੋਰਟ ਨੇ ਗੈਰ ਕਾਨੂੰਨੀ ਕਰਾਰ ਦੇ ਕੇ ਸਿਆਸਤਦਾਨਾਂ ਦਾ ਭ੍ਰਿਸ਼ਟ ਚਿਹਰਾ ਬੇਨਕਾਬ ਕੀਤਾ ਹੈ, ਵੀ ਸਭ ਦੇ ਸਾਹਮਣੇ ਹੈ। ਦੂਜੇ ਪਾਸੇ ਦੇਸ਼ ਵਿੱਚ ਬੇਰੋਜ਼ਗਾਰੀ, ਭ੍ਰਿਸ਼ਟਾਚਾਰ, ਮਹਿੰਗਾਈ ਤੇ ਭੁੱਖਮਰੀ ਸਿਖ਼ਰ 'ਤੇ ਹੈ। ਸਰਕਾਰ 80 ਕਰੋੜ ਤੋਂ ਵੀ ਵੱਧ ਲੋਕਾਂ ਨੂੰ ਮੁਫ਼ਤ ਰਾਸ਼ਣ ਦੇਣ ਨੂੰ ਬੜੀ ਬੇਸ਼ਰਮੀ ਨਾਲ ਵੋਟਾਂ ਪ੍ਰਾਪਤ ਲਈ ਆਪਣੀ ਪ੍ਰਾਪਤੀ ਤਾਂ ਦੱਸ ਰਹੀ ਹੈ, ਪਰ ਉਹਨਾਂ ਲਈ ਰੋਜ਼ਗਾਰ ਦੇ ਪ੍ਰਬੰਧ ਕਰਨ ਪੱਖੋਂ ਚੁੱਪ ਹੈ। ਧਰਮ ਅਸਥਾਨਾਂ ਦੇ ਬਾਹਰ ਭਿਖਾਰੀਆਂ ਦੀਆਂ ਭੀੜਾਂ ਵੀ ਕਿਸੇ ਤੋਂ ਲੁਕੀਆਂ ਛਿਪੀਆਂ ਨਹੀਂ। ਇਹ ਗੱਲ ਵੀ ਚਿੱਟੇ ਦਿਨ ਵਾਂਗ ਸਪਸ਼ਟ ਹੋ ਚੁੱਕੀ ਹੈ ਕਿ ਧਰਮਾਂ ਅਤੇ ਸਿਆਸਤਦਾਨਾਂ ਦਾ ਆਪਸੀ ਕਿੰਨਾ ਗੂੜ੍ਹਾ ਸੰਬੰਧ ਹੈ ਜੋ ਕਿ ਇੱਕ ਦੂਜੇ ਦੇ ਸਹਿਯੋਗ ਨਾਲ ਲੋਕਾਂ ਨੂੰ ਮੂਰਖ ਬਣਾਉਣ ਲਈ ਆਪਣੀ ਸਾਂਝ ਬਰਕਰਾਰ ਰੱਖਦੇ ਹਨ।

ਇਹਨਾਂ ਹਾਲਾਤ ਵਿੱਚ ਦੇਸ਼ ਨੂੰ ਅਜਿਹੇ ਦੌਰ ਵਿੱਚੋਂ ਮੁਕਤ ਕਰਵਾਉਣ ਲਈ ਲੋਕਾਂ ਦੀ ਕੀ ਜ਼ਿੰਮੇਵਾਰੀ ਬਣਦੀ ਹੈ, ਦਾ ਮੁੱਦਾ ਬਹੁਤ ਧਿਆਨ ਦੀ ਮੰਗ ਕਰਦਾ ਹੈ। ਜਿਹੜੇ ਦੇਸ਼ ਵਾਸੀ ਅਜਿਹੀਆਂ ਸਿਆਸੀ ਪਾਰਟੀਆਂ ਅਤੇ ਧਰਮਾਂ ਦੇ ਵਖਰੇਵਿਆਂ ਵਿੱਚ ਉਲਝਕੇ ਇੱਕ ਦੂਜੇ ਦਾ ਖ਼ੂਨ ਵਹਾਉਣ ਤਕ ਚਲੇ ਜਾਂਦੇ ਹਨ, ਉਹਨਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਿਆਸੀ ਪਾਰਟੀਆਂ ਨੇ ਹਮੇਸ਼ਾ ਧਰਮ ਦੀ ਵਰਤੋਂ ਕਰਦਿਆਂ ਸਮਾਜ ਵਿੱਚ ਵੰਡੀਆਂ ਪਾ ਕੇ ਆਪਣੇ ਨਿੱਜੀ ਹਿਤਾਂ ਦੀ ਹੀ ਪੂਰਤੀ ਕੀਤੀ ਹੈ। ਦੇਸ਼ ਦੇ ਅਸਲ ਮੁਢਲੇ ਮੁੱਦੇ ਜਿਹਨਾਂ ਵਿੱਚ ਸਿੱਖਿਆ, ਬੇਰੋਜ਼ਗਾਰੀ, ਸਿਹਤ, ਗਰੀਬੀ, ਮਹਿੰਗਾਈ ਆਦਿ ਗਿਣਨਯੋਗ ਹਨ, ਵਿੱਚੋਂ ਕੋਈ ਵੀ ਕਿਸੇ ਦੇ ਏਜੰਡੇ 'ਤੇ ਨਹੀਂ। ਸਿਰਫ ਵੋਟਾਂ ਵੇਲੇ ਵਾਅਦੇ ਕਰ ਲਏ ਜਾਂਦੇ ਹਨ, ਪਰ ਰਾਜ ਗੱਦੀਆਂ ਸਾਂਭ ਲੈਣ ਬਾਅਦ ਜੋ ਕੁਝ ਲੋਕਾਂ ਨਾਲ ਵਾਪਰਦਾ ਹੈ, ਬਾਰੇ ਚਰਚਾ ਦੀ ਲੋੜ ਨਹੀਂ, ਸਭ ਜਾਣਦੇ ਹਨ। ਇਸ ਦੌਰ ਵਿੱਚ ਅਜਿਹੇ ਦੇਸ਼ ਵਿਰੋਧੀ ਰਾਜ ਪ੍ਰਬੰਧ ਲਈ ਜ਼ਿੰਮੇਵਾਰ ਸਿਆਸੀ ਪਾਰਟੀਆਂ ਅਤੇ ਧਰਮਾਂ ਦੀ ਮਿਲੀ ਭੁਗਤ ਨਾਲ ਖੇਡੀ ਜਾ ਰਹੀ ਖੇਡ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ। ਹਰ ਪਾਰਟੀ ਅਤੇ ਧਰਮਾਂ ਦੇ ਲੋਕਾਂ ਦੀਆਂ ਜੀਵਨ ਸਮੱਸਿਆਵਾਂ ਇੱਕੋ ਹਨ, ਇਸ ਕਰਕੇ ਲੋਕਾਂ ਨੂੰ ਸਿਆਸੀ ਪਾਰਟੀਆਂ ਅਤੇ ਧਰਮਾਂ ਦੀ ਰਾਜਨੀਤੀ ਤੋਂ ਉੱਪਰ ਉੱਠਕੇ ਆਪਸੀ ਭਾਈਚਾਰਕ ਅਤੇ ਜਥੇਬੰਦਕ ਸਾਂਝ ਬਣਾਕੇ ਇਹਨਾਂ ਨੂੰ ਚੁਣੌਤੀ ਦੇਣੀ ਪਏਗੀ। ਇਸ ਲਈ ਅੱਜ ਵੋਟਾਂ ਦੇ ਦੌਰ ਵਿੱਚ ਹਰ ਇੱਕ ਵੋਟਰ ਨੂੰ ਇਹ ਗੀਤ ''ਤੁਸੀਂ ਘੇਰ-ਘੇਰ ਪੁੱਛੋ ਵੋਟਾਂ ਪਾਉਣ ਵਾਲਿਓ, ਥੋਡਾ ਕਿਉਂ ਹੈ ਮੰਦਾ ਹਾਲ'' ਆਪਣੀ ਜ਼ਬਾਨ 'ਤੇ ਲਿਆ ਕੇ ਹਰ ਸਿਆਸੀ ਆਗੂ ਤੋਂ ਸਵਾਲ ਪੁੱਛਣ ਦੀ ਲੋੜ ਹੈ। ਜੇ ਇਸੇ ਜ਼ਿੰਦਗੀ ਵਿੱਚ ਇਸੇ ਧਰਤੀ ਨੂੰ ਸਵਰਗ ਬਣਾਉਣਾ ਚਾਹੁੰਦੇ ਹੋ ਤਾਂ ਦੇਸ਼ ਦੀ ਲੁੱਟ ਕਰਨ ਵਾਲੀ ਹਰ ਧਾਰਮਿਕ ਅਤੇ ਸਿਆਸੀ ਤਾਕਤ ਨੂੰ ਵੰਗਾਰਨ ਲਈ ਆਪਣੀ ਜਥੇਬੰਦਕ ਤਾਕਤ ਨੂੰ ਪੱਕਾ ਕਰਦਿਆਂ ਅੱਗੇ ਆਉਣਾ ਪਏਗਾ।



ਜਸਵੰਤ ਜ਼ੀਰਖ

### ਭਾਗ-21

# ਜੈਲਦਾਰ ਸੂਬਾ ਸਿੰਘ...





ਸੰਦੀਪ ਦਿਉੜਾ
843755666

ਅੱਜ ਸਵੇਰ ਤੋਂ ਹੀ ਸਾਰੇ ਪਿੰਡ ਵਿੱਚ ਪਾਣੀ ਦਾ ਛਿੜਕਾਉ ਕੀਤਾ ਜਾ ਰਿਹਾ ਸੀ। ਸਾਰਾ ਹੀ ਪਿੰਡ ਕਿਸੇ ਵੱਡੇ ਮੇਲੇ ਦੀ ਤਰ੍ਹਾਂ ਹੀ ਲੱਗ ਰਿਹਾ ਸੀ। ਸਵੇਰ ਤੋਂ ਹੀ ਰਿਸ਼ਤੇਦਾਰ, ਮਿੱਤਰ ਪਹੁੰਚ ਰਹੇ ਸਨ। ਕਾਰਾਂ ਖੜੀਆਂ ਕਰਨ ਲਈ ਅਲੱਗ ਥਾਂ ਬਣਾਈ ਗਈ ਸੀ। ਠੰਡੇ ਪਾਣੀ ਦੇ ਮੇਜ਼ ਕਿਤੇ ਚਾਹ, ਕੌਫ਼ੀ, ਗਰਮ- ਗਰਮ ਜਲੇਬੀਆਂ, ਪਕੌੜੇ, ਬਰਫ਼ੀ ਤੇ ਪਤਾ ਨਹੀਂ ਹੋਰ ਕਿੰਨਾ ਸਮਾਨ ,ਇੰਨਾ ਤਾਂ ਮਾੜੇ ਬੰਦੇ ਦੇ ਘਰੇ ਜੇ ਵਿਆਹ ਹੋਵੇ ਤਾਂ ਵੀ ਇੰਨਾ ਸਮਾਨ ਨਾ ਹੋਵੇ। ਇਕੱਠ ਵੀ ਇੰਨਾ ਹੋ ਗਿਆ ਸੀ.... ਸਾਰਿਆ ਦੀ ਸੋਚ ਤੋਂ ਵੀ ਕਿਤੇ ਵੱਧ........!! ਮੱਥਾ ਟੇਕਣ ਵਾਲਿਆਂ ਦੀਆਂ ਬਾਬੇ ਮੂਹਰੇ ਲਾਇਨਾਂ ਹੀ ਨਹੀਂ ਟੁੱਟ ਰਹੀਆਂ ਸਨ। ਲੰਗਰ ਵਾਲੇ ਪਾਸੇ ਉਸ ਤੋਂ ਵੀ ਵੱਧ ਭੀੜ ਸੀ ,ਜਿਵੇਂ ਕਿਸੇ ਨੇ ਘਰੇ ਰੋਟੀ ਪਕਾਈ ਹੀ ਨਹੀਂ ਸੀ, ਪਰ ਮੰਨ ਗਏ ਸੀ ਹਲਵਾਈ ਤੇ ਵਰਤਾਉਣ ਵਾਲਿਆਂ ਨੂੰ ਰੱਤਾ ਵੀ ਚੀਜ਼ ਘਟਣ ਦਿੱਤੀ ਹੋਵੇ। ਸਾਰੇ ਪਾਸੇ ਜੈਲਦਾਰ ਦੇ ਭੋਗ ਦੀਆਂ ਹੀ ਗੱਲਾਂ ਹੋ ਰਹੀਆਂ ਹਨ ਜਾਂ ਫਿਰ ਧੀਆਂ- ਦਮਾਦਾਂ ਦੀ ਵਾਹ -ਵਾਹ ਹੋ ਰਹੀ ਹੈਂ। ਦੂਜੇ ਪਾਸੇ ਮਹਿੰਦਰ ਆਪ ਵੀ ਰਿਸ਼ਤੇਦਾਰਾਂ ਵਾਂਗ ਪੰਡਾਲ ਵਿੱਚ ਹੀ ਬੈਠਾ ਸਭ ਕੁਝ ਦੇਖ ਰਿਹਾ ਸੀ। ਭੋਗ ਪੈਣ ਉਪਰੰਤ ਕਈ ਬੁਲਾਰੇ ਵੀ ਬੋਲੇ ਜਿਨ੍ਹਾਂ ਨੇ ਜੈਲਦਾਰ ਦੀਆਂ ਤਾਰੀਫਾਂ ਕੀਤੀਆਂ,( ਬੜਾ ਨਿੱਘੇ ਸੁਭਾਅ ਵਾਲਾ ਸੀ, ਹਰੇਕ ਦੇ ਦੁੱਖ- ਸੁੱਖ ਵਿੱਚ ਪਹੁੰਚਦਾ ਹੁੰਦਾ ਸੀ ਆਦਿ) ਬਹੁਤ ਕੁਝ ਬੋਲਿਆ। ਅੰਤ ਵਿੱਚ ਪਾਲੋ ਨੇ ਸਾਰੇ ਆਏ ਲੋਕਾਂ ਦਾ ਧੰਨਵਾਦ ਕੀਤਾ। ਉਸਨੇ ਪਿੰਡ ਦੇ ਗੁਰੂਦੁਆਰਾ ਸਾਹਿਬ ਲਈ ਇੱਕ ਲੱਖ ਰੁਪਏ, ਸਕੂਲ ਲਈ ਇੱਕ ਨਵੇਂ ਕਮਰੇ ਦੀ ਉਸਾਰੀ ਲਈ ਪੈਸੇ , ਬਿਰਧ ਆਸ਼ਰਮ ਲਈ ਇੱਕ ਕਮਰਾ, ਪਿੰਡ ਦੀ ਧਰਮਸ਼ਾਲਾ ਲਈ ਮੱਛੀ ਮੋਟਰ ਤੇ ਹੋਰ ਸਾਂਝੀਆਂ ਥਾਵਾਂ ਲਈ ਵੀ ਰੁਪਏ ਦਿੱਤੇ। ਜਿਵੇਂ -ਜਿਵੇਂ ਪਾਲੋ ਬੋਲੀ ਜਾ ਰਹੀ ਸੀ ਸਾਰੇ ਹੀ ਪਿੰਡ ਦੀਆਂ ਅੱਖਾਂ ਟੱਢੀਆਂ ਰਹਿ ਗਈਆਂ ਸਨ। ਭੀੜ ਵਿੱਚ ਕੁਝ ਬੰਦੇ ਤਾਂ ਪਾਲੋ ਦੀ ਦਲੇਰੀ ਦੀਆਂ ਤਾਰੀਫਾਂ ਕਰਦੇ ਨਹੀਂ ਥੱਕ ਰਹੇ ਸਨ ਤੇ ਕੁਝ ਕਹਿ ਰਹੇ ਸਨ ਧੀਆਂ ਦੇ ਕੰਨੋ ਕੀ ਮੈਲ ਜਾਂਦੀ ਹੈ, ਪਿਉ ਦਾ ਹੀ ਸਭ ਕੁਝ ਐਵੇਂ ਅੜੀ ਵਿੱਚ ਹੀ ਉਡਾਈ ਜਾ ਰਹੀਆਂ ਹਨ, ਬਈ ਜੇ ਦੋ ਰੁਪਏ ਭਰਾ ਕੋਲੇ ਰਹਿ ਜਾਣਗੇ ਤਾਂ ਕੀ ਮਾੜੀ ਗੱਲ ਹੈ..... ਕੁਝ ਬੋਲੇ ਮਹਿੰਦਰ ਨੇ ਵੀ ਕੋਈ ਚੰਗਾ ਤਾਂ ਨਹੀਂ ਕੀਤਾ ਜੈਲਦਾਰ ਨਾਲ..... ਕੋਈ ਇਹੋ ਜੇਹੀ ਵੀ ਔਲਾਦ ਹੁੰਦੀ ਹੈ ,ਜੋ ਪਿਉ ਆਖਰੀ ਸਾਹਾਂ ਤੇ ਹੋਵੇ ਤੇ ਪਤਾ ਵੀ ਲੈਣ ਨਾ ਜਾਵੇ। ਕੁਝ ਛੱਡੋ ਯਾਰ ਆਪਾਂ ਕੀ ਲੈਣਾ ਹੈ, "ਜੋ ਕਰੇਗਾ ਉਹੀ ਭਰੇਗਾ,"ਆਪਾਂ ਕੀ ਲੈਣਾ ਹੈ ਤੇ ਹੋਰ ਵੀ ਬਹੁਤ ਕੁਝ ਜਿੰਨੇ ਮੂੰਹ ਉਨੀਆਂ ਹੀ ਗੱਲਾਂ.... । ਹੌਲੀ ਹੌਲੀ ਰਿਸ਼ਤੇਦਾਰਾਂ ਨੂੰ ਛੱਡ ਕੇ ਬਾਕੀ ਲੋਕ ਵਾਪਸ ਚਲੇ ਗਏ। ਰਾਜ਼ਨ ਆਇਆ... ਬੀਬੀ ਜੀ ਭੋਜਨ ਵੱਧ ਗਿਆ ਹੈ,"ਉਸਦਾ ਕੀ ਕਰਨਾ ਹੈ?"

"ਉਹ ਸਾਰਾ ਅਨਾਥ ਆਸ਼ਰਮ ਪਹੁੰਚਾ ਦਿਉ, ਬੱਚੇ ਖਾਹ ਲੈਣਗੇ।"ਰਮਨ ਬੋਲੀ।

ਸਾਰੇ ਕਾਰ ਵਿਹਾਰ ਕਰਨ ਤੋਂ ਬਾਅਦ ਪਾਲੋ, ਰਮਨ ਤੇ ਹੋਰ ਸਾਰੇ ਹੀ ਮਹਿੰਦਰ ਤੇ ਕਰਮਜੀਤ ਨੂੰ ਛੱਡ ਕੋਠੀ ਚਲੇ ਗਏ ਤੇ ਇਹ ਦੋਵੇ ਆਪਣੀ ਹਵੇਲੀ।

ਘਰੇ ਵੜਦੇ ਹੀ ਮਾਮੇ ਨੇ ਪੁੱਛ ਲਿਆ, "ਪਾਲੋ ਹੁਣ ਫੇਰ ਕਿਵੇਂ ਕਰਨਾ ਹੈ?"

"ਕਾਹਦਾ ਮਾਮਾ ਤੇ ਕੀ ਕਰਨਾ ਹੈਂ......?"

"ਆਹ ਪੈਸਿਆਂ ਦਾ ਤੇ ਜਮੀਨ ਦਾ ਤੇ ਤੇਰੀ ਬੇਬੇ ਦਾ. ਹੋਰ ਕਿਸਦਾ....... ।"

"ਮਾਮਾ ਤੁਸੀ ਆਹ ਕੀ ਕਹਿ ਰਹੇ ਹੋ, ਪੈਸੇ ਤੇ ਜਮੀਨ ਸਾਰਾ ਕੁਝ ਹੀ ਅੱਜ ਤੋਂ ਸਾਡੀ ਬੇਬੇ ਦਾ ਹੀ ਹੈ... । ਇਹ ਜੈਲਦਾਰਨੀ ਹੈ ਜੈਲਦਾਰਨੀ......... ਦੂਜਾ ਬੇਬੇ ਦੀਆਂ ਧੀਆਂ ਜਿਉਂਦੀਆਂ ਹਨ ਅਜੇ.......।"

"ਮੇਰਾ ਇਹ ਮਤਲਬ ਨਹੀਂ ਪਾਲੋ ਮੈਂ ਤਾਂ...... ।"

"ਮਤਲਬ ਤਾਂ ਮਾਮਾ ਬਾਪੂ ਦੇ ਸਸਕਾਰ ਵਾਲੇ ਦਿਨ ਹੀ ਪਤਾ ਚੱਲ ਗਿਆ ਸੀ ਜਦੋਂ ਤੁਹਾਡੀ ਦੋਵੇਂ ਮਾਮਿਆਂ ਦੀ ਆਵਾਜ਼ ਹੀ ਨਹੀਂ ਨਿਕਲੀ ਸੀ..... ਬਾਕੀ ਇਨ੍ਹਾਂ ਗੱਲਾਂ ਵਿੱਚ ਕੁਝ ਨਹੀਂ ਪਿਆ, ਸਾਡੀ ਮਾਂ ਦਾ ਦਿਲ ਜਿਵੇਂ ਕਰੇ, ਉਵੇਂ ਕਰੇ ਕੋਈ ਬੰਦਿਸ਼ ਨਹੀਂ ਸਾਡੀ ਬੇਬੇ ਨੂੰ।"

"ਪਾਲੋ ਤੂੰ ਤਾਂ ਐਵੇਂ ਹੀ ਗੁੱਸਾ ਕਰੀ ਜਾਂਦੀ ਹੈ,"ਵੱਡਾ ਮਾਮਾ ਬੋਲਿਆਂ।

"ਠੀਕ ਹੈ ਮਾਮਾ... ਠੀਕ ਹੈ..... ।"

"ਬਾਕੀ ਅਸੀਂ ਕਹਿੰਦੇ ਸੀ.......ਅਸੀ ਥੋੜ੍ਹੇ ਦਿਨ ਨਸੀਬੋ ਭੈਣ ਨੂੰ ਨਾਲ ਆਪਣੇ ਪਿੰਡ ਲੈ ਜਾਦੇ ਹਾਂ। "ਛੋਟੇ ਮਾਮੇ ਨੇ ਆਖਿਆ।

"ਮਾਮਾ ਇਹ ਬੇਬੇ ਦੀ ਮਰਜ਼ੀ ਹੈ.... ਬੇਬੇ ਨੂੰ ਪੁੱਛੋ।"

"ਕਿਉ ਭਾਈ ਨਸੀਬੋ ਤੂੰ ਕੀ ਕਹਿੰਦੀ ਹੈ। "

"ਮੈਂ ਕੀ ਕਹਿਣਾ ਹੈ...... ਵੀਰ ਥੋੜ੍ਹੇ ਦਿਨ ਰੁੱਕ ਕੇ ਆ ਜਾਵਾਂਗੇ..... ਅਜੇ ਜੈਲਦਾਰ ਦਾ ਅਫ਼ਸੋਸ ਕਰਨ ਲੋਕ ਆਈ ਜਾਂਦੇ ਹਨ,..... ਘਰ ਖਾਲੀ ਹੋਵੇਗਾ ਤਾਂ ਚੰਗਾ ਨਹੀਂ ਲੱਗਦਾ।"

"ਚੱਲ ਚੰਗਾ ਭੈਣ, ਫਿਰ ਅਸੀ ਚੱਲਦੇ ਹਾਂ, ਤੂੰ ਆਪਣਾ ਖਿਆਲ ਰੱਖੀ(ਪਾਲੋ ਤੇ ਰਮਨ ਦੇ ਸਿਰ ਤੇ ਹੱਥ ਰੱਖ) ਅਸੀਂ ਫ਼ਿਰ ਆਵਾਂਗੇ ਸਤਿ ਸ੍ਰੀ ਅਕਾਲ.... ਸਤਿ ਸ੍ਰੀ ਅਕਾਲ "ਆਖ ਉਹ ਚਲੇ ਗਏ।

"ਬੇਬੇ ਤੈਨੂੰ ਬਿਲਕੁਲ ਵੀ ਘਬਰਾਉਣ ਦੀ ਲੋੜ ਨਹੀਂ ਹੈ ਇਹ ਆਪੇ ਹੀ ਦਿਨ ਵੰਡ ਤੇਰੇ ਕੋਲ ਆ ਜਾਇਆ ਕਰਨਗੀਆਂ. ਤੇਰੀਆਂ ਧੀਆਂ... ।"ਪਾਲੋ ਦਾ ਸਰਦਾਰ ਬੋਲਿਆ...

..."ਬਾਕੀ ਜੇ ਤੁਸੀ ਸਾਡੇ ਨਾਲ ਹੀ ਚੱਲ ਕੇ ਰਹੋਗੇ ਤਾਂ ਹੋਰ ਵੀ ਵਧੀਆ ਹੋ ਜਾਵੇਗਾ।"

"ਪੁੱਤ ਮੈਂ ਧੀ ਦੇ ਘਰ...... ।"

"ਛੱਡ ਬੇਬੇ ਕਿਹੜੇ ਸਮਿਆਂ ਦੀਆਂ ਗੱਲਾਂ ਕਰੀ ਜਾਂਦੀ ਹੈ, ਤੂੰ ਸਾਡੀ ਮਾਂ ਹੈ ਤੇ ਤੇਰਾ ਸਾਡੇ ਤੇ ਪੂਰਾ ਹੱਕ ਹੈ।"

"ਪਾਲੋ ਅਸੀ ਚੱਲਦੇ ਹਾਂ ਤੂੰ ਤੇ ਰਮਨ ਕੁਝ ਦਿਨ ਇੱਥੇ ਹੀ ਰਹੋ, ਫਿਰ ਜਿਵੇਂ ਠੀਕ ਲੱਗਾ ਕਰ ਲਵਾਂਗੇ, ਬਾਕੀ ਜੇ ਕੋਈ ਹਿਸਾਬ ਕਰਨ ਆਵੇ ਤਾਂ ਆਖ ਦਿਉ ਸਰਦਾਰ ਜੀ ਕੱਲ੍ਹ ਨੂੰ ਆ ਕੇ ਕਰ ਦੇਣਗੇ...... ਚੰਗਾ ਬੇਬੇ ਮੱਥਾ ਟੇਕਦੇ ਹਾਂ.....।"

"ਜਿਉਂਦੇ ਵੱਸਦੇ ਰਹੋ ਪਰਮਾਤਮਾ ਲੰਮੀਆਂ ਉਮਰਾਂ ਦੇਵੇ ਤੁਹਾਡੇ ਬੱਚੇ ਜੀਣ...... ।"ਬੇਬੇ ਨੇ ਇੱਕ ਹੀ ਸਾਹ ਵਿੱਚ ਢੇਰਾਂ ਅਸੀਸਾਂ ਦੇ ਦਿੱਤੀਆਂ।

"ਦੂਜੇ ਪਾਸੇ ਮਹਿੰਦਰ,"ਵੇਖ ਲਿਆ ਕਰਮਜੀਤ..... ਬਾਪੂ ਦੇ ਪੈਸਾ -ਪੈਸਾ ਕਰਕੇ ਜੋੜੇ ਰੁਪਏ ਕਿਵੇਂ ਦੋਵਾਂ ਹੱਥਾਂ ਨਾਲ ਲੁਟਾਈ ਜਾਂ ਰਹੀਆਂ ਹਨ.... ਜਿਵੇਂ ਖਜਾਨੇ ਮਿਲ ਗਏ ਹੋਣ........।"

"ਉਹਨਾਂ ਨੂੰ ਤਾਂ ਖਜਾਨੇ ਹੀ ਮਿਲੇ ਹਨ ........ਮਾੜੀ ਕਿਸਮਤ ਤਾਂ ਸਾਡੀ ਹੈ ਜਿੰਨਾ ਨੂੰ ਖੋਟਾ ਸਿੱਕਾ ਵੀ ਨਹੀਂ ਮਿਲਿਆ। ਆਖੇ ਗੁਰੂਦੁਆਰੇ ਸਾਹਿਬ ਨੂੰ,ਸਕੂਲ ਨੂੰ ,ਆਸਰਮਾਂ ਨੂੰ ਤੇ ਹੋਰ ਪਤਾ ਨਹੀਂ ਕਿਸ -ਕਿਸ ਨੂੰ ਭਰ -ਭਰ ਲਿਫਾਫੇ ਦੇ ਦਿੱਤੇ,......... ਸਾਡੇ ਵਾਰੀ ਹੀ ਜਾਨ ਨਿਕਲਦੀ ਸੀ.......... ਹੋਰ ਨਹੀਂ ਤਾਂ ਨਿਆਣਿਆਂ ਦੇ ਨਾਂ ਹੀ ਕੁਝ ਕਰ ਦਿੰਦੀਆਂ, ਉਹ ਵੀ ਤਾਂ ਬਾਪੂ ਦੇ ਕੁਝ ਲੱਗਦੇ ਹਨ ਪਰ ਨਹੀ ਚੰਗੀਆਂ ਬਨਣਾ ਸੀ ਪਿੰਡ ਵਿੱਚ ਬਣ ਗਈਆਂ....... ਸਾਨੂੰ ਪੁੱਛ ਕੇ ਦੇਖੋ ਕਿਵੇਂ ਅੰਦਰੋ ਅੱਗ ਬਿਨਾਂ ਹੀ ਸੜੀ ਜਾਣੇ ਹਾਂ।"

"ਬਾਪੂ ਤਾਂ ਬਾਪੂ ਬੇਬੇ .... ਬਾਪੂ ਦਾ ਵੀ ਸਿਰਾ ਨਿਕਲੀ..... ਮਜਾਲ ਹੈ ਧੀਆਂ ਨੂੰ ਕੁਝ ਬੋਲੀ ਹੋਵੇ..... ਚਿੱਟੇ ਲੀੜੇ ਪਾ ਸੱਜੇ ਕੇ ਬਹਿ ਗਈ ਸੀ। ਵੇਖ ਕਾਕੇ ਦੇ ਪਾਪਾ ਮੈਂ ਤਾਂ ਚਾਰ ਦਿਨ ਹੀ ਵੇਖਣੀ ਆ.. ....ਤੂੰ ਵੀ ਬੇਬੇ ਨਾਲ ਗੱਲ ਕਰਕੇ ਦੇਖ ਲਈ......ਨਹੀਂ ਤਾਂ ਮੈਂ ਸੱਦ ਲੈਣੇ ਨੇ ਪੇਕੇ ਫੇਰ ਐਵੇਂ ਤਿੰਨ ਪੰਜ ਨਾ ਕਰੀ।"

"ਚੁੱਪ ਕਰ ਜਾ ਬਹੁਤੀਏ ਸਿਆਣੀਏ ,ਅੱਗੇ ਕਿਹੜਾ ਪਿੰਡ ਆਪਣੇ ਸਿਹਰੇ ਬੰਨੀ ਜਾਦਾਂ ਹੈਂ, ਜੋ ਹੋਰ ਰੌਲਾ ਪਾਉਣ ਲੱਗੀ ਹੈ। ਮੈਂ ਆਪੇ ਇਕੱਲੀ ਬੇਬੇ ਨੂੰ ਵੇਖ ਕੇ ਗੱਲ ਕਰ ਲਵਾਂਗਾ। ਤੂੰ ਬਸ ਮੇਰਾ ਦਿਮਾਗ ਨਾ ਖਰਾਬ ਕਰ ...........ਤੇ ਮੈਨੂੰ ਪੇਟੀ ਵਿੱਚੋ ਕੱਢਕੇ ਬੋਤਲ ਫੜਾ ਦੇ,..... ਮੈਂ ਪਹਿਲਾਂ ਹੀ ਲੋਕਾਂ ਦੀਆਂ ਸੁਣ- ਸੁਣ ਮੱਚਿਆ ਪਿਆ।" (ਮਹਿੰਦਰ ਦਾਰੂ ਪੀਣ ਬਹਿ ਜਾਦਾਂ ਹੈ)

"ਤੈਨੂੰ ਤਾਂ ਪੀਣ ਦੀ ਅੱਗ ਲੱਗੀ ਰਹਿੰਦੀ ਹੈ,... ਉਹ ਦੋਵੇਂ ਮਿੱਠੀਆਂ -ਮਿੱਠੀਆਂ ਮਾਰ ਸਭ ਕੁਝ ਲੁੱਟ ਕੇ ਲੈ ਜਾਣਗੀਆਂ.......... ਫੇਰ ਵੇਖਦੀ ਹਾਂ ਕਿੱਥੋ ਝੁਲਸੇਗਾ.... ਬੋਲਦੀ -ਬੋਲਦੀ ਕਮਰੇ ਵਿੱਚੋ ਬਾਹਰ ਆ ਜਾਂਦੀ ਹੈ।

ਚੱਲਦਾ.....

# ਆਓ! ਮੁਹੱਬਤਾਂ ਦੀ ਬਾਤ ਪਾਈਏ...



'ਪ੍ਰੇਮ' ਮਨੁੱਖ ਦਾ ਵਿਹਾਰਕ ਪੱਖ ਹੈ। 'ਪ੍ਰੇਮ' ਸੱਚ ਦਾ ਮਾਰਗ ਹੈ ਅਤੇ ਸੱਚ ਦੇ ਮਾਰਗ'ਤੇ ਚੱਲਣ ਵਾਲੇ ਪਾਂਧੀ ਦਾ ਦ੍ਰਿੜ ਵਿਸ਼ਵਾਸ ਹੈ। 'ਪ੍ਰੇਮ' ਮਨੁੱਖ ਦੇ ਆਚਰਨ ਦੀ ਟੇਕ ਹੈ। 'ਪ੍ਰੇਮ' ਵਿਚ ਵਿਸ਼ਵਾਸ ਰੱਖਣ ਵਾਲੇ ਜੀਵ ਦੀ 'ਸੁਰਤ' ਅਤੇ 'ਮੱਤ' ਐਸੇ ਢਾਂਚੇ ਵਿਚ ਢਲ ਜਾਂਦੀ ਹੈ ਕਿ ਉਸ ਨੂੰ ਸਾਰੀ ਲੋਕਾਈ ਵਿਚ, ਸਾਰੇ ਜੀਆਂ ਵਿਚ ਅਤੇ ਸਮੁੱਚੀ ਕਾਇਨਾਤ ਦੀ ਹਰ ਸ਼ੈਅ ਵਿਚ, ਸਿਰਫ਼ ਤੇ ਸਿਰਫ਼ ਉਸ 'ਪ੍ਰਮਾਤਮਾਂ' ਦਾ ਹੀ ਰੂਪ ਨਜ਼ਰ ਆਉਣ ਲੱਗ ਜਾਂਦਾ ਹੈ। ਐਸੇ ਨੇਕ ਗੁਣਾ ਦੇ ਧਾਰਨੀ ਦਾ ਦੂਸਰਿਆਂ ਪ੍ਰਤੀ ਵਿਵਹਾਰ, ਕੁੱਲ ਦੁਨੀਆਂ ਪ੍ਰਤੀ ਨਜ਼ਰੀਆ ਅਤੇ ਸਾਰੀ ਸ੍ਰਿਸ਼ਟੀ ਪ੍ਰਤੀ ਵਿਚਾਰ 'ਪ੍ਰੇਮ' ਦੀ ਭਾਵਨਾ ਉੱਤੇ ਟਿਕਿਆ ਹੁੰਦਾ ਹੈ।

'ਪ੍ਰੇਮ', 'ਈਸ਼ਵਰ' ਹੈ! 'ਪ੍ਰੇਮ', 'ਸੱਚ' ਹੈ! 'ਪ੍ਰੇਮ', 'ਮਿੱਠਤ' ਹੈ! 'ਪ੍ਰੇਮ', 'ਖ਼ੇੜਾ' ਹੈ ਅਤੇ 'ਪ੍ਰੇਮ', 'ਨਿਮਰਤਾ' ਦਾ ਸੰਕਲਪ ਹੈ! 'ਪ੍ਰੇਮ' ਸਾਡੀ ਆਤਮਾਂ ਦੀਆਂ ਅੰਦਰਲੀਆਂ ਭਾਵਨਾਂਵਾ ਦਾ ਅਹਿਸਾਸ ਕਰਵਾਉਂਦਾ ਹੈ! ਇਹ ਤਾਂ ਬਸ,'ਪ੍ਰੇਮ' ਹੀ ਹੈ, ਜੋ ਆਜ਼ਾਦ ਪੰਛੀਆਂ ਨੂੰ ਬੰਧਕ ਬਣਾ ਲੈਂਦਾ ਹੈ ਅਤੇ ਬੰਧਕਾਂ ਨੂੰ ਅਜ਼ਾਦ ਕਰਵਾ ਦਿੰਦਾ ਹੈ! 'ਪ੍ਰੇਮ' ਸੰਸਾਰ ਦੀ ਸਭ ਤੋਂ ਵੱਡੀ ਸ਼ਕਤੀ ਹੈ! ਕੋਈ ਐਸੀ ਮੰਜ਼ਿਲ ਜੋ ਜ਼ਿੰਦਗੀ 'ਚ ਕਦੇ ਸੰਭਵ ਨਹੀਂ ਹੋ ਸਕਦੀ, ਉਹ 'ਪ੍ਰੇਮ' ਨਾਲ ਸੌਖਿਆਂ ਹੀ ਹਾਸਲ ਕੀਤੀ ਜਾ ਸਕਦੀ ਹੈ! 'ਪ੍ਰੇਮ' ਨਾਲ ਤਾਂ ਸਾਰਾ ਜਹਾਨ ਹੀ ਜਿੱਤਿਆ ਜਾ ਸਕਦਾ ਹੈ! ਅਸੀ ਸਾਰੇ 'ਆਤਮਾਂ' ਹਾਂ ਅਤੇ ਸਾਡੀ ਆਤਮਾਂ 'ਪ੍ਰਮਾਤਮਾਂ' ਦਾ ਅੰਸ਼ ਹੈ! 'ਪ੍ਰਮਾਤਮਾਂ' ਦਾ ਅੰਸ਼ ਹੋਣ ਕਾਰਨ, ਸਾਡੀ ਆਤਮਾਂ 'ਪ੍ਰੇਮ' ਹੈ! ਜਦਕਿ ਸਾਡਾ ਸਰੀਰ 'ਧਰਮ' ਹੈ! ਹਕੀਕਤਨ 'ਪ੍ਰਮਾਤਮਾਂ' ਦੀ ਜੋਤ ਹਮੇਸ਼ਾ 'ਧਰਮ' ਦੇ ਘਰ ਵਿਚ ਵਸਦੀ ਹੈ, ਜਿੱਥੇ ਸੁਦਾਮੇ ਦੇ 'ਪ੍ਰੇਮ' 'ਚ ਗੜੁੱਚ ਅਲੂਣਾ-ਸਾਗ, ਕ੍ਰਿਸ਼ਨ-ਮੁਰਾਰ ਵਰਗੇ ਭਗਵਾਨ ਨੂੰ ਖ਼ੀਰ-ਸਮਾਨ ਮਿੱਠਾ ਲੱਗਦਾ ਹੈ। 'ਧਰਮ' ਨਿਰੋਲ 'ਸੱਚ' ਹੈ ਅਤੇ 'ਧਰਮ' ਤੋਂ ਬਿਨਾਂ 'ਪ੍ਰੇਮ' ਅਸੰਭਵ ਹੈ। ਪ੍ਰਮਾਤਮਾਂ ਦੀ ਪ੍ਰਾਪਤੀ ਲਈ 'ਪ੍ਰੇਮ' ਜ਼ਰੂਰੀ ਹੈ ਅਤੇ ਪ੍ਰਮਾਤਮਾਂ ਨੂੰ ਪਾਉਣ ਲਈ ਸਾਨੂੰ ਆਪਣੇ-ਆਪ ਨੂੰ ਪਹਿਚਾਨਣਾ ਹੋਵੇਗਾ, 'ਪ੍ਰੇਮ' ਰੂਪੀ 'ਆਤਮਾਂ' ਨੂੰ ਜਾਣਨਾ ਪਵੇਗਾ।

ਅਸੀਂ ਸਾਰੇ 'ਜੀਵ' ਪ੍ਰਮਾਤਮਾਂ ਦੇ ਭਾਣੇ ਅੰਦਰ ਸਾਜੀ ਹੋਈ ਕੁਦਰਤ ਦਾ ਇਕ ਹਿੱਸਾ ਹਾਂ। 'ਪ੍ਰੇਮੀ' ਦੇ ਹਿਰਦੇ ਵਿਚ ਪ੍ਰਭੂ ਲਈ ਅਥਾਹ ਪ੍ਰੇਮ ਹੈ। ਪ੍ਰਮਾਤਮਾਂ ਨੂੰ ਪਿਆਰ ਕਰਨ ਵਾਲਾ 'ਮਨੁੱਖ' ਉਸ ਦੀ ਹਰ ਚੀਜ਼ ਨੂੰ 'ਪ੍ਰੇਮ' ਕਰਦਾ ਹੈ। ਕੁਦਰਤਨ, ਜਿਸ ਨਾਲ 'ਪ੍ਰੇਮ' ਹੋਵੇ, ਉਹ ਹਮੇਸ਼ਾਂ ਚੰਗਾ ਲੱਗਦਾ ਹੈ, ਆਪਣੇ-ਆਪ ਤੋਂ ਵੀ ਡਾਢਾ 'ਚੰਗਾ'! ਇਹ ਸੱਚ ਹੈ ਕਿ ਤੁਹਾਨੂੰ ਜੋ 'ਚੰਗਾ' ਲੱਗੇਗਾ, ਉਸ ਦਾ ਤੁਸੀ ਹਮੇਸ਼ਾਂ 'ਭਲਾ' ਲੋਚੋਗੇ। ਕਦੇ ਭੁੱਲ ਕੇ ਵੀ ਉਸ ਦਾ 'ਬੁਰਾ' ਨਹੀਂ ਸੋਚੋਗੇ। ਐਸਾ ਲੱਗਦਾ ਹੈ ਕਿ ਇਸ ਸ੍ਰਿਸ਼ਟੀ ਨੂੰ ਸਾਜਨ ਲਈ ਪ੍ਰਮਾਤਮਾਂ ਦੇ ਕਰੋੜਾਂ ਸਾਲ ਲੱਗੇ ਹੋਣਗੇ। ਉਸ ਸ਼ਹਿਨਸ਼ਾਹ ਦੀ ਕੁਦਰਤ ਅੱਗੇ ਸਭ ਨੀਂਵੇ ਹਨ। ਰੱਬ! ਸੋਹਣੇ ਦੀਆਂ ਸ਼ਾਹਕਾਰ ਰਚਨਾਵਾਂ ਵਿਚੋਂ ਸਭ ਤੋਂ ਸ੍ਰੇਸ਼ਟ ਰਚਨਾ 'ਮਨੁੱਖ' ਹੈ। ਇਹ ਉਸ 'ਪਰਵਰਦਗਾਰ' ਦਾ ਫਜ਼ਲ ਹੀ ਸਮਝੋ, ਕਿ ਉਹ ਸਭ ਤੋਂ ਜ਼ਿਆਦਾ 'ਮੁਹੱਬਤ' ਵੀ 'ਮਨੁੱਖਤਾ' ਨੂੰ ਹੀ ਕਰਦਾ ਹੈ। ਕਿੰਨਾਂ ਚੰਗਾ ਹੋਵੇ ਜੇਕਰ ਆਪਾਂ ਵੀ ਬਿਨਾਂ ਕਿਸੇ ਧਰਮ, ਮਜ਼੍ਹਬ, ਦੇਸ਼ ਜਾਂ ਕੌਮ ਦੀ ਭਾਵਨਾ ਦੇ ਇਕ-ਦੂਸਰੇ ਨਾਲ 'ਪ੍ਰੇਮ' ਦੀਆਂ ਗੰਢਾਂ ਪਾਕੇ 'ਮੁਹੱਬਤਾਂ' ਦੇ ਸੱਚੇ-ਸੁੱਚੇ ਅਸੂਲਾਂ ਦੀ ਬਾਤ ਪਾਈਏ! ਗੁਰੂ ਨਾਨਕ ਪਾਤਸ਼ਾਹ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਹੈ ਕਿ ਜਿਸ ਮਨੁੱਖ ਦਾ ਹਿਰਦਾ ਕਿਸੇ ਦੁਖੀ ਨੂੰ ਦੇਖ ਕੇ ਪਿਘਲਦਾ ਨਹੀਂ, ਉਸ ਦੇ ਦੁੱਖ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰਦਾ, ਉਸ ਲਈ ਕੁੱਝ ਕਰ ਸਕਣ ਲਈ ਉਤੇਜਿਤ ਹੀ ਨਹੀਂ ਹੁੰਦਾ, ਉਸ ਦੇ ਦੁੱਖਾਂ ਦਰਦਾਂ ਨੂੰ ਵੰਡਾਉਣ ਲਈ ਉਸ ਦੇ ਦਿਲ ਅੰਦਰ 'ਪ੍ਰੇਮ' ਦੀ ਭਾਵਨਾ ਹੀ ਨਹੀਂ ਪੈਦਾ ਹੁੰਦੀ, ਐਸੇ ਮਨੁੱਖ ਨੂੰ ਕਿਸੇ ਤਰ੍ਹਾਂ ਵੀ 'ਧਰਮੀ' ਅਖਵਾਉਂਣ ਦਾ ਕੋਈ ਹੱਕ ਹੀ ਨਹੀਂ ਹੈ।

ਹੁਣ, ਇਕ ਪਾਸੇ ਤਾਂ ਉਸ 'ਰੱਬ' ਦਾ ਕਰਮ ਦੇਖੋ! ਅਤੇ ਦੂਜੇ ਪਾਸੇ ਅਸੀ ਗੁਨਾਹਗਾਰ! ਇਨਸਾਨ ਕਿੰਨ੍ਹਾਂ ਬਦਲ ਗਿਆ ਹੈ? ਅੱਜ ਦੇ ਮਨੁੱਖ ਦੀ ਰੂਪ-ਰੇਖਾ ਕਿੰਨ੍ਹੀ ਨਿਰਲੱਜ ਤੇ ਬੇ-ਹਯਾ ਹੈ। ਮਨੁੱਖ ਦੇ ਭੇਸ ਵਿਚ, ਕਿੱਡਾ ਵੱਡਾ ਖ਼ੂੰ-ਖ਼ਾਰ ਜਾਨਵਰ ਬੰਦੇ ਦੇ ਅੰਦਰ ਛੁਪ ਕੇ ਬੈਠਾ ਹੋਇਆ ਹੈ, ਜਿਸ ਨੇ ਚੰਗੇ ਭਲੇ ਇਨਸਾਨਾਂ ਨੂੰ 'ਹੈਵਾਨ' ਬਣਾ ਕੇ ਰੱਖ ਦਿੱਤਾ ਹੈ। ਮਨੁੱਖੀ-ਫ਼ਿਤਰਤ ਨੇ ਸਾਨੂੰ, ਆਪਣੀ ਸੋਚ, ਵਿਸ਼ਾਲਤਾ, ਦਿਆਲਤਾ ਅਤੇ ਸਮਾਜਿਕ-ਸਾਂਝੀਵਾਲਤਾ ਦੀ ਜਾਚ ਭੁਲਾ ਦਿੱਤੀ ਹੈ। ਨਿੱਜੀ-ਸੁਆਰਥ ਅਤੇ ਲਾਲਚ ਆਪਣੇ ਖੰਭ ਖਿਲਾਰ ਕੇ ਉੱਚੇ ਅਸਮਾਨਾਂ ਵਿਚ ਉਡਾਰੀਆਂ ਮਾਰ ਰਹੇ ਹਨ। ਬੁਨਿਆਦੀ ਤੌਰ 'ਤੇ ਹਰ ਇਨਸਾਨ, 'ਇਨਸਾਨੀਅਤ-ਸਾਂਝਾਂ' ਤੋਂ ਕੋਹਾਂ ਦੂਰ ਹੁੰਦਾ ਜਾ ਰਿਹਾ ਹੈ। ਪਤਾ ਨਹੀਂ, ਅਸੀਂ ਕਿਉਂ ਭੁੱਲਦੇ ਜਾ ਰਹੇ ਹਾਂ ਕਿ ਆਪਾਂ ਸਾਰੇ 'ਏਕਤਾ' ਦੇ ਇਕ ਸਾਂਝੇ 'ਸੂਤਰ' ਵਿਚ ਬੱਝੇ ਹੋਏ ਹਾਂ। ਸਾਡੀ ਆਤਮਾਂ, 'ਪ੍ਰਮਾਤਮਾਂ' ਦਾ ਅੰਸ਼ ਹੋਣ ਕਾਰਨ, ਸਾਡਾ ਸਮੁੱਚੀ ਮਨੁੱਖਤਾ ਨਾਲ ਅਟੁੱਟ ਭਾਈਚਾਰਾ ਹੈ। ਉਹ ਪ੍ਰਮਾਤਮਾਂ ਸਾਡਾ ਸਾਰਿਆਂ ਦਾ 'ਪਿਤਾ' ਹੈ ਅਤੇ ਅਸੀਂ ਸਾਰੇ ਉਸ ਦੀ ਲਾਡਲੀ 'ਸੰਤਾਨ' ਹਾਂ। ਕਾਸ਼! ਪ੍ਰਮਾਤਮਾਂ ਇਨ੍ਹਾਂ ਆਤੰਕੀ ਤੇ ਹਕੀਕੀ ਜ਼ਿੰਦਗੀ ਤੋਂ ਭਟਕੇ ਹੋਏ ਬੰਦਿਆਂ ਦੇ ਕਠੋਰ ਮਨਾਂ ਅੰਦਰ, ਖ਼ੁਦਾ ਦੇ ਬੰਦਿਆਂ ਪ੍ਰਤੀ ਪ੍ਰੇਮ, ਭਾਵਨਾ, ਦਯਾ, ਮੋਹ, ਮੁਹੱਬਤ ਜੈਸੀ ਤੌਫ਼ੀਕ ਅਦਾ ਫ਼ੁਰਮਾਏ।

ਮਾਨਵਤਾ ਨਾਲ 'ਪ੍ਰੇਮ' ਕਰਨਾ, ਮਨੁੱਖ ਦਾ ਪਰਮ 'ਧਰਮ' ਹੈ। ਰੱਬ ਨੂੰ ਪਿਆਰ ਕਰਨ ਵਾਲਾ ਇਨਸਾਨ ਤਾਂ ਹਮੇਸ਼ਾਂ 'ਮੁਹੱਬਤਾਂ' ਦੀ ਬਾਤ ਪਾਉਂਦਾ ਹੈ।

ਜਿਹੜਾ ਬੰਦਾ ਮਾਨਵਤਾ ਨੂੰ ਪਿਆਰ ਨਹੀਂ ਕਰਦਾ, ਉਹ 'ਪ੍ਰਮਾਤਮਾਂ' ਦਾ ਆਸ਼ਕ ਨਹੀਂ ਹੋ ਸਕਦਾ। ਪ੍ਰਮਾਤਮਾਂ ਨੂੰ 'ਪ੍ਰੇਮ' ਕਰਨ ਵਾਲਾ ਇਨਸਾਨ, ਆਪਣੇ ਜੀਵਨ ਦੀਆਂ ਸਾਰੀਆਂ ਸ਼ਕਤੀਆਂ, ਮਾਨਵਤਾ ਦੇ 'ਪ੍ਰੇਮ' ਅਤੇ 'ਸੇਵਾ-ਸੰਭਾਲ' ਲਈ ਕੁਰਬਾਨ ਕਰ ਦਿੰਦਾ ਹੈ। ਬੱਸ! ਮੁਹੱਬਤ ਵਿਚ ਆਪਣਾ-ਆਪ ਨਿਸ਼ਾਵਰ ਕਰ ਦੇਣਾ ਹੀ ਸੱਚੇ 'ਪ੍ਰੇਮੀ' ਦੀ ਨਿਸ਼ਾਨੀ ਹੈ। ਧੁਰ-ਅੰਦਰ ਦੀ ਖ਼ੁਸ਼ੀ, ਮਨ ਦੀ ਨਿਰੰਤਰ ਪ੍ਰਸੰਨਤਾ, ਜੀਵਨ ਆਨੰਦ, ਸਦਾ ਪ੍ਰਸੰਨ- ਚਿੱਤ, ਛਲ-ਕਪਟ ਤੋਂ ਰਹਿਤ ਅਤੇ ਤੇਰ-ਮੇਰ ਤੋਂ ਨਿਰਲੇਪ ਹੋ ਕੇ, ਆਪਣੇ-ਬੇਗ਼ਾਨੇ ਸਾਰਿਆਂ ਦੇ ਰਾਹਾਂ ਵਿਚ 'ਖੁਸ਼ੀਆਂ-ਖੇੜਿਆਂ' ਅਤੇ 'ਹਾਸਿਆਂ' ਦੇ ਫੁੱਲ ਵਿਛਾਉਂਦੇ ਜਾਣਾਬਸ! ਇਹੀ ਸਾਡੇ ਦਰਵੇਸ਼ 'ਰਹਿਬਰਾਂ' ਦਾ ਪੈਗ਼ਾਮ ਹੈ। ਆਅ! ਸੰਸਾਰਕ ਦੁਖਾਂ ਤੋਂ ਛੁਟਕਾਰਾ ਪਾਉਣ ਲਈ 'ਪ੍ਰੇਮ' ਦੇ ਫ਼ਲਸਫ਼ੇ, ਜੀਵਨ-ਕਲਾ, ਜੀਵਨ-ਜੁਗਤੀ ਅਤੇ ਜੀਵਨ-ਜਾਚ ਨੂੰ ਅਪਣਾਈਏ, ਇਸ ਵਿਚ ਹੀ ਸਮੁੱਚੀ ਲੋਕਾਈ ਦਾ ਭਲਾ ਹੈ।



ਡਾ. ਪਰਗਟ ਸਿੰਘ 'ਬੱਗਾ'
(ਸਿੱਖ ਚਿੰਤਕ ਅਤੇ ਲੇਖਕ)
ਫੋਨ: 905 531 8901

# ਪੰਜਾਬੀ ਵਿਦਿਆਰਥੀਆਂ ਦੀਆਂ ਕੈਨੇਡਾ 'ਚ ਹਾਰਟ ਅਟੈਕ ਨਾਲ ਹੋ ਰਹੀਆਂ ਮੌਤਾਂ ਦੇ ਕਾਰਨ ਕੀ ਚਣੌਤੀਆਂ ???



ਕੈਨੇਡਾ ਵਿੱਚ ਬਹੁਤ ਸਾਰੇ ਨੌਜਵਾਨਾਂ ਦੀਆਂ ਅਚਾਨਕ ਮੌਤਾਂ ਹੋ ਰਹੀਆਂ ਹਨ, ਸਾਰਿਆਂ ਦੀ ਮੌਤ ਦੇ ਕਾਰਨ ਵੱਖੋ-ਵੱਖਰੇ ਹੋ ਸਕਦੇ ਹਨ, ਪਰ ਸ਼ਰਮਿੰਦਗੀ ਕਾਰਣ ਕਹਿ ਦਿੱਤਾ ਜਾਂਦਾ ਹੈ ਕਿ ਅਚਾਨਕ ਦਿਲ ਦਾ ਦੌਰਾ ਪੈ ਗਿਆ ਜਾਂ ਦਿਲ ਬੰਦ ਹੋ ਗਿਆ। ਉਸ ਵਕਤ ਇਹ ਕਹਿ ਕੇ ਲੋਕਾਂ ਨੂੰ ਚੁੱਪ ਕਰਵਾ ਦਿੱਤਾ ਜਾਂਦਾ ਹੈ. ਅਸਲ ਵਿੱਚ ਮੌਤ ਦੀ ਜਾਣਕਾਰੀ, ਮੌਤ ਤੋਂ ਕੁਝ ਮਹੀਨੇ ਬਾਅਦ, ਪੁਲਿਸ ਅਤੇ ਕੋਰਨਰ ਸਰਵਿਸ ਵਾਲਿਆਂ ਵੱਲੋਂ ਮ੍ਰਿਤਕ ਦੇ ਮਾਪਿਆਂ ਜਾ ਸਕੇ-ਸਬੰਧੀਆਂ ਨੂੰ ਦਿੱਤੀ ਜਾਂਦੀ ਹੈ, ਜੋ ਕਿ ਹਮੇਸ਼ਾ ਗੁਪਤ ਰਹਿੰਦੀ ਹੈ। ਜੇਕਰ ਪਿਛਲੇ ਸਾਲਾਂ ਦੌਰਾਨ ਇਸ ਤਰਾਂ ਮਾਰੇ ਗਏ ਨੌਜਵਾਨਾਂ ਦੀਆਂ ਪੋਸਟਮਾਰਟਮ ਦੀਆਂ ਰਿਪੋਰਟਾਂ ਨੂੰ ਘੋਖਿਆ ਜਾਵੇ ਜਾਂ ਮਾਪੇ ਖੁਦ ਇਸ ਬਾਰੇ ਦੱਸਣ ਕਿ ਕੀ ਹੋਇਆ ਹੈ, ਤਾਂ ਸਾਰੀ ਗੱਲ ਸਪੱਸ਼ਟ ਹੋ ਸਕਦੀ ਹੈ ਪਰ ਅਜਿਹਾ ਹੋ ਨਹੀਂ ਰਿਹਾ। ਦਰਅਸਲ, ਸ਼ਰਮਿੰਦਗੀ ਦੇ ਮਾਰਿਆਂ ਲੋਕਾਂ ਕੋਲੋਂ, ਸੱਚ ਲੁਕੋਇਆ ਜਾਂਦਾ ਹੈ। ਪਰ ਜੋ ਨਾਲ ਦੇ ਦੋਸਤ ਮਿੱਤਰ ਹੁੰਦੇ ਹਨ ਉਹ ਦੱਸ ਦਿੰਦੇ ਹਨ ਕਿ ਮੌਤ ਦਾ ਕੀ ਕਾਰਨ ਬਣਿਆ। ਹੁੰਦਾ ਇਹ ਹੈ ਕਿ ਇੰਡੀਆ ਵਿਚ ਜਿਹੜੇ ਜ਼ਿਆਦਾਤਰ ਅਫੀਮ ਜਾਂ ਭੰਗ ਖਾਂਦੇ ਹਨ ਉਸ ਵਿਚ ਕੋਈ ਮਿਲਾਵਟ ਨਹੀਂ ਹੁੰਦੀ ਏਥੇ ਕੈਨੇਡਾ ਵਿੱਚ ਵਿਕਣ ਵਾਲ਼ੇ ਨਸ਼ਿਆਂ ਵਿੱਚ ਮਿਲਾਵਟ ਜ਼ਿਆਦਾ ਹੋਣ ਕਰਕੇ ਪਤਾ ਹੀ ਨਹੀਂ ਲੱਗਦਾ ਕਿ ਕਦੋਂ ਓਵਰਡੋਜ਼ ਹੋ ਜਾਂਦੀ ਹੈ। ਇਸ ਕਰਕੇ ਬਿਨਾਂ ਜਾਣਕਾਰੀ ਤੋ ਥੋੜ੍ਹੀ ਮਾਤਰਾ ਵਿਚ ਲਿਆ ਗਿਆ ਨਸ਼ਾ ਵੀ ਓਵਰਡੋਜ਼ ਦਾ ਕਾਰਨ ਬਣ ਜਾਂਦਾ ਹੈ, ਜਿਸ ਵਿੱਚ ਸੁੱਤੇ ਪਿਆਂ ਦਿਲ ਦੀ ਧੜਕਣ ਰੁਕ ਜਾਂਦੀ ਹੈ। ਕੋਰਨਰ ਸਰਵਿਸ ਦੀ ਰਿਪੋਰਟ ਵਿੱਚ ਵੀ ਲਿਖਿਆ ਹੁੰਦਾ ਕਿ ਮੈਡੀਕਲ ਕਾਰਨ ਕਰਕੇ ਦਿਲ ਦੀ ਧੜਕਣ ਰੁਕ ਗਈ। ਕੋਨੇ ਵਿਚ ਜਾਂ ਲਕਵਾਂ ਜਿਹਾ ਓਵਰਡੋਜ਼ ਦਾ ਵੀ ਜਿਕਰ ਕੀਤਾ ਗਿਆ ਹੁੰਦਾ। ਇਸ ਕਰਕੇ ਜ਼ਿਆਦਾਤਰ ਲੋਕ ਹਾਰਟ ਅਟੈਕ ਜਾਂ ਕਹਿ ਦਿੰਦੇ ਹਨ ਕਿ ਸੁੱਤਾ ਰਹਿ ਗਿਆ।

ਇਥੇ ਜਿਆਦਾਤਰ ਹੈਰੋਇਨ, ਅਫੀਮ, ਭੰਗ ਦੀ ਓਵਰਡੋਜ ਮੌਤ ਦਾ ਕਾਰਨ ਬਣਦੇ ਹਨ। ਮ੍ਰਿਤਕ ਕਈ ਵਾਰ ਇਹ ਨਸ਼ਾ ਆਪਣੀ ਮਰਜ਼ੀ ਨਾਲ ਕਰਦਾ ਹੈ ਜਾਂ ਗਲਤ ਸੰਗਤ ਵਿਚ ਪੈ ਕੇ ਜਾ ਨਾਲਦਿਆਂ ਦੇ ਪ੍ਰਭਾਵ ਹੇਠ ਜਾਂ ਦਬਾਅ ਵਿੱਚ ਆਏ ਕਰਦੇ ਹਨ, ਕਈ ਵਾਰ ਉਹਨਾਂ ਦੀ ਮਾਨਸਿਕ ਸਥਿਤੀ ਹੀ ਐਨੀ ਕਮਜ਼ੋਰ ਹੁੰਦੀ ਹੈ ਕਿ ਉਹਨਾਂ ਨੂੰ ਪਤਾ ਹੀ ਨਹੀਂ ਲੱਗਦਾ ਕਿ ਉਹ ਕੀ ਕਰ ਰਹੇ ਹਨ।

ਇਸ ਬਾਰੇ ਕੁਝ ਸਪੱਸ਼ਟ ਕਹਿਣਾ ਬੜਾ ਔਖਾ ਹੈ ਕਿ ਕਿਹਨਾਂ ਹਾਲਾਤਾਂ ਵਿੱਚ ਉਹ ਨਸ਼ਾ ਕਰਨ ਲੱਗਦੇ ਹਨ, ਪਰ ਇਹੀ ਵੱਡਾ ਕਾਰਨ ਹੁੰਦਾ ਹੈ ਹਰ ਮਹੀਨੇ ਦਰਜਨਾਂ ਨੌਜਵਾਨ ਮੁੰਡੇ ਅਤੇ ਕੁੜੀਆਂ ਦੀ ਹਸਪਤਾਲ ਵਿੱਚ ਮੌਤ ਹੋ ਜਾਂਦੀ ਹੈ, ਜੋ ਓਵਰਡੋਜ ਕਾਰਨ ਹਸਪਤਾਲ ਪਹੁੰਚਦੇ ਹਨ। ਇਹ ਗੱਲਾਂ ਇਸ ਕਰਕੇ ਦਬੀਆਂ ਰਹਿ ਜਾਂਦੀਆਂ ਹਨ, ਕਿਉਕਿ, ਕੋਈ ਵੀ ਨਹੀਂ ਚਾਹੁੰਦਾ ਕਿ ਸਾਡਾ ਭਾਈਚਾਰਾ ਬਦਨਾਮ ਹੋਵੇ, ਪਰ ਡਾਕਟਰ ਅਤੇ ਨਰਸਾ ਮੀਡੀਏ ਦੇ ਪੁੱਛਣ 'ਤੇ ਅਤੇ ਜਾਨਣ ਵਾਲਿਆਂ ਨੂੰ ਵਾਰ-ਵਾਰ ਇਹੀ ਕਹਿੰਦੇ ਹਨ ਕਿ ਨੌਜਵਾਨਾਂ ਨੂੰ ਜਾਗਰੂਕ ਕਰੋ, ਸਿਉਕਿ, ਓਵਰਡੋਜ ਦਾ ਕੰਮ ਬਹੁਤ ਵਧ ਗਿਆ ਹੈ। ਜਿਹੜਾ ਇਨਸਾਨ ਪਹਿਲੀ ਵਾਰ ਇਹੋ ਜਿਹਾ ਨਸ਼ਾ ਕਰਦਾ ਹੈ, ਉਸ ਦੇ ਓਵਰਡੋਜ਼ ਹੋਣ ਤੇ ਮੌਤ ਦੇ ਮੌਕੇ ਵਧੇਰੇ ਨਸ਼ੇ ਮੌਕੇ ਵਧੇਰ ਹੁੰਦੇ ਹਨ. ਕਈ ਵਾਰ ਪਾਰਟੀਆਂ ਕਰਨ ਦੇ ਚੱਕਰ ਵਿਚ ਜਾਂ ਕਿ ਇਹ ਨਸ਼ਾ ਕਿਹੋ ਜਿਹਾ ਹੈ ਸਿਰਫ ਜਾਨਣ ਦੀ ਉਤਸੁਕਤਾ ਵਿਚ ਹੀ ਨੌਜਵਾਨ ਓਵਰਡੋਜ਼ ਹੋ ਜਾਂਦੇ ਹਨ। ਨਸ਼ਿਆਂ ਵਿਚ ਮਿਲਾਵਟ ਹੋਣ ਕਾਰਣ, ਉਸ ਨਸ਼ੇ ਦੀ ਮਾਤਰਾ ਦਾ ਅੰਦਾਜ਼ਾ ਲਗਾਉਣਾ ਔਖਾ ਹੁੰਦਾ ਹੈ।

ਮੀਡੀਏ ਰਾਹੀ ਲੋਕਾਂ ਨੂੰ ਜਾਗਰੂਕ ਕਰਨ ਲਈ ਵੱਖ ਵੱਖ ਅਦਾਰਿਆਂ ਵੱਲੋ ਸਮੇਂ ਸਮੇਂ 'ਤੇ ਆਵਾਜ਼ ਉਠਾਈ ਜਾਂਦੀ ਹੈ ਕਿ ਨਸ਼ੇ ਨਾ ਕਰੋ। ਕਿਉਕਿ, ਮਿਲਾਵਟ ਬਹੁਤ ਹੋ ਰਹੀ ਹੈ, ਫੈਟਾਨਿਲ ਨੇ ਬਹੁਤ ਮਾਰ ਦਿੱਤੇ ਪਰ ਕੋਈ ਸੁਣਦਾ ਹੀ ਨਹੀਂ ਕਈਆਂ ਨੂੰ ਖਰਚ ਪੂਰੀ ਕਰਨ ਲਈ ਕੰਮ ਸਖ਼ਤ ਕਰਨਾ ਪੈਂਦਾ। ਕਈ ਸਖਤ ਕੰਮ ਕਰਨ ਲਈ ਅਤੇ ਸਰੀਰ ਦੀ ਥਕਾਵਟ ਦੂਰ ਕਰਨ ਲਈ ਨਸ਼ਿਆਂ ਦੀ ਵਰਤੋ ਕਰਨ ਲੱਗ ਜਾਂਦੇ ਹਨ ਤੇ ਫਿਰ ਹੌਲੀ ਹੌਲੀ ਪੱਕੇ ਨਸ਼ਿਆਂ 'ਤੇ ਲੱਗ ਜਾਂਦੇ ਹਨ ਹਰੇਕ ਦਾ ਸਰੀਰ ਵੱਖੋ ਵੱਖਰਾ, ਕੋਈ ਥੋੜ੍ਹੇ ਜਿਹੇ ਨਸ਼ੇ ਨਾਲ ਵੀ ਓਵਰਡੋਜ਼ ਹੋ ਸਕਦਾ ਤੇ ਕਈ ਬਹੁਤ ਸਾਰਾ ਨਸ਼ਾ ਕਰਕੇ ਵੀ ਬਚ ਜਾਂਦੇ ਹਨ, ਪਤਾ ਸਭ ਨੂੰ ਹੈ ਕਿ ਆਲੇ-ਦੁਆਲੇ ਕੀ ਹੋ ਰਿਹਾ, ਪਰ ਇਸ ਬਾਰੇ ਕੋਈ ਬੋਲਦਾ ਨਹੀਂ। ਨਸ਼ਾ ਆਮ ਵਿਕਦਾ ਹੈ, ਭੰਗ ਵਰਗੇ ਸਟਰੀਟ ਨਸ਼ਿਆਂ ਦੀਆਂ ਡਿਸਪੈਂਸਰੀਆਂ ਕੈਨੇਡਾ ਵਿਚ ਆਮ ਖੁਲ੍ਹ ਗਈਆਂ ਹਨ, ਜਿਸ ਨਾਲ ਬੱਚਿਆਂ ਨੂੰ ਇਹ ਅਸਾਨੀ ਨਾਲ ਮਿਲ ਜਾਂਦਾ ਇਕ ਗੱਲ ਹੋਰ ਇਥੇ ਮਾਨਸਿਕ ਤਣਾਅ ਬਹੁਤ ਹੈ, ਪੜ੍ਹਾਈ ਤੇ ਬਾਕੀ ਕੰਮਾਂ ਦੀ ਜ਼ੁੰਮੇਵਾਰੀ ਜਦੋਂ 'ਆਣ ਪੈਂਦੀ ਹੈ ਤਾਂ ਵੀ ਨੌਜਵਾਨ ਨਸ਼ੇ ਕਰਨ ਲੱਗ ਜਾਦੇ ਜਾਂ ' ਜਾਂ ਫਿਰ ਖੁਦਕੁਸ਼ੀ ਵੱਲ ਨੂੰ ਹੋ ਤੁਰਦੇ ਹਨ। ਇਕੱਲੇ ਰਹਿ ਰਹੇ ਬੱਚਿਆਂ ਨੂੰ ਰੋਕਣ ਟੋਕਣ ਵਾਲਾ ਕੋਈ ਨਹੀਂ ਹੁੰਦਾ, ਕੈਨੇਡਾ ਨਵੇਂ ਆਏ ਬੱਚਿਆਂ ਨੂੰ ਨਵੇਂ ਮਹੌਲ ਵਿਚ ਰਚਣ ਮਿਚਣ ਨੂੰ ਵੀ ਸਮਾਂ ਲਗਦਾ, ਜਿਹੜੇ ਬੱਚੇ ਦੂਜਿਆਂ ਨਾਲ ਘੁਲ ਮਿਲ ਨਹੀਂ ਪਾਉਂਦੇ, ਉਹ ਇਕਲਾਪੇ ਦਾ ਸ਼ਿਕਾਰ ਹੋ ਜਾਦੇ ਹਨ, ਜਿਸ ਨਾਲ ਉਹ ਮਾਨਸਿਕ ਤਨਾਅ ਵਰਗੀ ਬਿਮਾਰੀ ਦਾ ਸ਼ਿਕਾਰ ਹੋ ਜਾਂਦੇ।

ਪਹਿਲਾਂ ਪਹਿਲ ਆਇਆਂ ਨੂੰ ਤਾਂ ਕੈਨੇਡਾ ਮੁਲਕ ਸਵਰਗ ਵਰਗਾ ਲੱਗਦਾ, ਜਦੋ ਅਸਲੀਅਤ ਦਾ ਸਾਹਮਣਾ ਕਰਨਾ ਪੈਂਦਾ ਤਾਂ ਬੱਚਿਆਂ ਕੋਲੋ ਐਨਾ ਕੁਝ ਸੰਭਾਲਣਾ ਮੁਸ਼ਕਿਲ ਹੋ ਜਾਂਦਾ ,ਕੰਮ ਲੱਭਣਾ, ਕਈ ਵਾਰ ਕੰਮ ਨਹੀਂ ਮਿਲਦਾ, ਕਈ ਵਾਰ ਕੰਮ ਮਿਲ ਵੀ ਜਾਂਦਾ ਪਰ ਜਦੋ ਮਾਲਕ ਕੰਮ ਕਰਾ ਕੇ ਪੈਸੇ ਨਹੀਂ ਦਿੰਦੇ ਜਾਂ ਘੱਟ ਪੈਸੇ ਦਿੰਦੇ ਹਨ. ਆਵਾਜ ਉਠਾਉਣ 'ਤੇ ਕੰਮ ਦੇ ਮਾਲਕਾਂ ਵੱਲੋ ਕੰਮ ਤੋ ਕੱਢਣ ਜਾਂ ਵਾਪਸ ਭਾਰਤ ਭੇਜਣ ਦੀ ਧਮਕੀ ਦੇ ਡਰੋ ਚੁੱਪ ਕਰ ਕੇ ਬੈਠ ਜਾਣਾ, ਕੰਮਾਂ 'ਤੇ ਮਾਨਸਿਕ ਦੇ ਨਾਲ ਨਾਲ ਸਰੀਰਕ ਸੋਸਣ ਹੋਣਾ, ਮਹਿੰਗਾਈ ਵਧ ਹੋਣ ਕਾਰਣ ਰੈਂਟ ਦੇਣ ਦਾ ਤਣਾਅ, ਗਰੌਸਰੀ ਦਾ ਖਰਚਾ ਪੱਕੇ ਹੋਣ ਦੀ ਪ੍ਰੇਸ਼ਾਨੀ, ਘਰਦਿਆਂ ਦੀਆਂ ਮੰਗਾ ਜਾਂ ਉਹਨਾਂ ਦੀਆਂ ਆਸਾਂ 'ਤੇ ਪੂਰਾ ਉਤਰਨ ਦਾ ਡਰ ਬਾਰਾਂ ਪਾਸ ਬੱਚੇ 16- 17 ਸਾਲ ਦੀ ਉਮਰ ਵਿਚ ਅਜੇ ਬਚਪਨਾ ਹੀ ਤਾਂ ਹੁੰਦਾ, ਘੱਟੋ ਘੱਟ, 25 ਸਾਲ ਦੀ ਉਮਰ ਤੱਕ ਬੱਚਾ ਮਾਨਸਿਕ ਅਤੇ ਸਰੀਰਕ ਪੱਖ ਤੋਂ ਪੂਰੀ ਤਰ੍ਹਾਂ ਵਿਕਸਿਤ ਹੁੰਦਾ ਹੈ। ਚੰਗੇ ਮਾੜੇ ਦਾ ਫੈਸਲਾ ਲੈਣਾ ਉਹਨਾਂ ਲਈ ਬਹੁਤ ਔਖਾ ਹੁੰਦਾ, ਇਹ ਉਮਰ ਹੀ ਇਹੋ ਜਿਹੀ ਹੈ ਕਿ ਇਹਨਾਂ ਨੂੰ ਕੋਈ ਵੀ ਵਰਗਲਾ ਕੇ ਕੁਝ ਵੀ ਕਰਵਾ ਸਕਦਾ ਬਾਕੀ ਬੱਚੇ ਦੀ ਪਰਵਰਿਸ਼ 'ਤੇ ਵੀ ਨਿਰਭਰ ਕਰਦਾ ਕਈ ਬੱਚੇ ਸਮਝਦਾਰ ਹੁੰਦੇ ਉਹ ਔਖ ਸੌਖ ਹੋ ਕੇ ਕੱਟ ਲੈਂਦੇ ਹਨ , ਪਰ ਜਿਹੜੇ ਬੱਚੇ ਮਾਪਿਆਂ ਨੇ ਬਹੁਤ ਲਾਡਲੇ ਰੱਖੇ ਹੁੰਦੇ ਹਨ ਉਹ ਕਈ ਵਾਰ ਡੋਲ ਜਾਂਦੇ ਹਨ।

ਇਥੇ ਆ ਕੇ ਮਹਿੰਗੀਆਂ ਕਾਰਾ, ਮਹਿੰਗੇ ਵਿਆਜ ਦਰਾਂ ਤੇ ਲੈ ਕੇ, ਮੁੜ ਕੇ ਕਿਸਤਾਂ ਨਹੀਂ ਦੇ ਹੁੰਦੀਆਂ ਅਤੇ ਫਿਰ ਤਰੀਕੇ ਭਾਲਣੇ ਕਿ ਕਿਤਿਓਂ ਸੌਖੇ ਤਰੀਕੇ ਨਾਲ ਪੈਸਾ ਬਣ ਜਾਵੇ। ਉਸ ਵੇਲੇ ਨਸ਼ੇ ਵੇਚਣ ਵਰਗਾ ਤਰੀਕਾ ਆਸਾਨ ਲਗਦਾ ਹੈ। ਸਿਰਫ਼ ਅੰਤਰ-ਰਾਸ਼ਟਰੀ ਵਿਦਿਆਰਥੀ ਹੀ ਨਹੀਂ, ਕੈਨੇਡਾ ਦੇ ਜੰਮ-ਪਲ ਬੱਚਿਆਂ ਦਾ ਵੀ ਰੁਝਾਨ ਇਸ ਪਾਸੇ ਬਹੁਤ ਹੈ। ਡਰੱਗ ਵੇਚਣ ਵਾਲਿਆਂ ਕੋਲ ਇਹਨਾਂ ਬੱਚਿਆਂ ਨੂੰ ਭਰਮਾਉਣ ਦੇ ਬੜੇ ਢੰਗ ਹੁੰਦੇ ਹਨ।

ਸੋਲਾਂ ਸਤਾਰਾਂ ਸਾਲ ਉਮਰ ਬਹੁਤ ਛੋਟੀ ਹੈ. ਇਸ ਕਰਕੇ ਬੱਚੇ ਨੂੰ ਬਾਰ੍ਹਵੀਂ ਕਲਾਸ ਤੋ ਅੱਗੇ ਪੜ੍ਹਾਓ. ਕੋਈ ਹੁਨਰ ਸਿਖਾਓ ਤਾਂ ਕਿ ਉਸ ਨੂੰ ਜਿਆਦਾ ਮੁਸ਼ਕਿਲਾਂ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਉਹ ਉਮਰ ਦੇ ਹਿਸਾਬ ਨਾਲ ਥੋੜ੍ਹਾ ਜਿਹਾ ਸਿਆਣਾ ਅਤੇ ਸਮਝਦਾਰ ਵੀ ਹੋ ਜਾਵੇ। ਜੇ ਬੱਚਾ ਬਾਹਰ ਜਾਣ ਦੀ ਜਿਦ ਕਰਦਾ ਤਾਂ ਉਸਨੂੰ ਸਮਝਾਵੋ, ਜਜਬਾਤੀ ਜਾਂ ਭਾਵੁਕ ਹੋ ਕੇ ਕੀਤੇ ਗਏ ਫੈਸਲੇ ਕਈ ਵਾਰ ਬਹੁਤ ਨੁਕਸਾਨ ਕਰਦੇ ਹਨ। ਇਹ ਉਮਰ ਹੀ ਇਹੋ ਜਿਹੀ ਹੈ ਕਿ ਬੱਚੇ ਲਈ ਇਸ ਉਮਰ 'ਚ ਠੀਕ ਗਲਤ ਦਾ ਫੈਸਲਾ ਕਰਨਾ ਬਹੁਤ ਮੁਸ਼ਕਿਲ ਹੁੰਦਾ ਹੈ। ਬਹੁਤੇ ਪਰਿਵਾਰਾਂ ਵਿੱਚ ਅੱਜ ਕੱਲ੍ਹ ਸਿਰਫ ਇੱਕ ਹੀ ਬੱਚਾ ਹੁੰਦਾ ਹੈ। ਉਹ ਵੀ ਅਸੀ ਬਾਹਰ ਭੇਜ ਦਿੰਦੇ ਹਾਂ। ਕੈਨੇਡਾ ਭੇਜਣ ਦੇ ਚੱਕਰ 'ਚ ਕਈ ਵਾਰ ਉਹ ਵੀ ਹੱਥੋ ਗੁਆ ਲੈਂਦੇ ਹਾਂ ਤੇ ਆਪਣਾ ਬੁਢਾਪਾ ਵੀ ਰੁਲ ਜਾਂਦਾ ਹੈ! ਆਏ ਦਿਨ ਖਬਰਾਂ ਆਉਂਦੀਆਂ ਕਿ ਫਲਾਣੇ ਵਿਦਿਆਰਥੀ ਦੀ ਮੌਤ ਹੋ ਗਈ। ਫਿਰ ਲਾਸ਼ ਪੰਜਾਬ ਭੇਜਣੀ, ਉਸ ਲਈ 'ਗੋ ਫੰਡ ਮੀ ਦਾ ਪ੍ਰਬੰਧ ਕਰਨਾ ਭਾਈਚਾਰੇ ਦੇ ਲੋਕਾਂ ਵੱਲੋ ਕਈ ਸੰਸਥਾਵਾਂ ਵੱਲੋ ਜਾਂ ਗੁਰੂਘਰ ਦੇ ਪ੍ਰਬੰਧਕਾਂ ਵਲੋ ਅੱਗੇ ਹੋ ਕੇ ਲਾਸ਼ ਭਾਰਤ ਭੇਜਣ ਲਈ ਇਕਜੁੱਟ ਹੋ ਕੇ ਮਦਦ ਕੀਤੀ ਜਾਂਦੀ ਹੈ. ਮਰਨ ਵਾਲਿਆਂ ਵਿਚ ਜਿਆਦਾਤਰ ਮੁੰਡੇ ਹੁੰਦੇ ਅਤੇ ਕੁੜੀਆਂ ਘਟ ਸਾਨੂੰ ਚਾਹੀਦਾ ਹੈ ਕਿ ਅਸੀ ਸੱਚ 'ਤੇ ਪਰਦਾ ਪਾਉਣ ਦੀ ਬਜਾਏ, ਇਸ ਗੱਲ ਦਾ ਕੋਈ ਹੱਲ ਲੱਭੀਏ, ਨਹੀਂ ਤਾਂ ਭਵਿੱਖ ਵਿੱਚ ਸਾਨੂੰ ਇਸ ਦਾ ਹੋਰ ਵੀ ਖਮਿਆਜਾ ਭੁਗਤਣਾ ਪੈ ਸਕਦਾ ਹੈ।

ਇਹੋ ਜਿਹੀਆਂ ਕਿੰਨੀਆਂ ਹੀ ਅਖ਼ਬਾਰਾਂ ਦੀਆਂ ਖ਼ਬਰਾਂ ਜਾਂ ਸੁਰਖੀਆਂ, ਰੋਜ਼ ਪੜ੍ਹਨ ਨੂੰ ਮਿਲਦੀਆਂ ਹਨ। ਅਤੇ ਦਿਲ ਪਸੀਜ ਕੇ ਰਹਿ ਜਾਂਦਾ ਹੈ, ਨਸ਼ੇ ਤੋ ਇਲਾਵਾ ਤੁਹਾਡਾ ਰਹਿਣ ਸਹਿਣ, ਤੁਹਾਡਾ ਬੇਹਾ, ਪੁਰਾਣਾ, ਖਾਣਾ ਖਾਣ ਨਾਲ, ਰੋਜ਼ ਸਸਤੇ ਫਾਸਟ ਫੂਡ ਖਾਣ ਨਾਲ, ਘੱਟ ਸੌਣਾ, ਨੀਂਦ ਪੂਰੀ ਨਾ ਹੋਣੀ, ਭੁੱਖੇ ਰਹਿ ਕੇ ਕੰਮ ਕਰੀ ਜਾਣਾ ਉਸਦੇ ਨਾਲ ਨਾਲ ਚੌਵੀ ਘੰਟੇ ਤਣਾਅ ਵਿੱਚ ਰਹਿਣਾ, ਇਹ ਵੀ ਹਾਰਟ ਅਟੈਕ ਦੇ ਕਾਰਨ ਬਣ ਸਕਦੇ ਹਨ। ਸਾਡਾ ਗੀਤ ਸੰਗੀਤ, ਸਾਡਾ ਵਿਰਸਾ, ਜਿਸ ਵਿੱਚ ਗਾਇਕਾਂ ਨੇ ਆਪਣਾ ਪੰਜਾਬ ਹੋਵੇ, ਘਰ ਦੀ ਸ਼ਰਾਬ ਹੋਵੇ ਤੋ ਇਲਾਵਾ ਚਿੱਟਾ, ਕਾਲੀ ਨਾਗਣੀ, ਬੰਦੂਕਾਂ ਏਕੇ 47. ਆਦਿ ਪ੍ਰਮੋਟ ਕੀਤੀਆਂ ਹੋਣ ਉਥੇ ਭਵਿਖ ਅਤੇ ਜਵਾਨੀ ਤੋ ਆਸ ਵੀ ਕੀ ਕੀਤੀ ਜਾ ਸਕਦੀ ਹੈ। ਗੀਤਾਂ ਦੀਆਂ ਵੀਡੀਓਜ਼ ਵਿਚ ਅਸਲ ਸੱਚਾਈ ਤੋ ਕਿਤੇ ਪਰੇ ਦਾ ਸਮਾਜ ਦਿਖਾਇਆ ਜਾਂਦਾ ਹੈ, ਜਿਥੇ ਮਹਿੰਗੀਆਂ ਕਾਰਾਂ, ਬਰੈਂਡਿਡ ਕੱਪੜੇ, ਨੰਗਜ਼, ਅਸਲਾ, ਨਸ਼ਾ. ਸ਼ਰਾਬ, ਆਦਿ ਨੂੰ ਵਧਾ ਚੜਾਅ ਕੇ ਪੇਸ਼ ਕੀਤਾ ਹੋਵੇ, ਉਸ ਤੋ ਕਿਹੋ ਜਿਹੇ ਸੱਭਿਆਚਾਰ ਦੀ ਆਸ ਕਰਾਂਗੇ? ਅੱਗੇ ਬੱਚਿਆਂ ਦੀ ਰੁਚੀ ਸਕੂਲ ਕਾਲਜਾਂ ਤੋ ਇਲਾਵਾ ਖੇਡਾਂ ਵੱਲ ਹੁੰਦੀ ਸੀ। ਛੁੱਟੀ ਤੋ ਬਾਅਦ ਬਚੇ ਘਰੋ ਬਾਹਰ ਖੇਡਦੇ ਸਨ, ਪਰ ਹੁਣ ਉਹ ਖੇਡਾਂ ਵਗੈਰਾ ਛੱਡ, ਬਾਕੀ ਸਮਾਂ ਆਪਣੇ ਫੋਨਾਂ 'ਤੇ ਬਿਤਾਉਂਦੇ ਹਨ. ਫੋਨ ਜਾਂ ਸ਼ੋਸ਼ਲ ਮੀਡੀਏ 'ਤੇ ਉਹ ਸਭ ਜਾਣਕਾਰੀ ਉਪਲਬਧ ਹੈ ਜਿਸ ਦੀ ਬੱਚਿਆਂ ਨੂੰ ਲੋੜ ਵੀ ਨਹੀਂ ਹੈ. ਬੱਚੇ ਉਮਰ ਤੋ ਪਹਿਲਾਂ ਹੀ ਸਭ ਕੁਝ ਸਿੱਖ ਲੈਂਦੇ ਹਨ. ਬੱਚਿਆਂ ਦੀ ਜ਼ਿੰਦਗੀ ਵਿੱਚ ਆਉਣ ਵਾਲੇ ਇਸ ਨਿਘਾਰ ਵਿਚ, ਕਿਤੇ ਨਾ ਕਿਤੇ ਮਾਪਿਆਂ ਵੱਲੋ ਦਿੱਤੀ ਲੋੜ ਤੋ ਵੱਧ ਖੁੱਲ ਸਾਡਾ ਸਮਾਜ, ਸੰਗੀਤ ਅਤੇ ਖਾਸਕਰ ਸਿਨੇਮੇ ਵਿੱਚ ਜੋ ਪਰੋਸਿਆ ਜਾ ਰਿਹਾ ਹੈ, ਦਾ ਵੱਡਾ ਰੋਲ ਹੈ। ਬੱਚੇ ਜੋ ਦੇਖਦੇ ਹਨ. ਉਹੋ ਜਿਹਾ ਬਣਨਾ ਚਾਹੁੰਦੇ ਹਨ।

ਅੱਜ ਦੇ ਸਮਾਜ ਵਿੱਚ ਸਾਡੇ ਬੱਚਿਆਂ ਦੇ ਰੋਲ ਮਾਡਲ ਅਧਿਆਪਕ ਜਾਂ ਮਾਪੇ ਘੱਟ ਤੇ ਸਾਡੇ ਸਿੰਗਰ ਵਧ ਹਨ, ਮਾਪਿਆਂ ਤੋ ਵੱਧ ਬੱਚਿਆਂ ਨੂੰ ਸੇਧ ਕੌਣ ਦੇ ਸਕਦਾ ਹੈ? ਸਾਡੇ ਬੱਚਿਆਂ ਨੂੰ ਵੀ ਸੋਚਣ ਅਤੇ ਸਮਝਣ ਦੀ ਲੋੜ ਹੈ. ਗਲਤ ਅਤੇ ਸਹੀ ਦੀ ਚੋਣ ਕਰਨ ਦੀ ਸੋਝੀ ਅਤੇ ਆਪਣੇ ਸੁਪਨਿਆਂ ਅਤੇ ਸਮਾਜ ਪ੍ਰਤੀ ਜਾਗਰੂਕ ਹੋਣ ਦੀ ਲੋੜ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚੇ ਨੂੰ ਕੈਨੇਡਾ ਭੇਜਣ ਤੋਂ ਪਹਿਲਾਂ ਉਹਨਾਂ ਨੂੰ ਚੰਗੀ ਤਰ੍ਹਾਂ ਸਮਝਾਇਆ ਜਾਵੇ।

ਇੱਥੇ ਆਉਣ ਵਾਲੀਆਂ ਮਸਕਿਲਾਂ ਤੋਂ ਜਾਣੂ ਕਰਵਾਉਣ ਪੜ੍ਹਾਈ, ਜੌਬ ਨਾਲ ਘਰ ਦੇ ਕੰਮ ਕਰਨ ਉਹਨਾਂ ਨੂੰ ਲੋਕਾਂ ਵਿਚ ਕਿੱਦਾਂ ਵਿਚਰਨਾ ਹੈ। ਉਹਨਾਂ ਨੂੰ ਦੱਸਣ ਕਿ ਕੋਈ ਵੀ ਗਲਤ ਕੰਮ ਕਰਣ ਨਾਲ ਉਹਨਾਂ ਨੂੰ ਕੀ ਨੁਕਸਾਨ ਹੋ ਸਕਦਾ, ਕਈ ਵਾਰ ਨਿੱਕੀ ਜਿਹੀ ਕੀਤੀ ਗਲਤੀ ਉਹਨਾਂ ਦੀ ਜ਼ਿੰਦਗੀ ਤਬਾਹ ਕਰ ਸਕਦੀ ਹੈ। ਜਿਸ ਵੀ ਸ਼ਹਿਰ ਵਿਚ ਬੱਚੇ ਨੂੰ ਪੜ੍ਹਨ ਲਈ ਭੇਜਣਾ ਹੈ, ਚਾਹੇ ਉਹ ਸਰੀ' ਵੈਨਕੂਵਰ, ਟੋਰਾਂਟੋ, ਵਿਨੀਪੈਗ, ਔਟਵਾ ਜਾਂ ਕੋਈ ਵੀ ਸ਼ਹਿਰ ਹੋਵੇ, ਉਸ ਸ਼ਹਿਰ ਦੀ ਆਨਲਾਇਨ ਜਾਣਕਾਰੀ ਹਾਸਲ ਕਰਨ, ਇਹ ਜਾਨਣ ਕਿ ਉਥੋਂ ਦੀ ਆਰਥਿਕ ਦਸ਼ਾ ਕਿਹੋ ਜਿਹੀ ਹੈ। ਰਹਿਣ ਲਈ ਜਗ੍ਹਾ ਮਿਲ ਜਾਵੇਗੀ...?? ਕੀ ਉੱਥੇ ਜੌਬ ਜਾਂ ਕੰਮ ਆਸਾਨੀ ਨਾਲ ਮਿਲ ਵੀ ਸਕਦਾ ਹੈ ?? ਕੀ ਤੁਹਾਡਾ ਉਥੇ ਕੋਈ ਰਿਸ਼ਤੇਦਾਰ ਜਾਂ ਕੋਈ ਜਾਣਕਾਰ ਰਹਿੰਦਾ ਹੈ,??? ਬੱਚਿਆਂ ਨੂੰ ਆਉਣ ਤੋ ਪਹਿਲਾ ਘਰ ਦੇ ਕੰਮ ਸਿਖਾਓ, ਘੱਟੋ ਘੱਟ ਰੋਟੀ ਬਣਾਉਣੀ ਸਿਖਾਓ, ਕੋਈ ਵੀ ਖਾਣੇ ਜੋ ਛੇਤੀ ਅਤੇ ਘਟ ਸਮੇਂ ਵਿੱਚ ਬਣ ਸਕਦੇ ਹੋਣ , ਬੱਚਿਆਂ ਨੂੰ ਕੁਕਿੰਗ ਕਲਾਸਾਂ ਲਵਾ ਸਕਦੇ ਹੋ। ਸਮੇਂ ਨੂੰ ਕਿਵੇਂ ਸਹੀ ਤਰੀਕੇ ਨਾਲ ਵਰਤਣਾ ਹੈ ਆਦਿ ਯੂਨੀਵਰਸਿਟੀਆਂ ਨੂੰ ਵੀ ਚਾਹੀਦਾ ਹੈ ਕਿ ਉਹ ਆਪਣੀ ਮੁਢਲੀ ਜਾਣਕਾਰੀ ਓਰੀਐਂਟੇਸ਼ਨ ਦਾ ਸਮਾਂ ਜੇਕਰ ਚਾਰ ਘੰਟੇ ਹੈ ਤਾਂ ਘੱਟੋ ਘੱਟ ਦੋ ਦਿਨ ਦੀ ਕੀਤੀ ਜਾਵੇ, ਜਿਸ ਵਿੱਚ ਬੱਚਿਆਂ ਨੂੰ ਨਵੇਂ ਮੁਲਕ ਦੇ ਕਨੂੰਨ ਅਤੇ ਰਹਿਣ ਸਹਿਣ ਦੇ ਤਰੀਕਿਆਂ ਜਾਂ ਸਲੀਕਿਆਂ ਬਾਰੇ ਜਾਣਕਾਰੀ ਦਿੱਤੀ ਜਾਵੇ, ਜਿਸ ਵਿੱਚ ਕੰਮ ਕਿਵੇਂ ਲੱਭਣਾ, ਬੈਂਕਿੰਗ ਕਿਵੇਂ ਕਰਨੀ, ਮੁਫਤ ਟੈਕਸ ਕਿਵੇਂ ਭਰਨਾ, ਸਸਤੀ ਗਰੋਸਰੀ ਕਿੱਥੋ ਖਰੀਦਣੀ, ਮੁਸ਼ਕਲ ਜਾਂ ਐਮਰਜੈਂਸੀ ਵਿਚ ਕਿੱਥੇ ਜਾਣਾ. ਫੂਡ ਬੈਂਕ, ਫਰੀ ਕੌਂਸਲਿੰਗ ਜਾਂ ਨਵੇਂ ਆਉਣ ਵਾਲਿਆਂ ਲਈ ਜੋ ਵੀ ਸਹੂਲਤਾਂ ਉਪਲਬਧ ਹਨ ਉਹਨਾਂ ਬਾਰੇ ਜਾਣਕਾਰੀ ਦੇਣੀ ਆਦਿ. ਜੇ ਕੋਈ ਲੋਕਲ ਸੰਸਥਾਵਾਂ ਹਨ ਉਹਨਾਂ ਤੱਕ ਪਹੁੰਚ ਕਿਵੇਂ ਕਰਨੀ, ਜੇਕਰ, ਬੱਚਿਆਂ ਕੋਲ ਏਨੀ ਕੁ ਜਾਣਕਾਰੀ ਹੋਵੇਗੀ ਤਾਂ ਉਹ ਆਪਣੇ ਆਪ ਨੂੰ ਇਕੱਲਾ ਮਹਿਸੂਸ ਨਹੀ ਕਰਨਗੇ. ਮਾਪਿਆਂ ਨੂੰ ਇੱਕ ਬੇਨਤੀ ਹੈ ਕਿ ਜਿੱਥੇ ਤੁਸੀ ਬੱਚਿਆਂ ਨੂੰ ਭੇਜਣ ਉੱਤੇ ਲੱਖਾਂ ਰੁਪਏ ਖਰਚ ਕਰਦੇ ਹੋ, ਕਾਲਜਾਂ ਦੀਆਂ ਏਨੀਆਂ ਫੀਸਾਂ ਦਿੰਦੇ ਹੋ, ਉਥੇ ਬੱਚਿਆਂ ਦੀ ਇੰਸ਼ੋਰੈਂਸ ਜ਼ਰੂਰ ਕਰਵਾ ਕੇ ਭੇਜਿਆ ਕਰੋ। ਤੁਸੀਂ ਉਸ ਇਸੋਰੈਂਸ ਦੇ ਆਪ ਬੈਨੇਫਿਸਰੀ ਬਣ ਸਕਦੇ ਹੋ, ਰੱਬ ਨਾ ਕਰੇ ਬੱਚਾ ਬਿਮਾਰ ਹੋ ਜਾਂਦਾ ਹੈ ਜਾਂ ਕੋਈ ਅਨਹੋਣੀ ਵਾਪਰ ਜਾਂਦੀ ਹੈ ਤਾਂ ਮੈਡੀਕਲ ਦਾ ਫਿਕਰ ਨਹੀਂ ਰਹਿੰਦਾ।

**ਵਿਦਿਆਰਥੀ ਕੌਂਸਲਿੰਗ ਲਈ :**

ਪਿਕਸ ਵਾਲਿਆਂ ਤੋ ਰਿਜ਼ੂਮ ਬਣਾਉਣ ਲਈ ਇਹਨਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਇਹ ਕੰਮ ਲੱਭਣ ਵਿੱਚ ਵੀ ਮਦਦ ਕਰਦੇ ਹਨ, ਜੇਕਰ ਤੁਸੀ ਪੰਜਾਬ/ਭਾਰਤ ਵਿਚ ਕਿਤੇ ਵਲੰਟੀਅਰ ਵਜੋਂ ਕੰਮ ਕੀਤਾ ਉਹ ਤੁਸੀ ਆਪਣੇ ਰਿਜ਼ੂਮ ਵਿਚ ਵੀ ਲਿਖ ਸਕਦੇ ਹੋ।

ਜਿਹੜੇ ਬੱਚੇ ਜਾਂ ਪਰਿਵਾਰ ਸਰੀ ਜਾਂ ਨੇੜੇ ਦੇ ਸ਼ਹਿਰਾਂ ਵਿਚ ਨਵੇਂ ਆਉਂਦੇ ਹਨ, ਉਹ ਗੁਰੂ ਨਾਨਕ ਫੂਡ ਬੈਂਕ ਤੋ ਛੇ ਮਹੀਨੇ ਤੱਕ ਦੀ ਫਰੀ ਗਰੋਸਰੀ ਲੈ ਸਕਦੇ ਹਨ. ਇਹਨਾਂ ਵੱਲੋਂ ਵਿਦਿਆਰਥੀਆਂ ਨੂੰ ਮੈਟਰੈਸ ਅਤੇ ਬਿਸਤਰਾ ਵੀ ਦਿੱਤਾ ਜਾਂਦਾ ਹੈ। ਇਹਨਾਂ ਦੀਆਂ ਦੋ ਸ਼ਾਖਾਵਾਂ ਹਨ ਸਰੀ ਅਤੇ ਐਬਟਸਫੋਰਡ ਵਿੱਚ ਤੁਸੀ ਆਉਣ ਤੋਂ ਪਹਿਲਾਂ ਇਸ ਵੈਬਸਾਇਟ www.gnfb.ca 'ਤੇ ਰਜਿਸਟਰ ਕਰ ਸਕਦੇ ਹੋ. ਕੇ ਪੀ ਯ ਦੇ ਹੀਰੇ, ਟੀਮ ਵੀ ਕੇਅਰ। ਇਹ ਨਵੇਂ ਆਏ ਵਿਦਿਆਰਥੀਆਂ ਦੀ ਮਦਦ ਕਰਦੇ ਹਨ ਉਹਨਾਂ ਨੂੰ ਰਹਿਣ ਲਈ ਜਗ੍ਹਾ ਲੱਭਣ ਵਿਚ ਮਦਦ ਕਰਦੇ ਹਨ, ਕੰਮ ਲੱਭਣ ਵਿੱਚ ਮਦਦ ਕਰਦੇ ਹਨ, ਨਵੇਂ ਆਏ ਵਿਦਿਆਰਥੀਆਂ ਨੂੰ ਏਅਰਪੋਰਟ ਤੋ ਰਾਈਡ ਵੀ ਦਿੰਦੇ ਹਨ। ਇਹ ਗਰੁੱਪ ਵਿਦਿਆਰਥੀਆਂ ਨੇ ਨਵੇਂ ਆਉਣ ਵਾਲ਼ੇ ਵਿਦਿਆਰਥੀਆਂ ਲਈ ਬਣਾਏ ਹਨ। ਸਰੀ ਵਿਚ "ਹੋਪ ਸੇਵਾ ਸੁਸਾਇਟੀ" ਨੂੰ ਵੀ ਪਹੁੰਚ ਕੀਤੀ ਜਾ ਸਕਦੀ ਹੈ। ਉਮੀਦ ਹੈ ਕਿ ਇਸ ਜਾਣਕਾਰੀ ਨਾਲ ਕਿਸੇ ਨਾ ਕਿਸੇ ਦੀ ਮਦਦ ਜ਼ਰੂਰ ਹੋਵੇਗੀ।



ਦਵਿੰਦਰ ਕੌਰ ਖੁਸ਼ ਧਾਲੀਵਾਲ ,ਖੋਜਕਰਤਾ ,ਪੂਰਕੋਟ (ਮੋਗਾ )ਗੁਰੂ ਨਾਨਕ ਚੇਅਰ ,ਚੰਡੀਗੜ੍ਹ ਯੂਨੀਵਰਸਿਟੀ ,8847227740

# ਸੱਚਾ ਦੋਸਤ



ਇੱਕ ਵਾਰ ਦੀ ਗੱਲ ਹੈ ਕਿ ਇੱਕ ਜੰਗਲ ਵਿੱਚ ਬਹੁਤ ਸਾਰੇ ਜਾਨਵਰਾਂ ਦੇ ਨਾਲ -ਨਾਲ ਦੋ ਸੁਨਹਿਰੇ ਕੱਛੂ ਵੀ ਰਹਿੰਦੇ ਸਨ। ਇੱਕ ਥੋੜ੍ਹਾ ਭਾਰੀ ਹੋਣ ਕਰਕੇ ਉਸਦਾ ਨਾਂ ਮੋਟੂ ਤੇ ਦੂਜਾ ਛੋਟਾ ਹੋਣ ਕਰਕੇ ਉਸਦਾ ਨਾਂ ਛੋਟੂ ਸੀ। ਮੋਟੂ ਤੇ ਛੋਟੂ ਵਿੱਚ ਦੋਸਤੀ ਬੜੀ ਪੱਕੀ ਸੀ। ਮੋਟੂ ਤੇ ਛੋਟੂ ਜਿੱਥੇ ਵੀ ਜਾਂਦੇ ਦੋਵੇਂ ਇਕੱਠੇ ਹੀ ਜਾਂਦੇ ਸਨ। ਇੱਕ ਦਿਨ ਜੰਗਲ ਵਿੱਚ ਸ਼ਿਕਾਰੀਆ ਦਾ ਇੱਕ ਟੋਲਾ ਸ਼ਿਕਾਰ ਕਰਨ ਦੇ ਲਈ ਆਇਆਂ। ਉਨ੍ਹਾਂ ਨੇ ਕਈ ਜਾਨਵਰਾਂ ਦਾ ਸ਼ਿਕਾਰ ਵੀ ਕੀਤਾ। ਪਤਾ ਨਹੀਂ ਕਿਵੇਂ ਉਨ੍ਹਾਂ ਦੇ ਇੱਕ ਕਰਿੰਦੇ ਨੂੰ ਸੁਨਹਿਰੀ ਕੱਛੂਆਂ ਦੇ ਜੋੜੇ ਦੇ ਬਾਰੇ ਵਿੱਚ ਪਤਾ ਚੱਲ ਗਿਆ। ਉਸਨੇ ਇਸਦੇ ਬਾਰੇ ਦੇ ਵਿੱਚ ਆ ਕੇ ਆਪਣੇ ਲੀਡਰ ਨੂੰ ਦੱਸਿਆ। "ਮਾਲਕ ਜੰਗਲ ਵਿੱਚ ਸੁਨਹਿਰੇ ਕੱਛੂਆਂ ਦਾ ਜੋੜਾ ਰਹਿੰਦਾ ਹੈ।"

"ਸੁਨਹਿਰੇ ਕੱਛੂਆਂ ਦਾ ਜੋੜਾ..........!"

"ਹਾਂ ਜੀ ਸੁਨਹਿਰੇ ਕੱਛੂਆਂ ਦਾ ਜੋੜਾ।"

"ਰਾਮਦੀਨ ਉਨ੍ਹਾਂ ਦੀ ਤਾਂ ਅੰਤਰਰਾਸ਼ਟਰੀ ਮੰਡੀ ਵਿੱਚ ਬਹੁਤ ਮੰਗ ਹੈ। ਆਪਾਂ ਉਹਨਾਂ ਨੂੰ ਜਿਉਂਦੇ ਹੀ ਫੜਨਾਂ ਹੈ। ਤੂੰ ਪਤਾ ਕਰ ਉਹ ਜੰਗਲ ਦੇ ਕਿਹੜੇ ਹਿੱਸੇ ਵਿੱਚ ਰਹਿੰਦੇ ਹਨ।"

"ਮਾਲਕ ਉਹ ਦੋਨੋਂ ਤਲਾਅ ਵਾਲੇ ਪਾਸੇ ਰਹਿੰਦੇ ਹਨ।"

"ਬਹੁਤ ਵਧੀਆ ਤੂੰ ਕੱਲ੍ਹ ਸਵੇਰੇ ਹੀ ਉਹਨਾਂ ਦੇ ਰਸਤੇ ਵਿੱਚ ਤਿਲਕਣੇ ਪੱਥਰ ਰੱਖ ਦੇਈ ਤਾਂ ਜੋ ਉਹ ਉਨ੍ਹਾਂ ਉੱਤੋ ਤਿਲਕ ਕੇ ਪੁੱਠੇ ਹੋ ਜਾਣ ਤੇ ਭੱਜ ਨਾ ਸਕਣ। ਯਾਦ ਰੱਖੀ ਆਪਾਂ ਉਨ੍ਹਾਂ ਨੂੰ ਜਿਉਂਦੇ ਹੀ ਫੜਨਾਂ ਹੈ।"

"ਠੀਕ ਹੈ ਮਾਲਕ ਸਵੇਰੇ ਇਸੇ ਤਰ੍ਹਾਂ ਹੀ ਕਰਾਂਗਾ ਜੀ।" ਆਖ ਉਹ ਚਲਾ ਜਾਂਦਾ ਹੈ। ਅਗਲੀ ਸਵੇਰ ਉਹ ਉਸੇ ਤਰ੍ਹਾਂ ਹੀ ਕਰਦਾ ਹੈ। ਦੂਜੇ ਪਾਸੇ ਮੋਟੂ ਤੇ ਛੋਟੂ ਦੋਨੋਂ ਗੱਲਾਂ ਕਰਦੇ ਬੇਧਿਆਨੇ ਤੁਰੇ ਆ ਰਹੇ ਹੁੰਦੇ ਹਨ। ਅਚਾਨਕ ਮੋਟੂ ਤਿਲਕਣੇ ਪੱਥਰ ਉੱਤੇ ਚੜ ਜਾਂਦਾ ਹੈ ਤੇ ਤਿਲਕ ਕੇ ਪੁੱਠਾ ਹੋ ਕੇ ਡਿੱਗਦਾ ਹੈ। ਸ਼ਿਕਾਰੀਆ ਦਾ ਟੋਲਾ ਦੂਰ ਬੈਠਾ ਇਹ ਸਭ ਦੇਖ ਰਿਹਾ ਹੁੰਦਾ ਹੈ। ਉਨ੍ਹਾਂ ਨੂੰ ਦੂਜੇ ਕੱਛੂ ਦੇ ਵੀ ਪੁੱਠੇ ਡਿੱਗਣ ਦਾ ਇੰਤਜ਼ਾਰ ਹੁੰਦਾ ਹੈ।

"ਛੋਟੂ ਮੈਨੂੰ ਲੱਗਦਾ ਹੈ ਇਹ ਪੱਥਰ ਆਪਾਂ ਨੂੰ ਫਸਾਉਣ ਲਈ ਜਾਣਬੁੱਝ ਕੇ ਸੁੱਟੇ ਗਏ ਹਨ। ਤੂੰ ਆਪਣੀ ਜਾਨ ਬਚਾ ਤੇ ਇੱਥੋ ਦੂਰ ਚਲਾ ਜਾਹ।"

"ਨਹੀਂ ਮੋਟੂ ਜੇ ਮੈਂ ਜਾਵਾਂਗਾ ਤਾਂ ਤੈਨੂੰ ਨਾਲ ਹੀ ਲੈ ਕੇ ਜਾਵਾਂਗਾ ਨਹੀਂ ਤਾਂ ਦੋਨੋਂ ਇਕੱਠੇ ਹੀ ਮਰਾਂਗੇ।" ਛੋਟੂ ਮੋਟੂ ਨੂੰ ਸਿੱਧਾ ਕਰਨ ਲਈ ਜੋਰ ਲਗਾਉਣ ਲੱਗ ਜਾਂਦਾ ਹੈ। ਭਾਵੇਂ ਇਹ ਕੰਮ ਉਸਦੇ ਲਈ ਬਹੁਤ ਔਖਾ ਹੀ ਨਹੀਂ ਲਗਭਗ ਅਸੰਭਵ ਹੀ ਸੀ ਪਰ ਛੋਟੂ ਵਾਰ-ਵਾਰ ਮੋਟੂ ਨੂੰ ਟੱਕਰ ਮਾਰਦਾ ਰਿਹਾ।

"ਛੋਟੂ ਤੈਨੂੰ ਰੱਬ ਦਾ ਵਾਸਤਾ , ਤੂੰ ਮੈਨੂੰ ਛੱਡ ਕੇ ਚਲਾ ਜਾਹ ਨਹੀਂ ਤਾਂ ਦਰਿੰਦੇ ਸ਼ਿਕਾਰੀ ਤੈਨੂੰ ਵੀ ਫੜ੍ ਲੈਣਗੇ।"

"ਨਹੀਂ ਮੋਟੂ ਮੈਂ ਤੈਨੂੰ ਇਕੱਲੇ ਛੱਡ ਕੇ ਨਹੀਂ ਜਾਣਾ।" ਛੋਟੂ ਆਪਣੀ ਗੱਲ ਉੱਤੇ ਅੜਿਆ ਹੋਇਆਂ ਸੀ। ਅੰਤ ਛੋਟੂ ਪੂਰੇ ਜੋਸ਼ ਨਾਲ ਮੋਟੂ ਨੂੰ ਧੱਕਾ ਮਾਰਦਾ ਹੈ ਤੇ ਆਪਣੀ ਕੋਸ਼ਿਸ਼ ਵਿੱਚ ਸਫ਼ਲ ਵੀ ਹੋ ਜਾਂਦਾ ਹੈ। ਮੋਟੂ ਸਿੱਧਾ ਹੋ ਜਾਂਦਾ ਹੈ। ਇਸ ਤੋ ਪਹਿਲਾਂ ਸ਼ਿਕਾਰੀ ਉਨ੍ਹਾਂ ਦੇ ਕੋਲ ਆਉਂਦੇ ਉਹ ਦੋਨੋਂ ਤੇਜ਼ੀ ਨਾਲ ਸੰਘਣੇ ਜੰਗਲ ਵਿੱਚ ਚਲੇ ਜਾਂਦੇ ਹਨ।

ਇਸ ਤਰ੍ਹਾਂ ਛੋਟੂ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਆਪਣੇ ਦੋਸਤ ਦੀ ਜਾਨ ਬਚਾ ਲੈਂਦਾ ਹੈ।

ਸਿੱਖਿਆ:-ਸੱਚਾ ਦੋਸਤ ਉਹ ਹੁੰਦਾ ਹੈ, ਜੋ ਮੁਸੀਬਤ ਸਮੇਂ ਤੁਹਾਡੇ ਕੰਮ ਆਉਂਦਾ ਹੈ।

ਸੰਦੀਪ ਦਿਉੜਾ
8437556667

# ਵਾਹ ਵਾਹ ਛਿੜ ਪਈ ਦਰਬਾਰ

ਵਾਹ ਵਾਹ ਛਿੜ ਪਈ ਦਰਬਾਰ ।
ਖ਼ਲਕ ਤਮਾਸ਼ੇ ਆਈ ਯਾਰ ।
ਅਸਾਂ ਅੱਜ ਕੀ ਕੀਤਾ ਤੇ ਕੱਲ੍ਹ ਕੀ ਕਰਨਾ ਭੱਠ ਅਸਾਡਾ ਆਇਆ,
ਐਸੀ ਵਾਹ ਕਿਆਰੀ ਬੀਜੀ ਚਿੜੀਆਂ ਖੇਤ ਵੰਜਾਇਆ,
ਜਿਹੜੇ ਮਗਰ ਪਿਆਦੇ ਲੱਗੇ ਉਠ ਚੱਲੇ ਪਹੁਤੇ ਤਾਰ ।
ਵਾਹ ਵਾਹ ਛਿੜ ਪਈ ਦਰਬਾਰ ।
ਇੱਕ ਉਲ੍ਹਾਮਾ ਸਈਆਂ ਦਾ ਹੈ ਦੂਜਾ ਹੈ ਸੰਸਾਰ,
ਨੰਗ ਨਮੂਜ਼ (ਨਾਮੂਸ) ਏਥੋਂ ਦੇ ਏਥੇ, ਲਾਹ ਪਗੜੀ ਭੋਇੰ ਮਾਰ,
ਨਾਮ ਸਾਈ ਦੇ ਕੰਡੇ ਲਵਾਏ ਖਿਲ ਪਈ ਗੁਲਜ਼ਾਰ ।

ਵਾਹ ਵਾਹ ਛਿੜ ਪਈ ਦਰਬਾਰ ।
ਨੱਢਾ ਗਿਰਦਾ ਬੁੱਢਾ ਗਿਰਦਾ ਆਪੋ ਆਪਣੀ ਵਾਰੀ,
ਕੀ ਬੀਵੀ ਕੀ ਬਾਂਦੀ ਲੌਂਡੀ ਕੀ ਧੋਬਣ ਭਠਿਆਰੀ,
ਅਮਲਾਂ ਸੇਤੀ ਹੋਣ ਨਬੇੜੇ ਨਬੀ ਲੰਘਾਵੇ ਪਾਰ ।
ਵਾਹ ਵਾਹ ਛਿੜ ਪਈ ਦਰਬਾਰ ।
ਬੁੱਲ੍ਹਾ ਸ਼ਹੁ ਨੂੰ ਵੇਖਣ ਜਾਵੇ ਆਪਣਾ ਬਹਾਨਾ ਕਰਦਾ,
ਗੁਣੋ ਗੁਣੀ ਭਾਂਡੇ ਘੜ ਕੇ ਠੀਕਰੀਆਂ ਕਰ ਧਰਦਾ,
ਇਹ ਤਮਾਸ਼ਾ ਵੇਖ ਕੇ ਚੱਲ ਅਗਲਾ ਵੇਖ ਬਜ਼ਾਰ ।
ਵਾਹ ਵਾਹ ਛਿੜ ਪਈ ਦਰਬਾਰ ।

# ਅੱਜ ਤੱਕ ਲੂੰ ਕੰਡੇ ਖੜ੍ਹੇ ਹੋ ਜਾਂਦੇ ਹਨ ਅੱਤਵਾਦ ਦੌਰਾਨ ਕੀਤੀ ਇਲੈਕਸ਼ਨ ਡਿਊਟੀ ਯਾਦ ਕਰ ਕੇ



ਕਰੀਬ 32 ਸਾਲ ਪਹਿਲਾਂ ਚੋਣ ਕਮਿਸ਼ਨ ਨੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ 22 ਜੂਨ 1991 ਨੂੰ ਕਰਾਉਣ ਦਾ ਫੈਸਲਾ ਲਿਆ ਸੀ। ਅੱਤਵਾਦ ਕਾਰਨ ਪੰਜਾਬ 1985 ਵਿੱਚ ਗਵਰਨਰ ਰਾਜ ਹੇਠ ਆਇਆ ਸੀ ਤੇ ਉਸ ਤੋਂ ਬਾਅਦ ਹੋਣ ਵਾਲੀਆਂ ਇਹ ਪਹਿਲੀਆਂ ਵਿਧਾਨ ਸਭਾ ਚੋਣਾਂ ਸਨ। ਉਸ ਵੇਲੇ ਪੰਜਾਬ ਵਿੱਚ ਅੱਤਵਾਦ ਦਾ ਸਿਖਰ ਸੀ ਤੇ ਅੱਤਵਾਦੀਆਂ ਵੱਲੋਂ ਐਨਾ ਖੂਨ ਖਰਾਬਾ ਕੀਤਾ ਗਿਆ ਸੀ ਕਿ ਮਜ਼ਬੂਰ ਹੋ ਕੇ ਚੋਣ ਕਮਿਸ਼ਨ ਨੂੰ 21 ਜੂਨ ਦੀ ਰਾਤ ਚੋਣਾਂ ਰੱਦ ਕਰਨੀਆਂ ਪਈਆਂ। ਮੈਂ 1990 ਵਿੱਚ ਬਤੌਰ ਏ.ਐਸ.ਆਈ. ਭਰਤੀ ਹੋਇਆ ਸੀ ਤੇ ਟਰੇਨਿੰਗ ਦੇ ਦੌਰਾਨ ਹੀ ਇੰਸਪੈਕਟਰ ਦੀਆਂ ਪੋਸਟਾਂ ਨਿਕਲੀਆਂ ਤੇ ਮੈਂ ਸਲੈਕਟ ਹੋ ਗਿਆ ਸੀ। ਪਰ ਬਦਕਿਸਮਤੀ ਕਾਰਨ 15 ਮਈ ਨੂੰ ਸਾਡੀ ਲਿਸਟ ਆਊਟ ਹੋਈ ਤੇ ਤਿੰਨ ਦਿਨ ਬਾਅਦ ਹੀ ਚੋਣ ਜ਼ਾਬਤਾ ਲੱਗ ਗਿਆ ਜਿਸ ਕਾਰਨ ਸਾਡਾ ਸਾਰਾ ਬੈਚ ਡਿਊਟੀ ਜੌਇਨ ਕਰਨ ਤੋਂ ਰਹਿ ਗਿਆ। ਇਨ੍ਹਾਂ ਚੋਣਾਂ ਦਾ ਕਾਂਗਰਸ ਨੇ ਬਾਈਕਾਟ ਕੀਤਾ ਸੀ ਪਰ ਬਾਕੀ ਸਾਰੀਆਂ ਪਾਰਟੀਆਂ ਚੋਣਾਂ ਲੜ ਰਹੀਆਂ ਸਨ। ਸਭ ਤੋਂ ਅਜੀਬ ਗੱਲ ਇਹ ਹੋਈ ਸੀ ਕਿ 80 ਤੋਂ ਵੱਧ ਸੀਟਾਂ ਤੇ ਪੰਜਾਬ ਦੇ ਚੋਟੀ ਦੇ ਅੱਤਵਾਦੀਆਂ ਦੇ ਰਿਸ਼ਤੇਦਾਰ ਅਤੇ ਹਮਾਇਤੀ ਬਤੌਰ ਅਜ਼ਾਦ ਉਮੀਦਵਾਰ ਚੋਣ ਲੜ ਰਹੇ ਸਨ। ਉਨ੍ਹਾਂ ਨੇ ਐਲਾਨ ਕਰ ਦਿੱਤਾ ਕਿ ਸਾਡੀ ਸਰਕਾਰ ਬਣਦੇ ਸਾਰ ਪਿਛਲੀਆਂ ਸਾਰੀਆਂ ਭਰਤੀਆਂ ਰੱਦ ਕਰ ਦਿੱਤੀਆਂ ਜਾਣਗੀਆਂ ਤੇ ਦੁਬਾਰਾ ਭਰਤੀਆਂ ਕਰ ਕੇ ਆਪਣੇ ਬੰਦੇ ਭਰਤੀ ਕੀਤੇ ਜਾਣਗੇ। ਇਹ ਐਲਾਨ ਸੁਣ ਕੇ ਸਾਡੇ ਬੈਚ ਦੇ ਪੈਰਾਂ ਥੱਲਿਉਂ ਜ਼ਮੀਨ ਖਿਸਕ ਗਈ ਕਿ ਸਾਡੀ ਇੰਸਪੈਕਟਰੀ ਤਾਂ ਹੁਣ ਗਈ। ਉਸ ਵੇਲੇ ਚੋਣ ਕਮਿਸ਼ਨ ਦਾ ਨਿਯਮ ਹੁੰਦਾ ਸੀ ਕਿ ਕਿਸੇ ਵੀ ਉਮੀਦਵਾਰ ਦੇ ਮਰਨ 'ਤੇ ਉਸ ਹਲਕੇ ਦੀ ਚੋਣ ਮੁਅੱਤਲ ਕਰ ਦਿੱਤੀ ਜਾਂਦੀ ਸੀ। ਅੱਤਵਾਦੀ ਇਨ੍ਹਾਂ ਚੋਣਾਂ ਵਿੱਚ ਡਬਲ ਗੇਮ ਖੇਡ ਰਹੇ ਸਨ, ਇੱਕ ਪਾਸੇ ਤਾਂ ਉਹ ਆਪਣੀ ਵਿਚਾਰਧਾਰਾ ਵਾਲੇ ਉਮੀਦਵਾਰਾਂ ਨੂੰ ਜਿਤਾਉਣ ਲਈ ਵੋਟਰਾਂ ਨੂੰ ਧਮਕਾ ਰਹੇ ਸਨ ਪਰ ਦੂਸਰੇ ਪਾਸੇ ਮੁੱਖ ਧਾਰਾ ਵਾਲੀਆਂ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਕਤਲ ਕਰ ਰਹੇ ਸਨ। ਇਨ੍ਹਾਂ ਚੋਣਾਂ ਵਿੱਚ ਰਿਕਾਰਡ 24 ਉਮੀਦਵਾਰਾਂ ਸਮੇਤ 87 ਪ੍ਰਮੁੱਖ ਸਿਆਸੀ ਵਿਅਕਤੀ ਕਤਲ ਹੋਏ ਸਨ। ਪਿੰਡਾਂ ਵਿੱਚ ਸ਼ਰ੍ਹੇਆਮ ਸਪੀਕਰਾਂ 'ਤੇ ਐਲਾਨ ਕੀਤੇ ਜਾਂਦੇ ਸਨ ਕਿ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਵੋਟਾਂ ਪਾਉਣ ਵਾਲਿਆਂ ਨੂੰ ਸਣੇ ਪਰਿਵਾਰ ਸੋਧ ਦਿੱਤਾ ਜਾਵੇਗਾ। ਹੱਦ ਉਦੋਂ ਹੋ ਗਈ ਜਦੋਂ ਅੱਤਵਾਦੀਆਂ ਨੇ ਲੁਧਿਆਣਾ ਨੇੜੇ ਪੰਜਾਬ ਦੇ ਇਤਿਹਾਸ ਦਾ ਸਭ ਤੋਂ ਵੱਡਾ ਕਤਲੇਆਮ ਕਰ ਦਿੱਤਾ। 15 ਜੂਨ 1991 ਵਾਲੇ ਦਿਨ ਬੱਦੋਵਾਲ ਸਟੇਸ਼ਨ (ਲਧਿਆਣਾ) ਦੇ ਨਜ਼ਦੀਕ ਦੋ ਮੁਸਾਫਰ ਟਰੇਨਾਂ ਨੂੰ ਰੋਕ ਕੇ ਇੱਕ ਫਿਰਕੇ ਨਾਲ ਸਬੰਧਿਤ 80 ਬੇਗੁਨਾਹਾਂ ਨੂੰ ਕਤਲ ਤੇ 50 ਦੇ ਕਰੀਬ ਨੂੰ ਜ਼ਖਮੀ ਕਰ ਦਿੱਤਾ ਗਿਆ।



ਬਲਰਾਜ ਸਿੰਘ ਸਿੱਧੂ ਏ.ਆਈ.ਜੀ (ਰਿਟਾ.)
ਪੰਡੋਰੀ ਸਿੱਧਵਾਂ 9501100062

ਉਸ ਸਮੇਂ ਮੈਂ ਫਰੀਦਕੋਟ ਜਿਲ੍ਹੇ ਵਿਖੇ ਤਾਇਨਾਤ ਸੀ ਤੇ ਫਿਲੌਰ ਤੋਂ ਬੇਸਿਕ ਟਰੇਨਿੰਗ ਕਰ ਕੇ ਨਵਾਂ ਨਵਾਂ ਹੀ ਵਾਪਿਸ ਆਇਆ ਸੀ। ਚੋਣਾਂ ਵਿੱਚ ਮੇਰੀ ਵੀ ਡਿਊਟੀ ਲੱਗ ਗਈ ਤੇ ਮੈਨੂੰ ਇੱਕ ਪੋਲਿੰਗ ਪਾਰਟੀ ਦਾ ਸੁਰੱਖਿਆ ਇੰਚਾਰਜ ਬਣਾ ਕੇ 10 ਪੁਲਿਸ ਅਤੇ ਹੋਮਗਾਰਡ ਦੇ ਜਵਾਨਾਂ ਸਮੇਤ ਸਾਦਿਕ ਥਾਣੇ ਦੇ ਇੱਕ ਪਿੰਡ ਵਿੱਚ ਵੋਟਾਂ ਪਵਾਉਣ ਲਈ ਭੇਜ ਦਿੱਤਾ ਗਿਆ। ਅੱਜ ਕਲ੍ਹ ਤਾਂ ਚੋਣ ਅਮਲਾ ਬੱਸਾਂ ਵਿੱਚ ਜਾਂਦਾ ਹੈ, ਪਰ ਉਨ੍ਹਾਂ ਦਿਨਾਂ ਵਿੱਚ ਟਰੱਕ ਯੂਨੀਅਨ ਤੋਂ ਵਗਾਰ ਵਿੱਚ ਲਿਆਂਦੇ ਟੁੱਟੇ ਭੱਜੇ ਟਰੱਕਾਂ ਵਿੱਚ ਜਾਇਆ ਕਰਦੇ ਸੀ। ਰੱਬ ਰੱਬ ਕਰਦੇ ਕਿ ਰਾਹ ਵਿੱਚ ਕਿਤੇ ਅੱਤਵਾਦੀਆਂ ਨੇ ਬਾਰੂਦੀ ਸੁਰੰਗ ਨਾ ਲਗਾਈ ਹੋਵੇ, ਅਸੀਂ ਸੁੱਖੀ ਸਾਂਦੀ ਸ਼ਾਮ 6 ਕੁ ਵਜੇ ਸਕੂਲ ਵਿੱਚ ਪਹੁੰਚ ਗਏ। ਅੱਗੇ ਪਿੰਡ ਦੇ ਸਰਕਾਰੀ ਹਾਈ ਸਕੂਲ ਦੀ ਹਾਲਤ ਸਾਡੇ ਟਰੱਕ ਨਾਲੋਂ ਵੀ ਬੁਰੀ ਸੀ, ਨਾ ਕੋਈ ਦੀਵਾਰ ਤੇ ਨਾ ਬਿਜਲੀ ਦਾ ਕੁਨੈੱਕਸ਼ਨ। ਬਿਜਲੀ ਤਾਂ ਉਦੋਂ ਪਿੰਡਾਂ ਵਿੱਚ ਵੈਸੇ ਵੀ ਘੱਟ ਵੱਧ ਹੀ ਆਉਂਦੀ ਹੁੰਦੀ ਸੀ। ਖੈਰ ਮਾਸਟਰਾਂ ਨੇ ਸਮਾਨ ਉਤਾਰ ਕੇ ਇੱਕ ਕਮਰੇ ਵਿੱਚ ਟਿਕਾ ਲਿਆ ਤੇ ਕਾਗਜ਼ ਪੱਤਰ ਆਦਿ ਪੂਰੇ ਕਰਨ ਲੱਗ ਪਏ। ਸਾਨੂੰ ਆਇਆਂ ਵੇਖ ਕੇ ਪਿੰਡ ਦਾ ਚੌਕੀਦਾਰ ਤੇ ਦੋ ਤਿੰਨ ਮੋਹਤਬਰ ਵਿਅਕਤੀ ਰੋਟੀ ਪਾਣੀ ਅਤੇ ਮੰਜੇ ਬਿਸਤਰਿਆਂ ਆਦਿ ਬਾਰੇ ਪੁੱਛਣ ਲਈ ਸਕੂਲ ਵਿੱਚ ਪਹੁੰਚ ਗਏ। ਅਸੀਂ ਉਨ੍ਹਾਂ ਨਾਲ ਗੱਲ ਬਾਤ ਕਰ ਹੀ ਰਹੇ ਸੀ ਕਿ ਪਿੰਡ ਦੇ ਧਾਰਮਿਕ ਸਥਾਨ ਦਾ ਸਪੀਕਰ ਗੂੰਜ ਉੱਠਿਆ, "ਸਾਰੇ ਮਾਈ ਭਾਈ ਧਿਆਨ ਨਾਲ ਨੋਟ ਕਰ ਲੈਣ। ਸਿੰਘਾਂ (ਅੱਤਵਾਦੀਆਂ) ਨੇ ਹੁਕਮ ਕੀਤਾ ਹੈ ਕਿ ਜਿਸ ਵੀ ਵਿਅਕਤੀ ਨੇ ਪੋਲਿੰਗ ਪਾਰਟੀ ਨੂੰ ਚਾਹ ਪਾਣੀ ਪਿਆਉਣ ਜਾਂ ਮੰਜੇ ਬਿਸਤਰੇ ਦੇਣ ਦੀ ਕੋਸ਼ਿਸ਼ ਕੀਤੀ, ਉਹ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ।"

ਅਜੇ ਅਸੀਂ ਆਪਸ ਵਿੱਚ ਮੰਜਿਆਂ ਦੀ ਗਿਣਤੀ ਤੇ ਰੋਟੀ ਸਬਜ਼ੀ ਜਾਂ ਮੁਰਗੇ ਨਾਲ ਖਾਣ ਬਾਰੇ ਸਲਾਹਾਂ ਕਰ ਹੀ ਰਹੇ ਸੀ ਕਿ ਅਨਾਊਂਮੈਂਟ ਸੁਣ ਕੇ ਸਾਰੇ ਮੋਹਤਬਰ ਗਧੇ ਦੇ ਸਿਰ ਤੋਂ ਸਿੰਗਾਂ ਵਾਂਗ ਗਾਇਬ ਹੋ ਗਏ। ਸਾਰਾ ਚੋਣ ਅਮਲਾ ਸਵੇਰ ਦਾ ਭੁੱਖਣ ਭਾਣਾ ਸੀ ਤੇ ਉਤੋਂ ਇਹ ਨਵੀਂ ਮੁਸੀਬਤ ਗਲ ਪੈ ਗਈ। ਸਾਡੇ ਨਾਲ ਜੱਗਾ ਜੁਗਾੜੀ ਨਾਮ ਦਾ ਇੱਕ ਹੌਲਦਾਰ ਸੀ ਜੋ ਕਾਫੀ ਦੇਰ ਤੱਕ ਥਾਣਾ ਸਾਦਿਕ ਵਿੱਚ ਤਾਇਨਾਤ ਰਿਹਾ ਸੀ ਤੇ ਉਸ ਪਿੰਡ ਵਿੱਚ ਉਸ ਦੀ ਪਤਨੀ ਦੇ ਨਾਨਕੇ ਸਨ। ਸਾਰਿਆਂ ਨੇ ਉਸ ਨੂੰ ਤਰਲੇ ਪਾਏ ਕਿ ਹੁਣ ਉਹ ਹੀ ਕੁਝ ਜੁਗਾੜ ਕਰੇ। ਉਸ ਨੇ ਕਿਹਾ ਕਿ ਮੰਜੇ ਬਿਸਤਰੇ ਲਿਆ ਕੇ ਤਾਂ ਮੈਂ ਰਿਸ਼ਤੇਦਾਰ ਖਤਰੇ ਵਿੱਚ ਨਹੀਂ ਪਾਉਣੇ ਕਿਉਂਕਿ ਸਾਰਿਆਂ ਨੇ ਵੇਖ ਲੈਣਾ ਹੈ, ਪਰ ਥੋੜ੍ਹਾ ਹਨੇਰਾ ਹੋਣ ਤੇ ਲੁਕ ਛਿਪ ਕੇ ਰੋਟੀਆਂ ਜਰੂਰ ਲੈ ਆਵਾਂਗਾ। ਉਹ ਨੌਂ ਕੁ ਵਜੇ ਗਿਆ ਤੇ ਦੋ ਘੰਟਿਆਂ ਬਾਅਦ 35 - 40 ਰੋਟੀਆਂ ਅਚਾਰ ਨਾਲ ਅਖਬਾਰ ਵਿੱਚ ਵਲੇਟ ਕੇ ਲੈ ਆਇਆ। ਐਨੀ ਦੇਰ ਲਾਉਣ ਦਾ ਕਾਰਨ ਪੁੱਛਣ 'ਤੇ ਉਸ ਨੇ ਦੱਸਿਆ ਕਿ ਅੱਤਵਾਦੀਆਂ ਤੋਂ ਡਰਦਿਆਂ ਪਹਿਲਾਂ ਤਾਂ ਰਿਸ਼ਤੇਦਾਰਾਂ ਨੇ ਦਰਵਾਜ਼ਾ ਹੀ ਨਹੀਂ ਖੋਲ੍ਹਿਆ। ਜਦੋਂ ਉਹ ਕੰਧ ਟੱਪ ਕੇ ਅੰਦਰ ਪਹੁੰਚਿਆ ਤਾਂ ਉਨ੍ਹਾਂ ਦੇ ਕੁੱਤੇ ਨੇ ਉਸ ਦੀ ਲੱਤ ਪਕੜ ਲਈ ਤੇ ਵਿਚਾਰੇ ਦਾ ਪਜਾਮਾ ਵੀ ਪਾਟ ਗਿਆ। ਉੱਤੋਂ ਮਾਮੇ ਸਹੁਰੇ ਨੇ 100 ਗਾਲ੍ਹਾਂ ਕੱਢੀਆਂ, "ਤੂੰ ਸਾਲਿਆ ਕਿੱਥੋਂ ਆਣ ਮਰਿਆਂ ਐਸ ਵੇਲੇ, ਸਾਡੇ ਬੱਚੇ ਮਰਵਾਉਣੇ ਈਂ ਅੱਤਵਾਦੀਆਂ ਤੋਂ?" ਪਰ ਵਿਚਾਰਾ ਐਨੀ ਬੇਇੱਜ਼ਤੀ ਕਰਵਾ ਕੇ ਵੀ ਰੋਟੀਆਂ ਲਿਆਉਣ ਵਿੱਚ ਕਾਮਯਾਬ ਹੋ ਹੀ ਗਿਆ। ਅਸੀਂ ਸਾਰਿਆਂ ਨੇ ਉਸ ਦਾ ਧੰਨਵਾਦ ਕੀਤਾ ਤੇ ਪਾਣੀ ਨਾਲ ਰੋਟੀਆਂ ਅੰਦਰ ਲੰਘਾ ਲਈਆਂ। ਐਨੀ ਭੁੱਖ ਲੱਗੀ ਸੀ ਕਿ ਅੱਜ ਤੱਕ ਮੈਨੂੰ ਕਦੇ ਰੋਟੀ ਦਾ ਐਨਾ ਆਨੰਦ ਨਹੀਂ ਆਇਆ। ਜੁਗਾੜੀ ਰੋਟੀ ਦੇ ਨਾਲ ਨਾਲ ਸਹੁਰਿਆਂ ਦੇ ਘਰੋਂ ਦੇਸੀ ਸ਼ਰਾਬ ਦੀਆਂ ਦੋ ਬੋਤਲਾਂ ਵੀ ਚੁੱਕ ਲਿਆਇਆ ਸੀ। ਦੋ ਤਿੰਨ ਪੁਲਿਸ ਮੁਲਾਜ਼ਮਾਂ ਅਤੇ ਚਾਰ ਕੁ ਮਾਸਟਰਾਂ ਨੂੰ ਛੱਡ ਕੇ ਬਾਕੀ ਸਾਰੇ ਟੱਲੀ ਹੋ ਗਏ। ਉਸ ਨੇ ਹੱਸਦੇ ਹੋਏ ਮੈਨੂੰ ਮਜ਼ਾਕ ਕੀਤਾ, "ਜ਼ਨਾਬ ਤੁਸੀਂ ਵੀ ਪੀ ਲਉ, ਅੱਤਵਾਦੀਆਂ ਦੀ ਗੋਲੀ ਵੱਜਣ ਦੀ ਪੀੜ ਨਹੀਂ ਹੋਵੇਗੀ।" ਰੋਟੀ ਖਾਣ ਤੋਂ ਬਾਅਦ ਸੌਣ ਦਾ ਪੰਗਾ ਪੈ ਗਿਆ। ਮੇਰੇ ਸਮੇਤ ਜਿਹੜੇ ਮੁਲਾਜ਼ਮ ਤੇ ਮਾਸਟਰ ਸੋਫੀ ਸਨ, ਉਹ ਕੰਧਾਂ ਕੌਲਿਆਂ ਨੂੰ ਹੱਥ ਪਾ ਕੇ ਛੱਤ 'ਤੇ ਚੜ੍ਹ ਗਏ ਤੇ ਸ਼ਰਾਬੀਆਂ ਨੇ ਐਨੀ ਗਰਮੀ ਵਿੱਚ ਵੀ ਅੱਤਵਾਦੀਆਂ ਤੋਂ ਡਰਦਿਆਂ ਕਮਰੇ ਵਿੱਚ ਵੜ ਕੇ ਕੁੰਡਾ ਮਾਰ ਲਿਆ। ਅਸੀਂ ਸਕੂਲ ਦੇ ਪੰਜ ਛੇ ਬੈਂਚ ਵੀ ਉੱਪਰ ਲੈ ਗਏ ਕਿ ਇਨ੍ਹਾਂ 'ਤੇ ਪੈ ਕੇ ਔਖੇ ਸੌਖੇ ਰਾਤ ਕੱਟ ਲਵਾਂਗੇ। ਪਰ ਥੱਲੇ ਪਏ ਸ਼ਰਾਬੀ ਮੁਲਾਜ਼ਮਾਂ ਦੇ ਖਰਾਸ ਵਾਂਗ ਚੱਲਦੇ ਘੁਰਾੜਿਆਂ, ਮੱਖੀਆਂ ਜਿੱਡੇ ਮੋਟੇ ਮੱਛਰਾਂ ਅਤੇ ਅੱਤਵਾਦੀਆਂ ਦੇ ਡਰ ਕਾਰਨ ਨੀਂਦ ਕਿਸ ਨੂੰ ਆਉਣੀ ਸੀ? ਸਵੇਰੇ ਅਸੀਂ ਵਾਰੀ ਵਾਰੀ ਸਕੂਲ ਦੇ ਨਲਕੇ ਤੋਂ ਨਹਾ ਰਹੇ ਸੀ ਕਿ ਕਲ੍ਹ ਵਾਲਾ ਟਰੱਕ ਛੇ ਸੱਤ ਮੁਲਾਜ਼ਮਾਂ ਦੀ ਰਾਖੀ ਹੇਠ ਦੁਬਾਰਾ ਸਕੂਲ ਵਿੱਚ ਆਣ ਵੜਿਆ। ਇੱਕ ਸਿਪਾਹੀ ਟਰੱਕ ਵੱਲ ਗਿਆ ਤੇ ਕੁਝ ਗੱਲ ਬਾਤ ਕਰਨ ਤੋਂ ਬਾਅਦ ਮੇਰੇ ਵੱਲ ਨੂੰ ਭੱਜ ਪਿਆ, "ਵਧਾਈ ਹੋਵੇ ਜ਼ਨਾਬ, ਵਧਾਈ ਹੋਵੇ ਬਚ ਗਈ ਤੁਹਾਡੀ ਇੰਸਪੈਕਟਰੀ, ਰਾਤੀਂ ਚੋਣਾਂ ਕੈਂਸਲ ਹੋ ਗਈਆਂ ਨੇ। ਚਲੋ ਭਾਈ ਚੁੱਕੋ ਸਮਾਨ ਤੇ ਵਾਪਸ ਚੱਲੀਏ।" ਖੁਸ਼ੀ ਨਾਲ ਮੇਰੇ ਅੱਥਰੂ ਨਿਕਲਣ ਵਾਲੇ ਹੋ ਗਏ। ਦੋ ਤਿੰਨ ਦਿਨਾਂ ਬਾਅਦ ਹੀ ਮੈਂ ਸੰਗਰੂਰ ਜਾ ਕੇ ਬਤੌਰ ਇੰਸਪੈਕਟਰ ਡਿਊਟੀ ਜੌਇਨ ਕਰ ਲਈ।

# ਆਈਲੈਟਸ ਕੇਂਦਰ

## ਪੰਜਾਬ ਦੀ ਬਰਬਾਦੀ ਦੇ ਅੱਡੇ !

ਬਰਬਾਦੀ ਸ਼ਬਦ ਦੀ ਵਰਤੋਂ ਆਮ ਤੌਰ 'ਤੇ ਉਹਨਾਂ ਥਾਵਾਂ ਜਾਂ ਕਾਰੋਬਾਰਾਂ ਲਈ ਵਰਤਿਆ ਜਾਂਦਾ ਹੈ, ਜਿੱਥੇ ਕਿਸੇ ਚੀਜ਼ ਦੀ ਹੋਂਦ ਦਾ ਨਾਮੋ-ਨਿਸ਼ਾਨ ਮਿਟ ਗਿਆ ਹੋਵੇ ਜਾਂ ਮਿੱਟਣ ਵਾਲਾ ਹੋਵੇ। ਜੇਕਰ ਅੱਜ-ਕੱਲ੍ਹ ਪੰਜਾਬ ਦੀ ਧਰਤੀ ਅਤੇ ਇਸਦੇ ਪਿੰਡਾਂ-ਸ਼ਹਿਰਾਂ ਵੱਲ ਧਿਆਨ ਨਾਲ ਨਜ਼ਰ ਮਾਰੀਏ ਤਾਂ ਇਸ ਤਰ੍ਹਾਂ ਮਹਿਸੂਸ ਹੋਵੇਗਾ, ਜਿਵੇਂ ਅਖੌਤੀ ਰੰਗਲਾ ਪੰਜਾਬ ਹੁਣ ਬਹੁਤ ਹੀ ਤੇਜ਼ੀ ਨਾਲ ਕੰਗਲਾ ਜਾਂ ਅੱਧ ਉਜੜੇ ਪੰਜਾਬ ਦੀ ਝਲਕ ਪੇਸ਼ ਕਰ ਰਿਹਾ ਹੋਵੇ। ਜਿੱਧਰ ਵੀ ਨਜ਼ਰ ਮਾਰੋ, ਸਾਰੇ ਹੀ ਪਿੰਡ ਜਾਂ ਸ਼ਹਿਰ ਇਸ ਤਰ੍ਹਾਂ ਨਜ਼ਰ ਆਉਂਦੇ ਹਨ, ਜਿਵੇਂ ਬੇ-ਵਕਤੀ ਤੇਜ਼ ਬਾਰਸ਼ ਅਤੇ ਵੱਡੇ ਵੱਡੇ ਗੜਿਆਂ ਨੇ ਵਿੱਚੋ ਵਿੱਚੋ ਕਿਸਾਨਾਂ ਦੀਆਂ ਪੱਕੀਆਂ ਫਸਲਾਂ ਬਰਬਾਦ ਕਰ ਦਿੱਤੀਆਂ ਹੋਣ। ਇਸ ਭਿਆਨਕ ਬਿਮਾਰੀ ਦਾ ਮੁੱਖ ਕਾਰਨ ਹੈ ਹਰ ਰੋਜ਼ ਖੁੰਬਾਂ ਦੀ ਤਰ੍ਹਾਂ ਉਗ ਰਹੇ ਜਾਂ ਕਹਿ ਲਵੋ ਖੁੱਲ੍ਹ ਗਏ ਅਣਗਣਿਤ ਆਈਲੈਟਸ ਕੇਂਦਰ। ਇਸ ਬਿਮਾਰੀ ਨੇ ਦੇਸ਼ ਅਤੇ ਖਾਸ ਕਰਕੇ ਸਾਰਾ ਪੰਜਾਬ ਘੇਰ ਲਿਆ। ਕਿਸੇ ਵੀ ਪਾਸੇ ਨਜ਼ਰ ਮਾਰੋ ਹਰ ਪਾਸੇ ਆਈਲੈਟਸ ਦੇ ਕੇਂਦਰ ਇਸ ਤਰ੍ਹਾਂ ਨਜ਼ਰ ਆਉਣਗੇ ਜਿਵੇਂ ਰੋਜ਼ਾਨਾ ਵਰਤੋ ਦੀਆਂ ਚੀਜ਼ਾਂ ਦੀ ਗਿਣਤੀ ਘਟ ਗਈ ਹੋਵੇ ਅਤੇ ਆਈਲੈਟਸ ਕੇਂਦਰਾਂ ਦੀ ਗਿਣਤੀ ਵਧ ਗਈ ਹੋਵੇ।

ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਵਿੱਚ ਆਈਲੈਟਸ ਕੇਂਦਰਾਂ ਦਾ ਇੱਕ ਹੜ੍ਹ ਜਿਹਾ ਆਇਆ ਜਾਪਦਾ ਹੈ। ਵਪਾਰਿਕ ਸੋਚ ਰੱਖਣ ਵਾਲੇ ਲੋਕਾਂ ਨੇ ਚੱਪੇ ਚੱਪੇ 'ਤੇ ਆਈਲੈਟਸ ਕੇਂਦਰ ਖੋਲ੍ਹਕੇ ਆਪਣੀ ਰੋਜ਼ੀ-ਰੋਟੀ ਦਾ ਜੁਗਾੜ ਬਣਾ ਲਿਆ। ਇਸ ਤਰ੍ਹਾਂ ਇਹ ਇੱਕ ਕਮਾਊ ਧੰਦਾ ਬਣਨ ਦੇ ਨਾਲ ਨਾਲ ਹੋਰ ਵੀ ਬਹੁਤ ਸਾਰੇ ਸਮਾਜਿਕ ਗਿਰਾਵਟ ਵਾਲੇ ਖਤਰਨਾਕ ਕਾਰਨਾਮਿਆਂ ਦੇ ਅੱਡਿਆਂ ਦਾ ਰੂਪ ਵੀ ਧਾਰਨ ਕਰ ਚੁੱਕੇ ਹਨ, ਜਿੱਥੇ ਨੇੜਲੇ ਇਲਾਕੇ ਦੇ ਲੜਕੇ ਲੜਕੀਆਂ ਗਲਤ ਸੰਗਤ ਵਿੱਚ ਪੈ ਕੇ ਬੁਰੀਆਂ ਆਦਤਾਂ ਦੇ ਸ਼ਿਕਾਰ ਹੋ ਰਹੇ ਹਨ। ਇੱਥੇ ਹੀ ਬੱਸ ਨਹੀਂ, ਥਾਂ-ਥਾਂ ਇਹ ਵੀ ਚਰਚਾ ਸੁਣਨ ਨੂੰ ਮਿਲਦੀ ਹੈ ਕਿ ਇੱਥੇ ਆਉਣ ਵਾਲੇ 75 ਫੀਸਦੀ ਤੋਂ ਉੱਪਰ ਲੜਕੇ ਲੜਕੀਆਂ ਕੁਸੰਗਤ ਦੇ ਨਾਲ ਨਾਲ ਹਰ ਤਰ੍ਹਾਂ ਦੇ ਨਸ਼ਿਆਂ ਦੇ ਆਦੀ ਹੋਣ ਤੋਂ ਇਲਾਵਾ ਵੱਡੀ ਪੱਧਰ 'ਤੇ ਨਸ਼ੇ ਇੱਧਰ-ਉੱਧਰ ਭੇਜਣ ਦਾ ਧੰਦਾ ਵੀ ਕਰਦੇ ਨਜ਼ਰ ਆਉਂਦੇ ਹਨ। ਇਹ ਵੀ ਸੁਣਿਆ ਗਿਆ ਹੈ ਆਮ ਲੋਕਾਂ ਵਿੱਚ ਇਹ ਵੀ ਚਰਚਾ ਹੈ ਕਿ ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਆਈਲੈਟਸ ਵਿੱਚੋਂ ਪਾਸ ਕਰਾਉਣ ਅਤੇ ਚੰਗੇ ਬੈਂਡ ਹਾਸਲ ਕਰਨ ਦੇ ਧੰਦੇ ਵਿੱਚ ਵੀ ਵਿਦਿਆਰਥੀਆਂ ਦਾ ਹਰ ਤਰ੍ਹਾਂ ਨਾਲ ਵੱਡੀ ਪੱਧਰ 'ਤੇ ਸ਼ੋਸ਼ਣ ਕੀਤਾ ਜਾਂਦਾ ਹੈ। ਇਹ ਬਿਮਾਰੀ ਇੰਨੀ ਤੇਜ਼ੀ ਨਾਲ ਫੈਲ ਗਈ ਕਿ ਵੱਡੀ ਗਿਣਤੀ ਵਿੱਚ ਇਸ ਅੱਗ ਦੇ ਦਰਿਆ ਵਿੱਚ ਅਖੌਤੀ ਰੰਗਲੇ ਪੰਜਾਬ ਦੀ 75 ਫੀਸਦੀ ਅਬਾਦੀ ਨੇ ਅੱਖਾਂ ਬੰਦ ਕਰਕੇ ਛਾਲ ਮਾਰਕੇ ਆਪਣੇ ਪੁਰਖਿਆਂ ਦੀ ਖ਼ੂਨ ਪਸੀਨੇ ਨਾਲ ਬਣਾਈ ਜਾਇਦਾਦ ਬਰਬਾਦ ਕਰ ਦਿੱਤੀ।

ਅੱਜ ਕੱਲ੍ਹ ਪਿੰਡਾਂ ਦੀਆਂ ਸੱਥਾਂ ਵਿੱਚ ਆਮ ਖੁੰਡ ਚਰਚਾ ਸੁਣਨ ਨੂੰ ਮਿਲੇਗੀ ਕਿ ਫਲਾਣੇ ਲਾਣੇਦਾਰਾਂ ਦਾ ਮੁੰਡਾ ਫਲਾਣੇ ਦੇਸ਼ ਵਿੱਚ ਗਿਆ ਸੀ, ਉਸ ਨੇ ਉਸ ਪਰਿਵਾਰ ਦੀ ਗਰੀਬੀ ਧੋ ਦਿੱਤੀ। ਇਹੀ ਚਰਚਾ ਵੀ ਘਰਾਂ ਵਿੱਚ ਸੁਣਨ ਨੂੰ ਮਿਲਦੀ ਹੈ ਕਿ ਢਿਮਕੇ ਦਾ ਮੁੰਡਾ ਕੈਨੇਡਾ ਗਿਆ ਸੀ, ਸੁਣਿਆ ਹੈ, ਉੱਥੇ ਉਸ ਨੇ ਟਰਾਲੇ ਪਾ ਲਏ ਹਨ, ਕਰੋੜਾਂ ਦਾ ਮਾਲਕ ਹੈ। ਇਹ ਵੀ ਸੁਣਿਆ ਹੈ ਕਿ ਫਿੱਡਿਆਂ ਦੇ ਦੀਪੇ ਦਾ ਘੁੰਨਾ ਅਤੇ ਤੋਤੀ ਘੁਮਿਆਰ ਦਾ ਮੁੰਡਾ ਠੋਲ੍ਹ ਆਸਟਰੇਲੀਆ ਗਏ ਸਨ, ਉਨ੍ਹਾਂ ਨੇ ਮਾਪਿਆਂ ਦੀ ਜ਼ਿੰਦਗੀ ਸੁਧਾਰ ਦਿੱਤੀ ਹੈ। ਹੁਣ ਜਦੋ ਵੀ ਉਹ ਡਾਲਰਾਂ ਦੀ ਅ ਪ ਡ ਬ ਨ੍ਹ



ਕੇ ਪਿੰਡ ਆਉਂਦੇ ਹਨ ਤਾਂ ਦੋ ਦੋ ਮਹੀਨੇ ਕਾਰਾਂ ਲੈ ਕੇ ਅਤੇ ਪੰਜ ਪੰਜ ਲੀਟਰਾਂ ਦੀਆਂ ਅੰਗਰੇਜ਼ੀ ਦਾਰੂ ਦੀਆਂ ਬੋਤਲਾਂ ਲੈ ਕੇ ਆਪਣੇ ਘਰ ਦੇ ਬਜ਼ੁਰਗਾਂ ਅਤੇ ਦੋਸਤਾਂ, ਮਿੱਤਰਾਂ ਦੇ ਨਾਲ ਨਾਲ ਆਪਣੇ ਰਿਸ਼ਤੇਦਾਰਾਂ ਨੂੰ ਮੌਜਾਂ ਦੇ ਝੂਟੇ ਦਿਵਾਉਂਦੇ ਨਜ਼ਰ ਆਉਂਦੇ ਹਨ।

ਇਹ ਖੁੰਡ ਚਰਚਾ ਦੀਆਂ ਗੱਲਾਂ ਅਤੇ ਰੀਸ ਦੀ ਅੱਗ ਦਾ ਸੇਕ ਆਮ ਘਰਾਂ ਦੀਆਂ ਦਹਿਲੀਜ਼ਾਂ ਦੀਆਂ ਵਿੱਥਾਂ ਵਿਚਦੀ ਦਾਖਲ ਹੋ ਕੇ ਹਜ਼ਾਰਾਂ ਘਰਾਂ ਨੂੰ ਆਪਣੇ ਬੱਚੇ ਬਾਹਰ ਭੇਜਣ ਲਈ ਮਜਬੂਰ ਕਰ ਦਿੰਦਾ ਹੈ। ਇਸ ਤੋਂ ਇਲਾਵਾ ਜੋ ਲੜਕੇ ਲੜਕੀਆਂ ਕੁਝ ਸਮਾਂ ਵਿਦੇਸ਼ਾਂ ਵਿੱਚ ਰਹਿਕੇ ਕਿਸੇ ਕਾਰਨ ਵਾਪਸ ਦੇਸ਼ ਆਉਂਦੇ ਹਨ, ਉਹ ਬਲਦੀ ਅੱਗ 'ਤੇ ਤੇਲ ਪਾਉਣ ਦਾ ਵਧੇਰੇ ਕੰਮ ਕਰਦੇ ਹਨ। ਉਹ ਜਦੋਂ ਵੀ ਦੇਸ਼ ਆਉਂਦੇ ਹਨ ਤਾਂ ਆਪਣੀ ਫੋਕੀ ਟੌਹਰ ਸਾਬਤ ਕਰਨ ਲਈ ਜਿਸ ਵੀ ਹਵਾਈ ਅੱਡੇ ਉੱਪਰ ਉੱਤਰਦੇ ਹਨ, ਹਵਾਈ ਅੱਡੇ ਦੇ ਬਾਹਰ ਖੁੱਲ੍ਹੀਆਂ ਨਕਲੀ ਵਿਦੇਸ਼ੀ ਕੱਪੜਿਆਂ ਦੀਆਂ ਦੁਕਾਨਾਂ ਤੋਂ ਵਿਦੇਸ਼ੀ ਮਾਰਕਾ ਚੀਜ਼ਾਂ ਸਸਤੀ ਕੀਮਤ 'ਤੇ ਖਰੀਦਕੇ ਬੈਗ ਭਰ ਲਿਆਉਂਦੇ ਹਨ, ਜਿਨ੍ਹਾਂ ਨੂੰ ਖੁਦ ਪਹਿਨਕੇ ਅਤੇ ਆਪਣੇ ਦੋਸਤਾਂ ਮਿੱਤਰਾਂ ਰਿਸ਼ਤੇਦਾਰਾਂ ਵਿੱਚ ਫੋਕੀ ਭੱਲ ਬਣਾਉਣ ਲਈ ਵੰਡਦੇ ਵੀ ਹਨ।

ਇੱਥੇ ਹੀ ਬੱਸ ਨਹੀਂ, ਬਹੁਤ ਸਾਰੇ ਬੱਚੇ ਤਾਂ ਵਿਦੇਸ਼ਾਂ ਵਿੱਚ ਆਪਣੇ ਵੱਲੋਂ ਡਾਲਰਾਂ ਦੇ ਰੂਪ ਕੀਤੀ ਜਾਂਦੀ ਕਮਾਈ ਜ਼ਾਹਰ ਕਰਨ ਲਈ ਹਵਾਈ ਅੱਡਿਆਂ ਦੇ ਬਾਹਰ ਨਕਲੀ ਸੋਨੇ ਅਤੇ ਹੀਰਿਆਂ ਦੀਆਂ ਦੁਕਾਨਾਂ ਤੋਂ ਸਸਤੇ ਰੇਟਾਂ ਤੇ ਖਰੀਦਕੇ ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ ਵਿੱਚ ਜਗਤ ਵਿਖਾਵੇ ਦੇ ਡਰਾਮੇ ਕਰਕੇ ਗੁਮਰਾਹ ਵੀ ਕਰਦੇ ਹਨ। ਲੜਕੇ ਤਾਂ ਬਿਨਾਂ ਆਬਕਾਰੀ ਟੈਕਸ ਤੋਂ ਹਵਾਈ ਅੱਡਿਆਂ ਵਿੱਚ ਮਿਲਦੀ ਕੋਈ ਸਸਤੀ ਵਿਸਕੀ ਦੀ ਪੰਜ ਲੀਟਰ ਵਾਲੀ ਬੋਤਲ ਲੈਕੇ ਆਪਣੇ ਘਰੇ ਹੀ ਦੋ ਦਿਨਾਂ ਵਿੱਚ ਪੀ ਕੇ ਫਿਰ ਉਸੇ ਵਿਦੇਸ਼ੀ ਵਿਸਕੀ ਵਾਲੀ ਪੰਜ ਲੀਟਰ ਦੀ ਬੋਤਲ ਵਿੱਚ ਆਪਣੇ ਦੇਸ਼ ਦੀ ਬਣੀ ਘਟੀਆ ਤੋਂ ਘਟੀਆ ਵਿਸਕੀ ਭਰਕੇ, ਵਿਦੇਸ਼ੀ ਵਿਸਕੀ ਕਹਿਕੇ, ਕਿਰਾਏ 'ਤੇ ਲੈ ਕੇ ਜਾਂ ਕੋਈ ਆਪਣੀ ਘਰੇ ਖੜ੍ਹੀ ਖਟਕਾਰਾਂ ਜਿਹੀ ਕਾਰ ਵਿੱਚ ਬੈਠਕੇ ਆਪਣੇ ਦੋਸਤਾਂ, ਰਿਸ਼ਤੇਦਾਰਾਂ ਅਤੇ ਖਾਸ ਕਰਕੇ ਉਨ੍ਹਾਂ ਲੋਕਾਂ ਪਾਸ ਚੱਕਰ ਲਾਉਂਦੇ ਹਨ, ਜਿਹੜੇ ਉਸ ਦੇ ਵਿਦੇਸ਼ ਜਾਣ 'ਤੇ ਈਰਖਾ ਕਰਦੇ ਸਨ ਜਾਂ ਮਖੌਲ ਉਡਾਉਂਦੇ ਸਨ। ਇਸ ਤਰ੍ਹਾਂ ਇਨ੍ਹਾਂ ਵਿਦੇਸ਼ੋਂ ਆਏ ਲੜਕੇ ਲੜਕੀਆਂ ਦੀ ਨਕਲੀ ਅਮੀਰੀ ਅਤੇ ਫੋਕੀ ਚਕਾਚੌਂਧ ਨੂੰ ਵੇਖਕੇ ਉਨ੍ਹਾਂ ਅਤੇ ਉਨ੍ਹਾਂ ਦੇ ਮਾਪਿਆ ਅੰਦਰ ਇੱਕ ਉਤਸੁਕਤਾ ਜਾਂ ਖ਼ਾਹਿਸ਼ ਪੈਦਾ ਹੁੰਦੀ ਹੈ। ਇਸ ਫੋਕੀ ਅਤੇ ਨਕਲੀ ਸ਼ੋਹਰਤ ਨੂੰ ਹਾਸਲ ਕਰਨ ਲਈ ਮਾਪੇ ਅਤੇ ਬੱਚੇ ਹਰ ਕੀਮਤ 'ਤੇ ਵਿਦੇਸ਼ ਜਾਣ ਲਈ ਆਪਣਾ ਅਤੇ ਆਪਣੇ ਮਾਪਿਆਂ ਦਾ ਸਭ ਕੁਝ ਦਾਅ 'ਤੇ ਲਾ ਦਿੰਦੇ ਹਨ। ਇੱਥੋਂ ਤਕ ਕਿ ਬੱਚੇ +2 (ਬਾਰ੍ਹਵੀਂ) ਪਾਸ ਕਰਦੇ ਹੀ ਆਈਲੈਟਸ ਦੇ ਅਗਨੀ ਦਰਿਆ ਵਿੱਚ ਛਾਲ਼ ਮਾਰ ਦਿੰਦੇ ਹਨ ਅਤੇ ਪੁਰਖਿਆਂ ਦੀ ਖ਼ੂਨ ਪਸੀਨੇ ਨਾਲ ਬਣਾਈ ਜਾਇਦਾਦ ਅਤੇ ਹੋਰ ਘਰ ਦੀ ਹਰ ਕੀਮਤੀ ਚੀਜ਼ ਵੇਚ ਕੇ ਵਿਦੇਸ਼ ਭੇਜਣ ਲਈ ਤਿਆਰੀ ਕਰ ਲੈਂਦੇ ਹਨ। ਇੰਜ 70% ਬੱਚਿਆਂ ਅਤੇ ਪਰਿਵਾਰਾਂ ਦੀ ਬਰਬਾਦੀ ਦਾ ਮੁੱਢ ਬੱਝ ਜਾਂਦਾ ਹੈ।

ਅੱਜ ਲੋੜ ਹੈ ਸਾਨੂੰ ਉਪਰੋਕਤ ਹਾਲਾਤ ਦੇ ਪੈਦਾ ਹੋਣ ਦੇ ਮੁੱਖ ਕਾਰਨਾਂ ਦੀ ਗੰਭੀਰਤਾ ਨਾਲ ਪੜਤਾਲ ਅਤੇ ਘੋਖ ਕਰਨ ਦੀ ਕਿ ਪੰਜਾਬ ਵਰਗੀ ਦੁਨੀਆਂ ਦੀ ਸਭ ਤੋਂ ਉਪਜਾਊ ਅਤੇ ਹਰ ਤਰ੍ਹਾਂ ਦੇ ਜਲਵਾਯੂ ਦੀ ਵਿਲੱਖਣਤਾ ਨਾਲ ਭਰਭੂਰ ਧਰਤੀ ਦੇ ਲੋਕ ਇੰਨੀ ਤੇਜ਼ੀ ਅਤੇ ਬੇਸਬਰੀ ਨਾਲ ਇੱਥੋਂ ਦੌੜ ਕਿਉਂ ਰਹੇ ਹਨ। ਜਦੋਂ ਵੀ ਕੋਈ ਬੁੱਧੀਮਾਨ ਜਾਂ ਚਿੰਤਕ ਆਦਮੀ ਇਸ ਗੱਲ ਦੀ ਤਹਿ ਤਕ ਜਾ ਕੇ ਪੜਤਾਲ ਕਰੇਗਾ ਤਾਂ ਇਹ ਗੱਲ ਖੁੱਲ੍ਹਕੇ ਸਾਹਮਣੇ ਆਵੇਗੀ ਕਿ ਪੰਜਾਬ ਦੇ ਲੜਕੇ-ਲੜਕੀਆਂ ਦਾ ਇਸ ਤਰ੍ਹਾਂ ਤੇਜ਼ੀ ਨਾਲ ਵਿਦੇਸ਼ਾਂ ਵੱਲ ਦੌੜਨ ਦਾ ਮੁੱਖ ਕਾਰਨ ਸਾਡੀਆਂ ਹੁਣ ਤਕ ਦੀਆਂ ਸਰਕਾਰਾਂ ਦਾ ਆਪਣੇ ਨਿੱਜੀ ਹਿਤਾਂ ਲਈ ਰਾਜ ਗੱਦੀਆਂ 'ਤੇ ਬਿਰਾਜ਼ਮਾਨ ਹੋਣਾ ਅਤੇ ਬੇਰੁਜ਼ਗਾਰ ਬੱਚਿਆਂ ਦੇ ਭਵਿੱਖ ਵੱਲ ਧਿਆਨ ਹੀ ਨਾ ਦੇਣਾ, ਸਿਰਫ ਅਤੇ ਸਿਰਫ ਆਪਣੇ ਲਈ ਜਾਂ ਆਪਣੇ ਸਕੇ ਸੰਬੰਧੀਆਂ ਦੇ ਨਾਲ ਨਾਲ ਆਪਣੇ ਚਮਚਿਆਂ, ਚਹੇਤਿਆਂ ਦੀ ਮਦਦ ਨਾਲ ਸਰਕਾਰੀ ਪੈਸਾ ਹੜੱਪ ਕਰਨਾ ਹੈ। ਇਸ ਤੋਂ ਇਲਾਵਾ ਇੱਕ ਹੋਰ ਕਰਨ ਕੁਝ ਸਾਲਾਂ ਬਾਅਦ ਵਿਦੇਸ਼ੋਂ ਆਏ ਲੜਕੇ-ਲੜਕੀਆਂ ਵੱਲੋਂ ਵਿਦੇਸ਼ਾਂ ਬਾਰੇ ਉੱਥੋਂ ਦੇ ਰਹਿਣ ਸਹਿਣ, ਕਮਾਈ ਅਤੇ ਉੱਥੋਂ ਦੀ ਐਸ਼ਪ੍ਰਸਤ ਜ਼ਿੰਦਗੀ ਦੀਆਂ ਰੰਗੀਨੀਆਂ ਦੇ ਨਾਲ ਨਾਲ ਬਹੁਤ ਸਾਰੇ ਹੋਰ ਤੱਥਾਂ ਦੀਆਂ ਦਿਲਕਸ਼ ਗੱਲਾਂ ਨੂੰ ਵਧਾ ਚੜ੍ਹਾ ਕੇ ਗਲਤ ਤੱਥਾਂ ਨੂੰ ਵੀ ਚੰਗੇ ਕਹਿ ਕੇ ਪੇਸ਼ ਕਰਨਾ ਹੈ। ਉਨ੍ਹਾਂ ਵੱਲੋਂ ਖਰਚਿਆਂ ਅਤੇ ਆਪਣੇ ਕਾਰੋਬਾਰੀ ਕਿੱਤੇ, ਆਮਦਨ ਅਤੇ ਹੋਰ ਚੀਜ਼ਾਂ ਦੀ ਆਜ਼ਾਦੀ ਦੀਆਂ ਗੱਲਾਂ ਕੁਝ ਆਪਣੇ ਕੋਲੋਂ ਲਾ ਕੇ ਵੀ ਬੱਚਿਆਂ ਅੰਦਰ ਵਿਦੇਸ਼ਾਂ ਵਿੱਚ ਜਾਣ ਦੀ ਚਟਕ ਲਾਉਣਾ ਵੀ ਬੱਚਿਆਂ ਨੂੰ ਵਿਦੇਸ਼ਾਂ ਵੱਲ ਖਿੱਚ ਦਾ ਇੱਕ ਵੱਡਾ ਕਾਰਨ ਹੈ। ਬਾਹਰੋਂ ਆਏ ਬੱਚੇ ਜਦੋਂ ਇੱਧਰ ਆਕੇ ਆਪਣੀ ਫੋਕੀ ਟੌਹਰ ਦਾ ਵਿਖਾਵਾ ਕਰਦੇ ਹਨ ਤਾਂ ਇਹ ਚਮਕ ਦਮਕ ਜਾਂ ਚਕਾਚੌਂਧ ਵੇਖਕੇ ਵੀ ਬੱਚੇ ਇਸ ਅੱਗ ਦੇ ਦਰਿਆ ਵਿੱਚ ਆਪਣਾ ਜੀਵਨ ਪਾਰ ਲਾਉਣ ਵਾਲੀ ਕਿਸ਼ਤੀ ਨੂੰ ਠੇਲ੍ਹ ਦਿੰਦੇ ਹਨ। ਇਸ ਕੰਮ ਵਿੱਚ ਭੇਡਚਾਲ ਦੀ ਬਿਮਾਰੀ ਵੀ ਬੱਚਿਆਂ ਨੂੰ ਵੱਡੀ ਗਿਣਤੀ ਵਿੱਚ ਖਿੱਚ ਦਾ ਕਾਰਨ ਬਣਾ ਰਹੀ ਹੈ।

ਉਪਰੋਕਤ ਹਾਲਾਤ ਉੱਪਰ ਕਾਬੂ ਪਾਉਣ ਲਈ ਮੌਕੇ ਦੀਆਂ ਸਰਕਾਰਾਂ ਨੂੰ ਤੁਰੰਤ ਧਿਆਨ ਦੇਣ ਦੀ ਲੋੜ ਹੈ ਅਤੇ ਬੱਚਿਆਂ ਨੂੰ ਹਰ ਖੇਤਰ ਵਿੱਚ ਰੋਜ਼ਗਾਰ ਦਾ ਪ੍ਰਬੰਧ ਕਰਨ ਦੇ ਨਾਲ ਨਾਲ ਸੂਬੇ ਵਿੱਚ ਨਿੱਤ ਨਵੇਂ ਖੁੰਬਾਂ ਦੀ ਤਰ੍ਹਾਂ ਉੱਘ ਰਹੇ ਆਈਲੈਟਸ ਕੇਂਦਰਾਂ 'ਤੇ ਪਾਬੰਦੀ ਲਗਾਉਣੀ ਚਾਹੀਦੀ ਹੈ ਅਤੇ ਪਹਿਲਾਂ ਖੁੱਲ੍ਹ ਚੁੱਕਿਆਂ ਉੱਪਰ ਸਖ਼ਤ ਸ਼ਰਤਾਂ ਤਹਿਤ ਪਾਬੰਦੀਆਂ ਲਾ ਦੇਣੀਆਂ ਚਾਹੀਦੀਆਂ ਹਨ ਕਿ ਉਹ ਸਾਲ ਵਿੱਚ ਇਸ ਤੋਂ ਜ਼ਿਆਦਾ ਬੱਚੇ ਦਾਖ਼ਲ ਨਹੀਂ ਕਰ ਸਕਦੇ। ਜੇਕਰ ਇਸ ਤਰ੍ਹਾਂ ਜਲਦੀ ਨਾ ਕੀਤਾ ਗਿਆ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਇੰਝ ਨਜ਼ਰ ਆਵੇਗਾ ਜਿਵੇਂ ਬੇਮੌਸਮੀ ਬਾਰਸ਼ ਪੈਣ ਕਾਰਨ ਕਿਸਾਨ ਦੇ ਕਣਕ ਦੇ ਖੇਤ ਵਿੱਚ ਉਜਾੜੇ ਜਾਂ ਫਸਲ ਦੀ ਬਰਬਾਦੀ ਦੇ ਚਿੰਨ੍ਹ ਨਜ਼ਰ ਆਉਂਦੇ ਹਨ। ਮੇਰਾ ਸੁਝਾਉ ਜਲਦੀ ਧਿਆਨ ਮੰਗਦਾ ਹੈ। ਜੇ ਚਿੜੀਆਂ ਖੇਤ ਹੀ ਚੁਗ ਗਈਆਂ ਤਾਂ ਫਿਰ ਪਛਤਾਉਣ ਨਾਲ ਕੁਝ ਵੀ ਪੱਲੇ ਨਹੀ ਪਵੇਗਾ।



ਜੰਗੀਰ ਸਿੰਘ ਦਿਲਬਰ

# ਸਾਈਬਰ ਫਰਾਡਾਂ ਤੋਂ ਸਾਵਧਾਨ!

## ਕੁੜੀ ਪੁੱਛੇਗੀ ਸਵਾਲ, ਇੱਕ ਬਟਨ ਦਬਾਉਂਦੇ ਹੀ ਤੁਸੀਂ ਹੋ ਜਾਓਗੇ ਖ਼ਾਲੀ!





ਸਾਈਬਰ ਕ੍ਰਾਈਮ ਦੇ ਖੇਤਰ 'ਚ ਲੋਕਾਂ ਦੀਆਂ ਜੇਬਾਂ 'ਤੇ ਡਾਕਾ ਮਾਰਨ ਲਈ ਕਈ ਠੱਗ ਤਿਆਰ ਬੈਠੇ ਰਹਿੰਦੇ ਹਨ। ਸਾਈਬਰ ਫਰਾਡ ਲਈ ਉਹ ਨਿੱਤ ਨਵੇਂ ਹੱਥਕੰਡੇ ਅਪਣਾ ਰਹੇ ਹਨ ਅਤੇ ਨਵੀਆਂ ਤਕਨੀਕਾਂ ਲੈ ਕੇ ਆ ਰਹੇ ਹਨ। ਇਸ ਵਾਰ ਵੀ ਠੱਗੀ ਦਾ ਨਵਾਂ ਤਰੀਕਾ ਮਾਰਕੀਟ ਵਿੱਚ ਆਇਆ ਹੈ। ਇਹ ਇੰਨਾ ਖਤਰਨਾਕ ਅਤੇ ਚਲਾਕੀ ਭਰਿਆ ਹੈ ਕਿ ਜਦੋਂ ਤੱਕ ਤੁਹਾਨੂੰ ਇਸ ਧੋਖਾਧੜੀ ਬਾਰੇ ਪਤਾ ਲੱਗੇਗਾ, ਉਦੋਂ ਤੱਕ ਤੁਹਾਡਾ ਬੈਂਕ ਖਾਤਾ ਖਾਲੀ ਹੋ ਜਾਵੇਗਾ। ਅਜਿਹੇ ਕਈ ਮਾਮਲੇ ਦਿੱਲੀ ਦੇ ਸਾਈਬਰ ਸੈੱਲ ਤੱਕ ਪਹੁੰਚ ਚੁੱਕੇ ਹਨ।

ਆਨਲਾਈਨ ਪੇਮੈਂਟ ਤੋਂ ਲੈ ਕੇ ਕ੍ਰੈਡਿਟ ਅਤੇ ਡੈਬਿਟ ਕਾਰਡ ਭੁਗਤਾਨਾਂ ਤੱਕ, ਕੋਈ ਵੀ ਸਹੂਲਤ ਆਨਲਾਈਨ ਲੈਣ ਤੋਂ ਬਾਅਦ ਕੰਪਨੀਆਂ ਅਤੇ ਬੈਂਕ ਅਕਸਰ ਤੁਹਾਨੂੰ ਕਾਲ ਕਰਦੇ ਹਨ ਅਤੇ ਫੀਡਬੈਕ ਲੈਂਦੇ ਹਨ। ਅੱਜਕੱਲ੍ਹ ਸਾਈਬਰ ਸੁਰੱਖਿਆ ਕਾਰਨ ਕਈ ਬੈਂਕਾਂ ਨੇ ਕੋਈ ਵੀ ਪੇਮੈਂਟ ਕਰਨ ਤੋਂ ਪਹਿਲਾਂ ਰਜਿਸਟਰਡ ਮੋਬਾਈਲ 'ਤੇ ਕਾਲ ਕਰਕੇ ਗਾਹਕ ਤੋਂ ਫੀਡਬੈਕ ਲੈਣਾ ਵੀ ਲਾਜ਼ਮੀ ਕਰ ਦਿੱਤਾ ਹੈ, ਤਾਂ ਜੋ ਹੋਰ ਕੋਈ ਬੰਦਾ ਗਾਹਕ ਨਾਲ ਪੈਸੇ ਦੀ ਠੱਗੀ ਨਾ ਕਰ ਸਕੇ।

ਹਾਲਾਂਕਿ, ਕਈ ਵਾਰ ਸਾਈਬਰ ਅਪਰਾਧੀ ਵੀ ਅਜਿਹੀਆਂ ਸਹੂਲਤਾਂ ਦੀ ਵਰਤੋਂ ਕਰਕੇ ਆਪਣਾ ਕੰਮ ਕਰ ਲੈਂਦੇ ਹਨ। ਤੁਹਾਨੂੰ ਯਾਦ ਹੋਵੇਗਾ ਕਿ ਕੋਰੋਨਾ ਦੇ ਆਉਣ ਤੋਂ ਬਾਅਦ ਜਦੋਂ ਟੀਕਾਕਰਨ ਹੋਇਆ ਸੀ, ਤਾਂ ਤੁਹਾਨੂੰ ਅਕਸਰ ਫੋਨ ਆਉਂਦਾ ਸੀ ਕਿ ਤੁਸੀਂ ਟੀਕਾਕਰਨ ਕਰਵਾ ਲਿਆ ਹੈ ਜਾਂ ਨਹੀਂ? ਕਿਰਪਾ ਕਰਕੇ ਜਵਾਬ ਦਿਓ ਅਤੇ ਟੀਕਾਕਰਨ ਕਰਵਾਓ। ਤੁਸੀਂ ਵੀ ਅਜਿਹਾ ਫੀਡਬੈਕ ਦਿੱਤਾ ਹੋਵੇਗਾ। ਹਾਲਾਂਕਿ, ਹੁਣ ਇੱਕ ਬਟਨ ਦਬਾਉਣ ਨਾਲ ਤੁਹਾਨੂੰ ਭਾਰੀ ਨੁਕਸਾਨ ਹੋ ਸਕਦਾ ਹੈ। ਦਿੱਲੀ ਪੁਲਿਸ ਨਾਲ ਜੁੜੇ ਸਾਈਬਰ ਮਾਹਿਰ ਕਿਸਲੇ ਚੌਧਰੀ ਦਾ ਕਹਿਣਾ ਹੈ ਕਿ ਇਸ ਵਾਰ ਇੱਕ ਹੋਰ ਸਾਈਬਰ ਫਰਾਡ ਮਾਰਕੀਟ ਵਿੱਚ ਆਇਆ ਹੈ। ਇਸ ਵਿੱਚ ਕਿਸੇ ਵੀ ਨੰਬਰ ਤੋਂ ਇੱਕ ਆਮ ਕਾਲ ਆਉਂਦੀ ਹੈ। ਉਥੋਂ ਇੱਕ ਕੁੜੀ ਦੀ ਆਵਾਜ਼ ਆਉਂਦੀ ਹੈ ਅਤੇ ਤੁਹਾਨੂੰ ਪੁੱਛਦੀ ਹੈ ਕਿ ਤੁਸੀਂ ਕੋਰੋਨਾ ਦਾ ਟੀਕਾ ਲਗਾਇਆ ਹੈ ਜਾਂ ਨਹੀਂ? ਜੇਕਰ ਹਾਂ ਤਾਂ ਇੱਕ ਦਬਾਓ, ਜੇਕਰ ਨਹੀਂ ਤਾਂ ਦੋ ਦਬਾਓ। ਆਮ ਤੌਰ 'ਤੇ, ਜਦੋਂ ਲੋਕਾਂ ਨੇ ਜਦੋਂ ਵੈਕਸੀਨ ਲਗਵਾਈ ਹੁੰਦੀ ਹੈ ਤਾਂ ਉਹ ਤੁਰੰਤ ਫੀਡਬੈਕ ਲਈ ਬਟਨ ਦਬਾਉਂਦੇ ਹਨ, ਅਤੇ ਇੱਥੋਂ ਹੀ ਖੇਡ ਸ਼ੁਰੂ ਹੁੰਦੀ ਹੈ।

ਕਿਸਲੇ ਦਾ ਕਹਿਣਾ ਹੈ ਕਿ ਜਿਵੇਂ ਹੀ ਤੁਸੀਂ ਇੱਕ ਜਾਂ ਦੋ ਬਟਨ ਦਬਾਉਂਦੇ ਹੋ ਤਾਂ ਤੁਹਾਡਾ ਫ਼ੋਨ ਹੈਂਗ ਹੋ ਜਾਵੇਗਾ। ਜਦੋਂ ਤੱਕ ਤੁਸੀਂ ਕੁਝ ਸਮਝੋਗੇ, ਤੁਹਾਡਾ ਫ਼ੋਨ ਸਾਈਬਰ ਹੈਕਰਾਂ ਦੇ ਹੱਥਾਂ ਵਿੱਚ ਆ ਚੁੱਕਾ ਹੋਵੇਗਾ ਅਤੇ ਤੁਹਾਡੇ ਖਾਤੇ ਵਿੱਚੋ ਪੈਸੇ ਉਡ ਜਾਣਗੇ। ਕੋਰੋਨਾ ਵੈਕਸੀਨ ਦੇ ਨਾਂ 'ਤੇ ਧੋਖਾਧੜੀ ਦੇ ਕਈ ਮਾਮਲੇ ਪੁਲਿਸ ਤੱਕ ਪਹੁੰਚ ਚੁੱਕੇ ਹਨ। ਇਸ ਲਈ ਪੁਲਿਸ ਵੀ ਲੋਕਾਂ ਨੂੰ ਇਸ ਬਾਰੇ ਸੁਚੇਤ ਕਰ ਰਹੀ ਹੈ ਅਤੇ ਬਿਨਾਂ ਕਿਸੇ ਕਾਰਨ ਕਿਸੇ ਵੀ ਕਾਲ ਦਾ ਜਵਾਬ ਦੇਣ ਤੋਂ ਬਚਣ ਲਈ ਕਹਿ ਰਹੀ ਹੈ।

ਕਿਸਲੇ ਦਾ ਕਹਿਣਾ ਹੈ ਕਿ ਸਾਈਬਰ ਅਪਰਾਧੀ ਇੰਨੇ ਚੁਸਤ ਹੁੰਦੇ ਹਨ ਕਿ ਉਹ ਜਾਣਦੇ ਹਨ ਕਿ ਕਿਸੇ ਵਿਅਕਤੀ ਨੂੰ ਕਿਵੇਂ ਫਸਾਉਣਾ ਹੈ। ਉਹ ਅਜਿਹੀਆਂ ਗੱਲਾਂ ਲੈ ਕੇ ਆ ਰਹੇ ਹਨ ਕਿ ਕਿਸੇ ਵਿਅਕਤੀ ਨੂੰ ਇਹ ਅਹਿਸਾਸ ਵੀ ਨਹੀਂ ਹੋਵੇਗਾ ਕਿ ਇਹ ਧੋਖਾਧੜੀ ਦਾ ਤਰੀਕਾ ਵੀ ਹੋ ਸਕਦਾ ਹੈ। ਇਸ ਲਈ ਬਹੁਤ ਸੁਚੇਤ ਰਹੋ। ਕੋਈ ਵੀ ਜੰਕ ਕਾਲ ਨਾ ਚੁੱਕੋ। ਜੇ ਚੁੱਕੀ ਗਈ ਹੈ ਤਾਂ ਕਿਸੇ ਕਿਸਮ ਦਾ ਜਵਾਬ ਨਾ ਦਿਓ।

## ਫ਼ਲਸਫ਼ਾ ਏ ਜ਼ਿੰਦਗੀ

ਅਬ ਤੋਂ ਨਾਂ ਚਾਹਤੇ ਹੂਏ ਭੀ ਹਮ ਜੀਏ ਜਾ ਰਹੇ ਹੈਂ
ਅੰਧੇਰੋ ਕੀ ਗੁਮਨਾਮਿਓਂ ਕੀ ਔਰ ਕਦਮ ਲੀਏ ਜਾ ਰਹੇ ਹੈ

ਵੋਹ ਸ਼ਿਕਾਇਤੇ ਅਦਾਵਤੇ ਰੁਖਸਤ ਹੁਈ ਤਮਾਮ ਅਬ
ਗੁਮਨਾਮਿਓਂ ਕੋ ਅਕਸ਼ੋਂ ਕੇ ਪੈਮਾਨੇ ਮੈਂ ਪੀਏ ਜਾ ਰਹੇ ਹੈ

ਕੋਈ ਭੀ ਸਾਥੀ ਨਾ ਰਹਾ ਆਪਣੇ ਜਿਸਮ ਕੇ ਸ਼ਿਵਾ
ਆਖਰੀ ਮੰਜਲੋ ਕੇ ਸਪਨੇ ਮੈਂ ਅਬ ਜੀਏ ਜਾ ਰਹੇ ਹੈਂ

ਕੋਈ ਇਨਸਾਫ਼ ਨਾ ਮਿਲਾ ਕਿਸੀ ਭੀ ਦਰਬਾਰ ਮੈਂ
ਬੱਸ ਇਸੀ ਮਸਲੇ ਕੋ ਲੇਕਰ ਹੋਠ ਸੀਏ ਜਾ ਰਹੇ ਹੋਂ

ਕਹਿਤੇ ਹੋਂ ਅਕਸਰ ਲੋਗ ਉੱਪਰ ਵਾਲਾ ਸਬ ਦੇਖਤਾ ਹੈ
ਫਿਰ ਕਿਉਂ ਅਹਿਲੇ ਜਹਾਂ ਮੈਂ ਲੋਗ ਸਿਤਮ ਕੀਏ ਜਾਰਹੇ ਹੈਂ

ਤਪੀਆ ਕੋਈ ਫਰਕ ਨਹੀਂ ਦਿਖਤਾ ਹਿਕਮਤ ਔਰ ਹਿਮਾਕਤ ਮੈ
ਦਫ਼ਨ ਹੂਏ ਇਲਮ ਜੋ ਮਦਰਸੋਂ ਮੇ ਅਕਸਰ ਦੀਏ ਜਾ ਰਹੇ ਹੈਂ।

ਕੀਰਤ ਸਿੰਘ ਤਪੀਆ, ਅੰਮ੍ਰਿਤਸਰ

KATARIA TOURS & TRAVEL
LOW AIR FARE | LOW AIR FARE | LOW AIR FARE | LOW AIR FARE
ਸਸਤੀਆਂ ਹਵਾਈ ਟਿਕਟਾਂ
We Provide visa for INDIA, UK, USA EUROPE, DUBAI & Other Countries and PR Card Application
Ph: 905.678.1200
Fax: 905.678.1201
Toll Free: 1.888.678.1201
Passport & I.D. Photo
Email: katariatravels@gmail.com
Web: www.katariatravels.com
Avtar Kataria
416.871.3676
2883 Derry Road East, Mississauga, ON. L4T 1A6

MANN TRAVELS & TOURS
IATA
ਮਾਨ ਟ੍ਰੈਵਲਜ਼ ਤੋਂ ਤੁਹਾਨੂੰ ਸਸਤੀਆਂ ਟਿਕਟਾਂ ਅਤੇ ਵਧੀਆ ਸੇਵਾਵਾਂ ਮਿਲਣਗੀਆਂ। ਵਧੇਰੇ ਜਾਣਕਾਰੀ ਲਈ ਅਮਰਜੀਤ ਸਿੰਘ ਮਾਨ ਨਾਲ ਸੰਪਰਕ ਕਰੋ।
Amarjit S. Mann
Springdale: 905-497-6300, 1098 Peter Robertson Blvd., #3 (Springdale) Brampton
Hamilton: 905-930-7700, 08-141 Highway 8, Stoney Creek
Brampton: 905-595-2000, 499 Raylawson Blvd., Unit #32, Brampton, ON
Markham: 416-603-1800, 45 Karachi Dr., Unit 45 Markham
Airport Rd.: 905-595-1700, 60 Cottrelle Blvd. Unit 12C, Brampton
India: 01624-223315-16-17, opp Union Bank of India Tehsil Rd, Jograon

SKYDOME GROUP OF COMPANIES
Ontario MINISTRY OF TRANSPORTATION Approved Repair Centre
FLEET DISCOUNTS
Towing Across North America
Daljit Singh Gaidhu
www.skydomeauto.ca
Drive Clean Test & Repair Facility
Specialize In:
• Paint, Collision
• Mechanical Work
• Fleet Paint & Body Work
• Insurance Claims Welcome
Satnam Singh, Satbir Singh, Inderpal Singh, InderJit Singh
www.skydomeauto.ca
http://skydomeauto.goldbook.ca
TIRES
4 Locations To Serve You! Head Office: 905-874-9878
SKYDOME AUTO & BODY CENTRE, 308 Rutherford Rd. Brampton, ON L6W 3K7, Office: 905-874-9878 | Fax: 905-874-9747, skydome_auto@hotmail.com
SKYDOME EMISSION & ALIGNMENT CENTRE, 210 RUTHERFORD RD SOUTH, OFFICE: 9054509878, FAX:-905-450-9808.
SKYDOMETRUCK CENTRE, 30 STAFFORD DR BRAMPTON, OFFICE: 905-460-1414, FAX: 905-460-9451
SKYDOME AUTO SALES, 30 STAFFORD DR, BRAMPTON, ON, L6W 1L4, DILJIT: 416-305-9878
ONTARIO'S DRIVE CLEAN

ASIAN FOOD CENTER
www.asianfoodcentre.ca
WHOLESALER & RETAILER
ਤਾਜ਼ੀਆਂ ਸਬਜ਼ੀਆਂ ਅਤੇ ਫ਼ਲਾਂ ਦੀ ਮੰਡੀ, ਸਸਤੀ ਗਰੋਸਰੀ
ਸੱਤ ਸਟੋਰਾਂ ਨਾਲ ਤੁਹਾਡੀ ਸੇਵਾ ਵਿੱਚ
10 Westmore Dr. Etobicoke, ON 416-740-3262
308 Eddystone Ave. North York, ON 416-740-3360
1075 Ceremonial Drive Mississauga, ON 905-502-1600
284 Orenda Road Unit#13 Brampton, ON 905-450-9167
621 Wanless Drive Brampton, ON 905-495-3336
80 Pertosa Drive Brampton, ON 905-460-0009
2120 North Park Dr Unit#106 Brampton, ON 905-793-1338